www.mehram.in

₹30

June 2020 ਜੂਨ

ਮਹਿਰਮ

ਪੰਜਾਬੀ ਮਾਸਿਕ

MEHRAM PUNJABI MONTHLY

ਕੋਰੋਨਾ ਆਰਥਿਕ ਪੈਕੇਜ ਤੇ ਭਾਰਤੀ ਜਨਤਾ

ਵਿੱਤ ਮੰਤਰੀ ਨੇ ਆਪਣੇ ਪੰਜ ਦਿਨਾਂ ਦੀਆਂ ਘੋਸ਼ਣਾਵਾਂ ਵਿਚ ਪਹਿਲੇ ਦਿਨ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ 3.5 ਲੱਖ ਕਰੋੜ ਰੁਪਏ ਦੀ ਵੰਡ ਕੀਤੀ ਜਿਸ ਨਾਲ ਕਿ 45 ਲੱਖ ਇਕਾਈਆਂ ਕੰਮ ਮੁੜ ਚਾਲੂ ਕਰਨ ਦੀ ਹਾਲਤ ਵਿਚ ਆ ਜਾਣਗੀਆਂ।

ਪੰਜਾਬੀ ਮਾਸਿਕ
ਮਹਿਰਮ
ਪਰੰਤੂ ਸਭਿਆਚਾਰਕ ਤੇ ਸਾਹਿਤਕ ਮਾਸਿਕ ਪੇਜ਼ਰ
ਪੰਜਾਬ ਤੇ ਪੰਜਾਬੀ ਦਾ
No. 1 ਮਾਸਿਕ ਮੈਗਜ਼ੀਨ

ਤਰਤੀਬ

E-Mail to:
editordesk@mehram.in
log on to www.mehram.in

20 ਚਲੰਤ
ਕੋਰੋਨਾ ਮਹਾਂਮਾਰੀ ਦੌਰਾਨ ਸਿੱਖਾਂ ਦੇ ਯੋਗਦਾਨ ਨੂੰ ਸੰਸਾਰ ਅਣਡਿੱਠ ਨਹੀਂ ਕਰ ਸਕਦਾ

22
ਸੰਸਾਰਿਕ ਵਾਇਰੋਲਿਆਂ ਦੇ ਤਾਦੀਸੰਕੇਤ ਦੀ ਦਾਸਤਾਨ

28
ਕੋਰੋਨਾ ਵਾਇਰਸ ਇਕ ਮਹਾਂਮਾਰੀ

ਚਲੰਤ

16
ਅਫ਼ਸਰਸ਼ਾਹ ਕੋਰੋਨਾ ਵਾਇਰਸ ਗ੍ਰਸਤ ਪੰਜਾਬ ਸਰਕਾਰ

ਪੰਜਾਬ ਜਦੋਂ ਕੋਰੋਨਾ ਵਾਇਰਸ-2019 (ਕੋਵਿਡ-19) ਨਾਲ ਬੁਰੀ ਤਰ੍ਹਾਂ ਨਢਾਲ ਹੋਇਆ ਪਿਆ ਹੈ, ਸਰਕਾਰ ਅਤੇ ਪ੍ਰਸ਼ਾਸਨ ਦੀ ਨਾ ਅਹਿਲੀਅਤ ਕਰਕੇ ਰਾਜ ਵਿਚੋਂ ਕਰੀਬ 50 ਲੱਖ ਪ੍ਰਵਾਸੀ ਕਾਮੇ ਲੁਧਿਆਣਾ, ਜਲੰਧਰ, ਗੋਬਿੰਦਗੜ੍ਹ, ਬਟਾਲਾ ਦੀਆਂ ਸਨਅੱਤਾਂ, ਵਿਸ਼ਾਲ ਖੇਤੀ ਸੈਕਟਰ ਖਾਲੀ ਕਰਕੇ ਪਲਾਇਨ ਕਰ ਗਏ, ਲੱਖਾਂ ਕਾਮੇ, ਨਿੱਜੀ ਕਾਰੋਬਾਰਾਂ ਨਾਲ ਜੁੜੇ ਛੋਟੇ ਲੋਕ ਬੇਕਾਰ ਹੋ ਚੁੱਕੇ ਹਨ, ਪੰਜਾਬ ਦੀ ਆਰਥਿਕਤਾ ਡੁੱਬਣ ਕਿਨਾਰੇ ਖੜ੍ਹੀ ਹੈ।

ਸਾਹਿਤ

37 "ਕੋਰੋਨਾ ਬਨਾਮ ਇਨਸਾਨੀਅਤ"
ਕੋਰੋਨਾ ਦੇ ਦੋਤ ਨੇ ਪੂਰੀ ਦੁਨੀਆ ਵਿਚ ਕਰੀਬ ਢਾਈ ਲੱਖ ਲੋਕਾਂ ਦੀ ਬਲੀ ਲੈ ਲਈ ਹੈ ਅਤੇ ਹਾਲੇ ਵੀ ਇਸ ਦਾ ਕਹਿਰ ਲਗਾਤਾਰ ਜਾਰੀ ਹੈ।

ਜ਼ਿੰਦਗੀ

50 ਘਰ ਤੋਂ ਬਾਹਰ ਕਸਰਤ ਕਰਦੇ ਸਮੇਂ ਸੋਸ਼ਲ ਡਿਸਟੈਂਸਿੰਗ ਵੀ ਜ਼ਰੂਰੀ
ਅਮਰੀਕੀ ਬੀਮਾਰੀ ਕੰਟਰੋਲ ਸੈਂਟਰ ਦੇ ਅਨੁਸਾਰ ਘਰੋਂ ਬਾਹਰ ਜਾਣ ਵਾਲੇ ਲੋਕਾਂ ਨੂੰ ਮਾਸਕ ਪਾਉਣਾ ਚਾਹੀਦਾ ਹੈ। ਇਸ ਨਾਲ ਦੌੜਦੇ ਸਮੇਂ ਆਪਣੇ ਨਾਲ ਦੂਜੇ ਲੋਕ ਵੀ ਸੁਰੱਖਿਅਤ ਰਹਿੰਦੇ ਹਨ।

52 ਮਹਿੰਦੀ ਦੇ ਬੂਟੇ ਨੂੰ ਲਾ ਦੇ ਭਾਬੀਏ ਪਾਣੀ
ਮਹਿੰਦੀ ਦੀ ਰਸਮ ਤੋਂ ਬਿਨਾਂ ਵਿਆਹ ਅਧੂਰਾ ਲੱਗਦਾ ਹੈ। ਲਾੜਾ ਆਪਣੀ ਹਥੇਲੀ ਅਤੇ ਲਾੜੀ ਆਪਣੀ ਹਥੇਲੀ 'ਤੇ ਇਕ ਦੂਜੇ ਦਾ ਨਾਮ ਮਹਿੰਦੀ ਨਾਲ ਲਿਖ ਲੈਂਦੇ ਹਨ।

ਬਿਜ਼ਨਸ

56 ਕੋਰੋਨਾ ਤੇ ਦਫ਼ਤਰੀ ਕੰਮਕਾਜ
ਡਾਕਟਰ ਕੋਰੋਨਾ ਵਾਇਰਸ ਤੋਂ ਬਚਣ ਲਈ ਕਰਮਚਾਰੀਆਂ ਨੂੰ ਸੋਸ਼ਲ ਡਿਸਟੈਂਸਿੰਗ, ਮਾਸਕ ਅਤੇ ਸੈਨੇਟਾਈਜ਼ਰ ਦੀ ਵਰਤੋਂ ਕਰਨ ਦੀ ਸਲਾਹ ਦੇ ਰਹੇ ਹਨ।

ਫੁਰਸਤ

60 ਗਲਪਕਾਰ, ਪੱਤਰਕਾਰ ਤੇ ਫ਼ਿਲਮਸਾਜ਼ ਖ਼ਵਾਜਾ ਅਹਿਮਦ ਅੱਬਾਸ
ਖ਼ਵਾਜਾ ਅਹਿਮਦ ਅੱਬਾਸ ਇਕ ਪ੍ਰਸਿੱਧ ਫ਼ਿਲਮ-ਨਿਰਦੇਸ਼ਕ, ਗਲਪਕਾਰ ਅਤੇ ਪਟਕਥਾ ਲੇਖਕ ਦੇ ਨਾਲ-ਨਾਲ ਉਰਦੂ, ਹਿੰਦੀ ਤੇ ਅੰਗਰੇਜ਼ੀ ਦਾ ਵਧੀਆ ਪੱਤਰਕਾਰ ਵੀ ਸੀ।

ਚਲੰਤ

64 ਕੋਰੋਨਾ ਪਰੂਫ ਤਕਨਾਲੋਜੀ
ਇਸ ਦੇ ਲਈ ਥ੍ਰੀਡੀ ਪ੍ਰਿੰਟਿੰਗ ਅਤੇ ਏ.ਆਈ. ਵਰਗੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚ ਕੁਝ ਅਜਿਹੇ ਗੈਜੇਟ ਵੀ ਹਨ ਜੋ ਭਵਿੱਖ ਵਿਚ ਵੀ ਬੀਮਾਰੀਆਂ ਅਤੇ ਮਹਾਂਮਾਰੀਆਂ ਤੋਂ ਬਚਣ ਵਿਚ ਸਾਡੀ ਮਦਦ ਕਰਨਗੇ।

mehram publications
• ਲੇਖਕ ਦੇ ਪ੍ਰਗਟਾਏ ਵਿਚਾਰ ਮੌਲਿਕ ਅਤੇ ਆਪਣੇ ਹਨ। ਸੰਪਾਦਕ ਦਾ ਕਿਸੇ ਵੀ ਤਰ੍ਹਾਂ ਉਨ੍ਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। • ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਵਲੋਂ ਪੱਤਰ ਨੰ. 4/2-99 ਐਡੀਟਰ ਪੰਜਾਬੀ ਮਿਤੀ 19-10-99 ਅਨੁਸਾਰ ਪੰਜਾਬ ਦੇ ਸਾਰੇ ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ "ਮਹਿਰਮ" ਮਨਜ਼ੂਰ ਹੈ। • ਮੈਗਜ਼ੀਨ ਵਿਚ ਛਪੀ ਐਡਵਰਟਾਈਜ਼ਮੈਂਟ ਬਾਰੇ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ। • ਕਿਸੇ ਵੀ ਕਾਨੂੰਨੀ ਕਾਰਵਾਈ ਲਈ ਕੇਸ ਨਾਭਾ (ਜ਼ਿਲ੍ਹਾ ਪਟਿਆਲਾ) ਪੰਜਾਬ ਵਿਖੇ ਹੀ ਦਾਖਿਲ ਕੀਤਾ ਜਾ ਸਕਦਾ ਹੈ।

MAGZTER

ਮਹਿਰਮ

www.mehram.in

Founder & Former Chairman B.S.Bir
Editor-In-Chief Preeti Kaur Bir
Chief Operating Officer Gurmeet Kaur
Group Editor Director Gurpreet Singh Bir
Group Creative Editor Sonu Duggal
Managing Editor Simranjit Kaur
Consulting Editor Darbara Singh Kahlon
Satish Kumar Verma
Dr Tarlok Singh Anand
Surinder Bir Singh Sethi
Darshan Butter
Niranjan Boha
Teja Singh Tilak
Executive Editors Rita Rani
Sunakshi Pahuja
Deputy Editor Anita Verma
Binder Kaur
Group Head Sales and Production T L Madaan
AGM Brand and Marketing Gurpinder Singh
Art and Graphic Designer Vijay Kumar
Sunita Walia
Anita Garg
Sales and Operations Sonia, Prem Kumar
Finance Team Prem Kumar Garg, Indu
Advisor Law & Taxes B.S.Goyal
Chander Shekhar Jolly
Yogesh Rai Mangla

VOL. 37, NO.02| 2020
PUBLISHED FOR THE PERIOD OF
01 JUNE , 2020 TO 30 JUNE , 2020

Mehram Publications Pvt Ltd
Mehram takes no responsibility for unsolicited photographs or material
ALL PHOTOGRAPHS, UNLESS OTHERWISE INDICATED ARE USED FOR ILLUSTRATIVE PURPOSE ONLY

All rights reserved throughout the world. Reproduction in any manner, in whole or part, in Punjabi or other Languages, prohibited.

For Online Subscription please visit us @ www.mehram.in

How to Reach Us

Letters to the Editor
M : +91 99 88 88 63 72
E-mail : editordesk@mehram.in
Mail - Mehram, Mehram Street, NABHA - 147201
We edit and fact-check letters. Please provide your telephone number in all cases.

Subscriptions / Customer Inquiries
M : +91 99 88 88 63 73
E-mail : wecare@mppl.net.in
Mail - Subscriptions, Mehram Publications Pvt. Ltd., Mehram Street, NABHA - 147201, Distt Patiala (Punjab)
Ph. 01765 - 220 678 / 778

For bulk inquiries :
E-mail : sales@mppl.net.in
M: +91 99 88 88 63 67
For change of address,
enclose the addressed portion of your magazine wrapper. For inquiries, the wrapper or your bill.
Yearly subscription : Rs. 600

Founder & Former Chairman
B.S.Bir

| ਐਡੀਟਰ ਸ਼ਬਦ |

ਕੋਰੋਨਾ ਦੀ ਮਾਰ

ਕੋਰੋਨਾ ਦਾ ਕਹਿਰ ਅੱਜ ਪੂਰੀ ਦੁਨੀਆ 'ਤੇ ਆਪਣਾ ਅਸਰ ਦਿਖਾ ਰਿਹਾ ਹੈ। ਮਾਰਚ ਮਹੀਨੇ ਤੋਂ ਲ੉ਕਡਾਊਨ, ਕਰਫਿਊ ਦੇ ਹਾਲਾਤਾਂ ਨੇ ਆਮ ਇਨਸਾਨ ਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਵਪਾਰੀ ਹੋਵੇ ਜਾਂ ਕਰਮਚਾਰੀ ਹਰ ਇਨਸਾਨ ਦੀ ਆਮਦਨ 'ਤੇ ਅਸਰ ਪਿਆ ਹੈ। ਅਣਗਿਣਤ ਲੋਕ ਬੇਰੁਜ਼ਗਾਰ ਹੋ ਚੁੱਕੇ ਹਨ, ਦੁਕਾਨਦਾਰਾਂ ਦੀ ਦੁਕਾਨਦਾਰੀ 'ਤੇ ਵੀ ਬਹੁਤ ਅਸਰ ਪਿਆ ਹੈ। ਨਿੱਕਾ-ਮੋਟਾ ਕੰਮਕਾਜ ਕਰਕੇ ਰੋਜ਼ੀ-ਰੋਟੀ ਕਮਾਉਣ ਵਾਲੇ ਇਨ੍ਹਾਂ ਦਿਨਾਂ ਵਿਚ ਬਹੁਤ ਹਤਾਸ਼ ਵੀ ਹੋਏ ਹਨ। ਪਰ ਸਭ ਤੋਂ ਵਧ ਕੋਰੋਨਾ ਦੀ ਮਾਰ ਪਈ ਹੈ ਮਜ਼ਦੂਰ ਵਰਗ ਨੂੰ। ਉਨ੍ਹਾਂ ਲਈ ਹਾਲਾਤ ਅਜਿਹੇ ਬਣ ਗਏ ਕਿ ਆਪਣੇ ਪਰਿਵਾਰ ਸਮੇਤ ਬੇਰੁਜ਼ਗਾਰੀ ਦੀ ਮਾਰ ਨਾ ਝੱਲਦੇ ਹੋਏ ਉਹ ਆਪਣੇ ਦੇਸ਼, ਆਪਣੇ ਘਰ ਵੱਲ ਪੈਦਲ ਹੀ ਤੁਰ ਪਏ। ਉਨ੍ਹਾਂ ਦਾ ਦਰਦ ਸੋਸ਼ਲ ਮੀਡੀਆ 'ਤੇ ਅੰਦੋਲਨ ਬਣ ਗਿਆ। ਰਸਤੇ ਵਿਚ ਹੀ ਭੁੱਖ-ਪਿਆਸ ਨਾਲ ਬੱਚੇ ਤੜਪ ਕੇ ਮਰ ਗਏ। ਜੋ ਮਜ਼ਦੂਰ ਇਹ ਦਰਦ ਨਾ ਝੱਲ ਸਕੇ ਉਨ੍ਹਾਂ ਨੇ ਪਰਿਵਾਰ ਸਮੇਤ ਖੁਦਕੁਸ਼ੀ ਦਾ ਰਾਹ ਚੁਣ ਲਿਆ। ਗੱਲ ਕੀ ਉਨ੍ਹਾਂ ਦੇ ਘਰਾਂ ਵੱਲ ਪਰਤਦੇ ਨਿਰਾਸ਼ ਕਾਫਿਲੇ ਨੂੰ ਦੇਖ ਕੇ ਹਰ ਇਕ ਦੀ ਅੱਖ ਭਰ ਆਈ।

ਅੱਜ ਭਾਰਤ ਵਿਚ ਹਰ ਇਨਸਾਨ ਜਿਥੇ ਕੋਰੋਨਾ ਤੋਂ ਖ਼ੁਦ ਨੂੰ ਅਤੇ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਖ਼ੁਦ ਨੂੰ ਘਰ ਤਕ ਸੀਮਿਤ ਰਖੀ ਬੈਠਾ ਹੈ, ਉਥੇ ਰੁਜ਼ਗਾਰ ਦਾ ਡਰ ਉਸ ਨੂੰ ਸਭ ਤੋਂ ਵਧ ਸਤਾ ਰਿਹਾ ਹੈ। ਖਰਚ ਭਾਵੇਂ ਉਵੇਂ ਹੀ ਹੋ ਰਿਹਾ ਹੈ ਪਰ ਕਮਾਈ ਨੇ ਆਪਣੇ ਬੂਹੇ ਭੇੜ ਲਏ ਹਨ, ਇੰਝ ਜਾਪ ਰਿਹਾ ਹੈ। ਕੋਰੋਨਾ ਦਾ ਕਹਿਰ ਕਦੋਂ ਤਕ ਚਲੇਗਾ ਅਜੇ ਕਿਸੇ ਨੂੰ ਨਹੀਂ ਪਤਾ ਪਰ ਸਰਕਾਰ ਨੂੰ ਚਾਹੀਦਾ ਹੈ ਕਿ ਬਿਨਾਂ ਕਿਸੇ ਭੇਦ-ਭਾਵ ਤੇ ਜਾਤ-ਪਾਤ ਦੇਖੇ ਹਰ ਲੋੜਵੰਦ ਦੀ ਬਣਦੀ ਮਦਦ ਕਰੇ। ਕੁਝ ਖਾਤਿਆਂ ਵਿਚ ਪੈਸੇ ਪਾ ਦੇਣਾ ਹੀ ਇਸ ਸਮੱਸਿਆ ਦਾ ਹੱਲ ਨਹੀਂ ਸਗੋਂ ਹਰ ਏਰੀਏ ਦੇ ਮੰਤਰੀ, ਐੱਮ.ਸੀ. ਦੀ ਸਖ਼ਤ ਡਿਊਟੀ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਸ਼ਹਿਰ, ਏਰੀਏ ਦੇ ਹਰ ਲੋੜਵੰਦ ਘਰ ਦੀ ਬਣਦੀ ਸਰਕਾਰੀ ਮਦਦ ਕਰੇ।

ਪਰ ਇਥੇ ਇਹ ਵੀ ਜ਼ਰੂਰੀ ਹੈ ਕਿ ਮਦਦ ਲੋੜਵੰਦ ਦੀ ਹੀ ਹੋਵੇ, ਨਾ ਕਿ ਵੋਟ ਬੈਂਕ ਨੂੰ ਪੱਕਾ ਕਰਨ ਲਈ ਮਦਦ ਕੀਤੀ ਜਾਵੇ। ਅੱਜ ਹਾਲਾਤ ਇਹ ਹਨ ਕਿ ਖ਼ੁਦ ਦੇ ਸਵਾਰਥ ਨੂੰ ਤਿਆਗ ਕੇ ਸੱਚੀ ਇਨਸਾਨੀਅਤ ਦਿਖਾਈ ਜਾਵੇ। ਨਹੀਂ ਤਾਂ ਕੋਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ ਤਾਂ ਫੇਰ ਵੀ ਕੀਤੀ ਜਾ ਸਕੇਗੀ, ਕਿਤੇ ਇਹ ਨਾ ਹੋਵੇ ਕਿ ਭੁੱਖ-ਪਿਆਸ ਤੇ ਬੇਰੁਜ਼ਗਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ ਦੁੱਗਣੀ-ਤਿਗਣੀ ਹੋ ਜਾਵੇ।

ਸਮਾਂ ਹੈ ਇਕਜੁਟ ਹੋ ਕੇ ਚੱਲਣ ਦਾ ਤਾਂ ਜੋ ਇਸ ਔਖੇ ਸਮੇਂ ਨੂੰ ਹੌਂਸਲੇ ਨਾਲ ਲੰਘਾਇਆ ਜਾ ਸਕੇ।

-ਸੰਪਾਦਕ

For Any information or Query, email - **info@mehram.in**

Advertising Inquiries
Gurpreet Singh Bir, Director
gurpreetbir@mppl.net.in
+91 99 88 99 55 99

NEW DELHI
Sonu Duggal, sonuduggal@mppl.net.in, +91 99 88 88 63 83
MUMBAI
Baljinder Singh Mann, bal@kriyagroup.com, +91 98 19 03 28 30
AHMEDABAD
Vinod Naidu, vinodkiran@hotmail.com, +91 93 27 07 43 32
MOHALI
T. L. Madaan, tlmadaan@mppl.net.in, +91 99 88 88 63 67
KOLKATA
Irshad Ali, contact.synapse@gmail.com, +91 98 30 54 77 74
NABHA
Gurpinder Singh, advertise@mppl.net.in, +91 99 88 88 63 71

Publisher, Printer, Owner & Editor Preeti Kaur Bir Printed **Mehram** at Modest Graphics P. Ltd, C 52-53, DDA Sheds, Okhala Industrial Area, Phase-1, New Delhi-110020. Published from **# B-1/130, Mehram Street, Pandusar, Nabha-147201**

This publications Mehram printed & published by Preeti Kaur Bir on behalf mehram publications pvt. ltd., printed at modest graphics from Mehram Publications Pvt. Ltd., Mehram Street, Nabha-147201 • Mehram Takes No Responsibility for unsolicited photographs or material. All photographs, unless otherwise indicated, are used for illustrative purposes only

MAGZTER

॥ ਚੰਡੀਗੜ੍ਹ ॥

ਅੰਮ੍ਰਿਤਸਰ 'ਚ ਬਣੇਗੀ ਡੇਂਗੂ ਟੈਸਟਿੰਗ ਲੈਬ

ਭਾਰਤ ਸਰਕਾਰ ਨੇ ਅੰਮ੍ਰਿਤਸਰ ਦੇ ਐੱਸ.ਡੀ.ਐੱਚ. ਅਜਨਾਲਾ ਵਿਖੇ ਡੇਂਗੂ ਟੈਸਟਿੰਗ ਲੈਬਾਰਟਰੀ ਸਥਾਪਿਤ ਕਰਨ ਦੀ ਪ੍ਰਵਾਨਗੀ ਦੇ ਦਿਤੀ ਹੈ ਕਿਉਂਕਿ ਅਜਨਾਲਾ ਵਿਚ ਸਾਲ 2019 'ਚ ਡੇਂਗੂ ਦੇ ਮਾਮਲਿਆਂ ਵਿਚ ਵਾਧਾ ਦਰਜ ਕੀਤਾ ਗਿਆ ਸੀ। ਪੰਜਾਬ ਸਰਕਾਰ ਵਲੋਂ ਪਿਛਲੇ ਵਰ੍ਹੇ ਐੱਸ.ਡੀ.ਐੱਚ. ਅਜਨਾਲਾ ਵਿਖੇ ਇਕ ਨਵੀਂ ਟੈਸਟਿੰਗ ਲੈਬਾਰਟਰੀ ਦੀ ਸਥਾਪਨਾ ਲਈ ਭਾਰਤ ਸਰਕਾਰ ਨੂੰ ਪ੍ਰਸਤਾਵ ਸੌਂਪਿਆ ਗਿਆ ਸੀ। ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਅਜਨਾਲਾ ਅਤੇ ਆਸਪਾਸ ਦੇ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਲਈ ਇਹ ਲੈਬਾਰਟਰੀ ਮਦਦਗਾਰ ਸਾਬਿਤ ਹੋਵੇਗੀ ਜਿਨ੍ਹਾਂ ਨੂੰ ਡੇਂਗੂ ਦੇ ਟੈਸਟ ਲਈ ਨਿੱਜੀ ਲੈਬਾਰਟਰੀਆਂ ਜਾਂ ਅੰਮ੍ਰਿਤਸਰ ਨਹੀਂ ਜਾਣਾ ਪਵੇਗਾ। ਹੁਣ ਇਹ ਟੈਸਟ ਸਥਾਨਕ ਪੱਧਰ 'ਤੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਡੇਂਗੂ ਦੀ ਟੈਸਟਿੰਗ ਲਈ ਸੂਬੇ ਵਿਚ ਪਹਿਲਾਂ ਹੀ 34 ਪ੍ਰਵਾਨਿਤ ਲੈਬਾਰਟਰੀਆਂ ਹਨ ਅਤੇ ਇਹ ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ 35ਵੀਂ ਲੈਬਾਰਟਰੀ ਹੋਵੇਗੀ। ਇਸ ਸੀਜ਼ਨ ਦੌਰਾਨ ਐੱਸ.ਡੀ.ਐੱਚ. ਅਜਨਾਲਾ ਵਿਖੇ ਡੇਂਗੂ ਅਤੇ ਚਿਕਨਗੁਨੀਆ ਦੇ ਟੈਸਟ ਮੁਫਤ ਕੀਤੇ ਜਾਣਗੇ। ਹਸਪਤਾਲ ਨੂੰ ਆਉਣ ਵਾਲੇ ਦਿਨਾਂ ਵਿਚ ਟੈਸਟਿੰਗ ਕਿੱਟਾਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਲੈਬਾਰਟਰੀ ਜੂਨ 2020 ਤੋਂ ਕਾਰਜਸ਼ੀਲ ਹੋ ਜਾਵੇਗੀ।

ਸਿੱਧੂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਡੇਂਗੂ ਦਾ ਮੱਛਰ ਸਿਰਫ ਸਾਫ਼ ਪਾਣੀ ਵਿਚ ਹੀ ਪ੍ਰਜਨਨ ਕਰਦਾ ਹੈ ਅਤੇ ਦਿਨ ਵੇਲੇ ਹੀ ਕੱਟਦਾ ਹੈ। ਸਾਰੇ ਲੋਕ ਇਹ ਯਕੀਨੀ ਬਣਾਉਣ ਕਿ ਕੂਲਰਾਂ, ਫੁੱਲਾਂ ਦੇ ਗਮਲਿਆਂ, ਫਰਿੱਜਾਂ ਪਿੱਛੇ ਰੰਦੇ ਪਾਣੀ ਦੀਆਂ ਟਰੇਆਂ ਆਦਿ ਨੂੰ ਹਰ ਹਫਤੇ ਢੁਕਵੇਂ ਤਰੀਕੇ ਨਾਲ ਖਾਲੀ ਅਤੇ ਸਾਫ ਕੀਤਾ ਜਾਵੇ। ਸਿਹਤ ਵਿਭਾਗ ਨੇ ਪਹਿਲਾਂ ਹੀ ਸ਼ੁੱਕਰਵਾਰ ਨੂੰ 'ਡਰਾਈ ਡੇਅ' ਘੋਸ਼ਿਤ ਕਰ ਦਿਤਾ ਹੈ ਤਾਂ ਜੋ ਸਾਰੇ ਘਰਾਂ ਵਿਚ ਹਫਤੇ 'ਚ ਇਕ ਵਾਰ ਰੋਕਥਾਮ ਗਤੀਵਿਧੀਆਂ ਕੀਤੀਆਂ ਜਾ ਸਕਣ।

॥ ਚੰਡੀਗੜ੍ਹ ॥

ਲੱਕਡਾਊਨ 'ਚ ਵਧਿਆ ਆੱਨਲਾਈਨ ਕਲਾਸਾਂ ਦਾ ਰੁਝਾਨ

ਪੰਜਾਬ ਅਤੇ ਚੰਡੀਗੜ੍ਹ ਦੇ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਲਈ ਕਰਵਾਏ ਗਏ ਸਰਵੇਖਣ ਵਿਚ ਹਿੱਸਾ ਲੈਣ ਵਾਲੇ ਕੁੱਲ 82.1 ਫੀਸਦੀ ਅਧਿਆਪਕ ਆੱਨਲਾਈਨ ਅਧਿਆਪਨ ਦਾ ਤਜਰਬਾ ਨਹੀਂ ਰੱਖਦੇ, ਜਿਨ੍ਹਾਂ 'ਚੋਂ 90.2 ਫੀਸਦੀ ਅਧਿਆਪਕਾਂ ਨੇ ਕਿਹਾ ਕਿ ਉਹ ਪਹਿਲੀ ਵਾਰ ਆੱਨਲਾਈਨ ਕਲਾਸਾਂ ਲੈ ਰਹੇ ਹਨ ਜਦਕਿ 9.8 ਫੀਸਦੀ ਅਧਿਆਪਕਾਂ ਨੇ ਦੱਸਿਆ ਕਿ ਕੋਵਿਡ-19 ਦਰਮਿਆਨ ਲੱਕਡਾਊਨ ਦੌਰਾਨ ਉਹ ਆੱਨਲਾਈਨ ਕਲਾਸਾਂ ਨਹੀਂ ਲੈ ਰਹੇ ਹਨ।

ਇਹ ਖੁਲਾਸਾ ਯੂਟੀ ਚੰਡੀਗੜ੍ਹ ਅਤੇ ਪੰਜਾਬ ਦੇ ਵੱਖ-ਵੱਖ ਸਰਕਾਰੀ ਸਕੂਲਾਂ, ਮਾਨਤਾ ਪ੍ਰਾਪਤ ਪ੍ਰਾਈਵੇਟ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਦੇ 3550 ਅਧਿਆਪਕਾਂ ਦੇ ਕੁੱਲ ਨਮੂਨੇ 'ਤੇ ਆਧਾਰਿਤ ਆੱਨਲਾਈਨ ਸਰਵੇਖਣ ਦੌਰਾਨ ਹੋਇਆ। ਇਸ ਸਰਵੇਖਣ 'ਚ 38.6 ਫੀਸਦੀ ਪ੍ਰਾਇਮਰੀ ਟੀਚਰ (ਪੀਟੀਜ਼), 33.9 ਫੀਸਦੀ ਟ੍ਰੇਂਡ ਗ੍ਰੈਜੂਏਟ ਟੀਚਰਜ਼ (ਟੀਜੀਟੀਜ਼) ਅਤੇ 27.5 ਫੀਸਦੀ ਪੋਸਟ ਗ੍ਰੈਜੂਏਟ ਟੀਚਰਜ਼ (ਪੀਟੀਟੀਜ਼) ਸ਼ਾਮਿਲ ਸਨ।

ਇਹ ਆੱਨਲਾਈਨ ਸਰਵੇਖਣ ਦੇਵ ਸਮਾਜ ਕਾਲਜ ਆੱਫ ਐਜੂਕੇਸ਼ਨ, ਚੰਡੀਗੜ੍ਹ ਦੇ ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈੱਲ (ਆਈ.ਕਿਊ.ਏ.ਸੀ.) ਵਲੋਂ ਕਰਵਾਇਆ ਗਿਆ ਤਾਂ ਕਿ ਆੱਨਲਾਈਨ ਅਧਿਆਪਨ ਦੌਰਾਨ ਅਧਿਆਪਕਾਂ ਨੂੰ ਦਰਪੇਸ਼ ਚੁਣੌਤੀਆਂ ਦਾ ਅਧਿਐਨ ਕਰਨ ਤੋਂ ਇਲਾਵਾ ਨਤੀਜਾਜਨਕ ਢੰਗ ਨਾਲ ਇਸ ਵਿਚ ਹੋਰ ਸੁਧਾਰ ਕਰਨ ਲਈ ਉਨ੍ਹਾਂ ਦੇ ਸੁਝਾਅ/ਸਿਫਾਰਸ਼ਾਂ ਮੰਗੀਆਂ ਜਾ ਸਕਣ। ਇਹ ਸਰਵੇਖਣ ਡਾ. ਅਨੀਤਾ ਨਾਗੀਆ ਅਤੇ ਡਾ. ਸੀਮਾ ਸਰੀਨ ਵਲੋਂ ਦੇਵ ਸਮਾਜ ਕਾਲਜ ਆੱਫ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਅਗਨੀਸ਼ ਢਿੱਲੋਂ ਦੀ ਰਹਿਨੁਮਾਈ ਹੇਠ ਕੀਤਾ ਗਿਆ।

ਆੱਨਲਾਈਨ ਸਰਵੇਖਣ ਦੌਰਾਨ ਅਧਿਆਪਕਾਂ ਵਲੋਂ ਦਿਤੇ ਜਵਾਬ 'ਚ ਆੱਨਲਾਈਨ ਟੀਚਿੰਗ ਦੇ ਸ਼ੁਰੂ ਹੋਣ ਤੋਂ ਲੈ ਕੇ ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਚੁਣੌਤੀਆਂ 'ਤੇ ਰੌਸ਼ਨੀ ਪਾਈ ਗਈ। ਇਸ ਸਰਵੇਖਣ ਦੀਆਂ ਲੱਭਤਾਂ ਮੁਤਾਬਿਕ 33.56 ਫੀਸਦੀ ਅਧਿਆਪਕਾਂ ਨੂੰ ਢੁਕਵੇਂ ਵਸੀਲਿਆਂ ਅਤੇ ਸਮੱਗਰੀ ਦੀ ਘਾਟ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਜਦਕਿ 61.66 ਫੀਸਦੀ ਨੇ ਦੱਸਿਆ ਕਿ ਉਨ੍ਹਾਂ ਨੂੰ ਕੁਝ ਹੱਦ ਤਕ ਇਸ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ 7.77 ਫੀਸਦੀ ਮੁਤਾਬਿਕ ਉਨ੍ਹਾਂ ਨੂੰ ਬਹੁਤ ਹੱਦ ਤਕ ਇਸ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਇੰਟਰਨੈੱਟ ਸਹੂਲਤਾਂ ਦੀ ਕਮੀ ਸਿਰਫ 17.27 ਫੀਸਦੀ ਅਧਿਆਪਕਾਂ ਲਈ ਸਮੱਸਿਆ ਨਹੀਂ ਹੈ ਜਦਕਿ ਬਾਕੀ 82.73 ਫੀਸਦੀ ਵਿਚੋਂ 61.49 ਫੀਸਦੀ ਨੂੰ ਕੁਝ ਹੱਦ ਤਕ ਅਤੇ 21.24 ਫੀਸਦੀ ਨੂੰ ਬਹੁਤ ਹੱਦ ਤਕ ਇਸ ਦੀ ਸਮੱਸਿਆ ਹੈ। ਗਰੁੱਪ ਦੇ 44.23 ਫੀਸਦੀ ਅਧਿਆਪਕਾਂ ਲਈ ਸਰਵਿਸ ਦੌਰਾਨ ਸਿਖਲਾਈ ਦੀ ਕਮੀ ਕੋਈ ਚੁਣੌਤੀ ਨਹੀਂ ਹੈ ਜਦਕਿ ਬਾਕੀ ਅਧਿਆਪਕਾਂ ਨੇ ਇਸ ਨੂੰ ਆੱਨਲਾਈਨ ਟੀਚਿੰਗ ਵਿਚ ਚੁਣੌਤੀ ਵਾਂਗ ਸਮਝਿਆ ਹੈ।

64.68 ਫੀਸਦੀ ਅਧਿਆਪਕਾਂ ਨੇ ਮਾਪਿਆਂ ਪਾਸੋਂ ਸਹਿਯੋਗ ਦੀ ਘਾਟ ਨੂੰ ਚੁਣੌਤੀ ਦੱਸਿਆ ਹੈ। 74 ਫੀਸਦੀ ਅਧਿਆਪਕਾਂ ਨੂੰ ਸਾਰੇ ਵਿਦਿਆਰਥੀਆਂ ਨੂੰ ਕਲਾਸ ਲਈ ਇਕੱਠਾ ਕਰਨਾ ਔਖਾ ਲੱਗਾ ਜਦਕਿ 50.96 ਫੀਸਦੀ ਨੂੰ ਕੁਝ ਹੱਦ ਤਕ ਅਤੇ 23.04 ਫੀਸਦੀ ਨੂੰ ਬਹੁਤ ਹੱਦ ਤਕ ਔਖਾ ਲੱਗਾ। ਇਸੇ ਤਰ੍ਹਾਂ ਬਾਕੀ 26 ਫੀਸਦੀ ਨੇ ਔਖਿਆਈ ਦਾ ਸਾਹਮਣਾ ਨਹੀਂ ਕੀਤਾ।

MAGZTER

॥ ਅੰਮ੍ਰਿਤਸਰ ॥

ਪ੍ਰਭਾਵਸ਼ਾਲੀ ਪੰਜਾਬੀਆਂ ਦੀ ਸੂਚੀ 'ਚ ਪਾਕਿ ਦੀ ਪਹਿਲੀ ਸਿੱਖ ਮਹਿਲਾ ਪੱਤਰਕਾਰ ਦੀ ਸ਼ਮੂਲੀਅਤ

ਬਰਤਾਨੀਆ ਆਧਾਰਿਤ 'ਦਿ ਸਿੱਖ ਗਰੁੱਪ' ਵਲੋਂ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੇ 30 ਸਾਲ ਤੋਂ ਘੱਟ ਉਮਰ ਦੇ ਵਿਸ਼ਵ ਦੇ ਪ੍ਰਭਾਵਸ਼ਾਲੀ ਪੰਜਾਬੀਆਂ ਦੀ ਜਾਰੀ ਕੀਤੀ ਗਈ 100 ਨਾਵਾਂ ਦੀ ਸੂਚੀ 'ਚ ਪਾਕਿਸਤਾਨ ਦੀ ਪਹਿਲੀ ਸਿੱਖ ਮਹਿਲਾ ਪੱਤਰਕਾਰ ਮਨਮੀਤ ਕੌਰ ਦਾ ਨਾਂਅ ਵੀ ਇਸ ਵੱਕਾਰੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਪਿਸ਼ਾਵਰ ਸ਼ਹਿਰ ਦੀ ਮਨਮੀਤ ਕੌਰ (25) ਇਕ ਸਮਾਜ ਸੇਵੀ ਦੇ ਨਾਲ-ਨਾਲ ਪਾਕਿ ਨਿਊਜ਼ ਚੈਨਲ 'ਤੇ ਪੱਤਰਕਾਰ ਵਜੋਂ ਸੇਵਾਵਾਂ ਦੇਣ ਵਾਲੀ ਪਹਿਲੀ ਪਾਕਿਸਤਾਨੀ ਸਿੱਖ ਲੜਕੀ ਹੈ। ਪਿਸ਼ਾਵਰ ਯੂਨੀਵਰਸਿਟੀ ਦੇ ਜ਼ਿਨਾਹ ਕਾਲਜ ਫਾਰ ਵੂਮੇਨ ਤੋਂ ਆਪਣੀ ਪੜ੍ਹਾਈ ਪੂਰੀ ਕਰਨ ਵਾਲੀ ਮਨਮੀਤ ਕੌਰ ਨੂੰ ਪਾਕਿ ਦੇ ਸਭ ਤੋਂ ਛੋਟੇ ਘੱਟ ਗਿਣਤੀ ਸਿੱਖ ਭਾਈਚਾਰੇ ਦੀ ਆਵਾਜ਼ ਅਤੇ ਮੁਸ਼ਕਿਲਾਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਮੀਡੀਆ ਦੀ ਮਾਰਫ਼ਤ ਉਜਾਗਰ ਕਰਨ ਲਈ ਉਕਤ ਸਨਮਾਨ ਨਾਲ ਨਿਵਾਜਿਆ ਜਾ ਰਿਹਾ ਹੈ। ਉਹ ਅਗਲੇ ਸਾਲ ਬ੍ਰਿਟੇਨ 'ਚ ਕਰਵਾਏ ਜਾ ਰਹੇ ਇਕ ਸਮਾਰੋਹ 'ਚ ਆਪਣਾ ਪੁਰਸਕਾਰ ਪ੍ਰਾਪਤ ਕਰੇਗੀ।

॥ ਕਪੂਰਥਲਾ ॥

ਖੇਡ ਪ੍ਰਮੋਟਰ ਤੇ ਕਬੱਡੀ ਦੇ ਬਾਬਾ ਬੋਹੜ ਮਹਿੰਦਰ ਸਿੰਘ ਮੌੜ ਨਹੀਂ ਰਹੇ

ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਬਾਬਾ ਬੋਹੜ ਤੇ ਦੇਸ਼ਾਂ-ਵਿਦੇਸ਼ਾਂ ਵਿਚ ਕਬੱਡੀ ਨੂੰ ਸਭ ਤੋਂ ਪਹਿਲਾਂ ਪ੍ਰਮੋਟ ਕਰਨ ਤੇ ਕਬੱਡੀ ਨੂੰ ਜੀਅ-ਜਾਨ ਨਾਲ ਪਿਆਰ ਕਰਨ ਵਾਲੇ 87 ਸਾਲਾ ਮਹਿੰਦਰ ਸਿੰਘ ਮੌੜ (ਕਾਲਾ ਸੰਘਿਆਂ) ਦੇ ਸਦੀਵੀ ਵਿਛੋੜੇ ਨਾਲ ਕਬੱਡੀ ਜਗਤ ਸਿੰਘ ਸੋਗ ਪਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਉਹ ਕੁਝ ਸਮੇਂ ਤੋਂ ਬਿਮਾਰ ਚਲ ਰਹੇ ਸਨ। ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਕਪੂਰਥਲਾ ਵਲੋਂ ਕੋਰੋਨਾ ਬਿਮਾਰੀ ਕਾਰਣ ਉਨ੍ਹਾਂ ਦੇ ਸਨੇਹੀਆਂ ਨੂੰ ਵੱਡੇ ਇਕੱਠ ਨਾ ਕਰਨ ਦੀ ਅਪੀਲ ਕੀਤੀ ਹੈ। ਮਹਿੰਦਰ ਸਿੰਘ ਮੌੜ ਆਪਣੇ ਪਿੱਛੇ ਦੋ ਬੇਟੇ ਤੇ ਤਿੰਨ ਬੇਟੀਆਂ ਛੱਡ ਗਏ।

॥ ਐੱਸ.ਏ.ਐੱਸ. ਨਗਰ ॥

ਚੰਡੀਗੜ੍ਹ ਯੂਨੀਵਰਸਿਟੀ ਵਲੋਂ ਡਿਸਟੈਂਸ ਐਜੂਕੇਸ਼ਨ 'ਚ ਦਾਖਲੇ ਲਈ 'ਮਹਿਲਾ ਸਸ਼ਕਤੀਕਰਨ ਵਜ਼ੀਫਾ' ਸਕੀਮ ਦਾ ਐਲਾਨ

ਅੰਤਰਰਾਸ਼ਟਰੀ ਮਾਂ ਦਿਵਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਨੇ ਜੁਲਾਈ-2020 ਲਈ ਆਪਣੇ ਡਿਸਟੈਂਸ ਐਜੂਕੇਸ਼ਨ ਕੋਰਸਾਂ ਲਈ 'ਮਹਿਲਾ ਸਸ਼ਕਤੀਕਰਨ ਸਕਾੱਲਰਸ਼ਿਪ' ਦਾ ਐਲਾਨ ਕਰਦਿਆਂ ਵਜ਼ੀਫਾ ਸਕੀਮ ਨੂੰ ਸਮੂਹ ਔਰਤਾਂ ਨੂੰ ਸਮਰਪਿਤ ਕੀਤਾ ਹੈ, ਜਿਸ ਦੇ ਅਧੀਨ ਔਰਤਾਂ ਨੂੰ ਯੂਨੀਵਰਸਿਟੀ ਦੀ ਡਿਸਟੈਂਸ ਐਜੂਕੇਸ਼ਨ ਪ੍ਰਕਿਰਿਆ ਅਧੀਨ ਕਰਵਾਏ ਜਾਂਦੇ ਵੱਖ-ਵੱਖ ਕੋਰਸਾਂ 'ਚ ਦਾਖਲੇ ਲਈ 20 ਫੀਸਦੀ ਵਜ਼ੀਫਾ ਮੁਹੱਈਆ ਕਰਵਾਇਆ ਜਾਵੇਗਾ। ਇਸ 'ਚ ਸਰਕਾਰੀ ਤੇ ਗੈਰ-ਸਰਕਾਰੀ ਅਦਾਰਿਆਂ 'ਚ ਕੰਮ ਕਰਨ ਵਾਲੀਆਂ ਔਰਤਾਂ, ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ ਤੇ ਘਰੇਲੂ ਔਰਤਾਂ ਸ਼ਾਮਿਲ ਹਨ। ਇਹ ਜਾਣਕਾਰੀ ਸਾਂਝੀ ਕਰਦਿਆਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਦੱਸਿਆ ਕਿ ਔਰਤਾਂ ਨੂੰ ਵਿੱਦਿਅਕ ਤੇ ਆਰਥਿਕ ਪੱਧਰ 'ਤੇ ਮਜ਼ਬੂਤ ਬਣਾਉਣ ਲਈ ਇਹ ਵਜ਼ੀਫ਼ਾ ਸਕੀਮ ਸਾਰਥਿਕ ਸਿੱਧ ਹੋਵੇਗੀ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਵਲੋਂ ਡਿਸਟੈਂਸ ਐਜੂਕੇਸ਼ਨ ਪ੍ਰਕਿਰਿਆ ਅਧੀਨ ਕਮਰਸ, ਮੈਨੇਜਮੈਂਟ, ਆਈ. ਟੀ., ਹਿਊਮੈਨਟੀਜ਼ ਤੇ ਟੂਰਿਜ਼ਮ ਖੇਤਰਾਂ 'ਚ 5 ਅੰਡਰ-ਗ੍ਰੈਜੂਏਟ ਤੇ 5 ਪੋਸਟ-ਗ੍ਰੈਜੂਏਟ ਕੋਰਸਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸੇ ਦੌਰਾਨ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਸਤਵੀਰ ਸਿੰਘ ਸਹਿਗਲ ਨੇ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਦੇ ਇੰਸਟੀਚਿਊਟ ਆੱਫ਼ ਡਿਸਟੈਂਸ ਤੇ ਆੱਨਲਾਈਨ ਲਰਨਿੰਗ ਵਲੋਂ ਅਕਾਦਮਿਕ ਸੈਸ਼ਨ 2020-21 ਤਹਿਤ ਜੁਲਾਈ ਦੇ ਦਾਖਲਿਆਂ ਦੀ ਪ੍ਰਕਿਰਿਆ ਆਰੰਭੀ ਜਾ ਚੁੱਕੀ ਹੈ, ਜਿਸ ਦੇ ਅੰਤਰਗਤ ਵਿਦਿਆਰਥੀ ਡਿਸਟੈਂਸ ਐਜੂਕੇਸ਼ਨ ਲਈ ਬੀ.ਬੀ.ਏ., ਐਮ.ਬੀ.ਏ., ਬੀ.ਸੀ.ਏ., ਐਮ.ਸੀ.ਏ., ਬੀ.ਕੌਮ, ਐਮ.ਕੌਮ, ਬੀ.ਏ., ਐਮ.ਏ. (ਇੰਗਲਿਸ਼), ਐਮ.ਏ. (ਸਾਈਕੋਲੋਜੀ), ਬੈਚਲਰ ਆੱਫ਼ ਸਾਇੰਸ (ਟਰੈਵਲ ਐਂਡ ਟੂਰਿਜ਼ਮ) ਆਦਿ ਕੋਰਸਾਂ 'ਚ ਦਾਖਲਾ ਲੈ ਸਕਣਗੇ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਸਹੂਲਤ ਲਈ ਯੂਨੀਵਰਸਿਟੀ ਵਲੋਂ ਸੀ.ਯੂ. ਲਰਨਿੰਗ ਮੈਨੇਜਮੈਂਟ ਸਿਸਟਮ (ਐਲ. ਐਮ. ਐਸ.) ਸਾਫ਼ਟਵੇਅਰ ਐਪਲੀਕੇਸ਼ਨ ਸਥਾਪਿਤ ਕੀਤੀ ਗਈ ਹੈ, ਜਿਸ ਦੇ ਅਧੀਨ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਉਪਰੋਕਤ ਐਪਲੀਕੇਸ਼ਨ ਦੇ ਮਾਧਿਅਮ ਰਾਹੀਂ 24×7 ਫਲੈਕਸੀਬਲ ਸਿੱਖਿਆ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਅਕਾਦਮਿਕ ਢਾਂਚੇ ਦਾ ਗਠਨ ਕੀਤਾ ਗਿਆ ਹੈ।

MAGZTER

॥ ਨਵੀਂ ਦਿੱਲੀ ॥

ਭਾਰਤ 'ਚ ਦੁਨੀਆ ਨਾਲੋਂ ਮੌਤ ਦਰ ਸਭ ਤੋਂ ਘੱਟ

ਕੇਂਦਰੀ ਸਿਹਤ ਮੰਤਰਾਲੇ ਦੇ ਸੰਯੁਕਤ ਸਕੱਤਰ ਲਵ ਅਗਰਵਾਲ ਨੇ ਕਿਹਾ ਕਿ ਦੇਸ਼ 'ਚ ਕੋਰੋਨਾ ਪੀੜਤਾਂ ਦੇ ਠੀਕ ਹੋਣ ਦੀ ਦਰ 'ਚ ਲਗਾਤਾਰ ਸੁਧਾਰ ਹੋ ਰਿਹਾ ਹੈ ਅਤੇ ਮੌਜੂਦਾ ਸਮੇਂ ਇਹ ਦਰ 41.61 ਫੀਸਦੀ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਕਾਰਣ ਮੌਤ ਦਰ ਜੋ 15 ਅਪ੍ਰੈਲ ਨੂੰ 3.3 ਫੀਸਦੀ ਸੀ, ਹੁਣ ਘੱਟ ਕੇ 2.87 ਫੀਸਦੀ ਰਹਿ ਗਈ ਹੈ। ਲਵ ਅਗਰਵਾਲ ਨੇ ਕਿਹਾ ਕਿ ਦੁਨੀਆ 'ਚ ਪ੍ਰਤੀ ਲੱਖ ਦੀ ਆਬਾਦੀ ਪਿੱਛੇ 4.4 ਮੌਤਾਂ ਦਰਜ ਕੀਤੀਆਂ ਗਈਆਂ ਹਨ, ਜਦੋਂ ਕਿ ਭਾਰਤ 'ਚ ਪ੍ਰਤੀ ਲੱਖ ਪਿੱਛੇ ਇਹ ਅੰਕੜਾ 0.3 ਹੈ, ਜੋ ਕਿ ਦੁਨੀਆ ਭਰ 'ਚ ਸਭ ਤੋਂ ਘੱਟ ਹੈ ਤੇ ਅਜਿਹਾ ਸਮੇਂ ਸਿਰ ਕੀਤੀ ਤਾਲਾਬੰਦੀ ਤੇ ਸੁਚੱਜੇ ਪ੍ਰਬੰਧ ਕਾਰਣ ਸੰਭਵ ਹੋ ਸਕਿਆ ਹੈ। ਉਧਰ 'ਇੰਡੀਅਨ ਕੌਂਸਲ ਆੱਫ਼ ਮੈਡੀਕਲ ਰਿਸਰਚ' (ਆਈ.ਸੀ.ਐਮ.ਆਰ.) ਨੇ ਕਿਹਾ ਕਿ ਦੇਸ਼ 'ਚ ਕੀਤੇ ਅਧਿਐਨ ਤੋਂ ਪਤਾ ਲੱਗਾ ਹੈ ਕਿ ਹਾਈਡ੍ਰੋਕਲੋਰੋਕਵੀਨ ਦਾ ਕੋਈ ਵੀ ਮੁੱਖ ਮਾੜਾ ਪ੍ਰਭਾਵ ਨਹੀਂ ਹੈ ਤੇ ਇਸ ਦੀ ਵਰਤੋਂ ਕੋਰੋਨਾ ਪੀੜਤਾਂ ਦੇ ਇਲਾਜ ਲਈ ਜਾਰੀ ਰਹੇਗੀ। ਆਈ.ਸੀ.ਐਮ.ਆਰ. ਦਾ ਇਹ ਬਿਆਨ ਵਿਸ਼ਵ ਸਿਹਤ ਸੰਗਠਨ ਵਲੋਂ ਸੁਰੱਖਿਆ ਕਾਰਨਾਂ ਦੇ ਹਵਾਲੇ ਨਾਲ ਹਾਈਡ੍ਰੋਕਲੋਰੋਕਵੀਨ 'ਤੇ ਰੋਕ ਲਗਾਉਣ ਤੋਂ ਬਾਅਦ ਆਇਆ ਹੈ। ਆਈ.ਸੀ.ਐਮ.ਆਰ. ਦੇ ਡਾਇਰੈਕਟਰ ਜਨਰਲ ਬਲਰਾਮ ਭਾਰਗਵ ਦੇ ਅਨੁਸਾਰ ਉਲਟੀ, ਧੜਕਣ ਤੋਂ ਇਲਾਵਾ ਕੋਈ ਵੱਡਾ ਮਾੜਾ ਪ੍ਰਭਾਵ ਇਸ ਦਵਾਈ ਦਾ ਨਜ਼ਰ ਨਹੀਂ ਆਇਆ, ਇਸ ਲਈ ਉਨ੍ਹਾਂ ਨੇ ਤਸਦੀਕ ਕੀਤਾ ਹੈ ਕਿ ਇਸ ਦਵਾਈ ਨੂੰ ਕੋਰੋਨਾ ਦੇ ਇਲਾਜ ਲਈ ਰੱਖਿਆ ਜਾਵੇਗਾ।

॥ ਨਵੀਂ ਦਿੱਲੀ ॥

ਹਰਸ਼ਵਰਧਨ ਬਣੇ ਵਿਸ਼ਵ ਸਿਹਤ ਸੰਗਠਨ ਕਾਰਜਕਾਰੀ ਬੋਰਡ ਦੇ ਚੇਅਰਮੈਨ

ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਜਿਹੜੇ ਕਿ ਕੋਰੋਨਾ ਖਿਲਾਫ ਭਾਰਤ ਦੀ ਲੜਾਈ 'ਚ ਸਭ ਤੋਂ ਅੱਗੇ ਹਨ, ਉਨ੍ਹਾਂ ਨੇ ਪਿਛੇ ਜਿਹੇ ਵਿਸ਼ਵ ਸਿਹਤ ਸੰਗਠਨ ਦੇ ਕਾਰਜਕਾਰੀ ਬੋਰਡ ਦੇ ਚੇਅਰਮੈਨ ਵਜੋਂ ਕਾਰਜਭਾਰ ਸੰਭਾਲਿਆ। ਉਨ੍ਹਾਂ ਨੇ ਜਾਪਾਨ ਦੇ ਡਾ. ਹਿਰੋਕੀ ਨਕਟਾਨੀ ਜੋ 34 ਮੈਂਬਰੀ ਵਿਸ਼ਵ ਸਿਹਤ ਸੰਗਠਨ ਦੇ ਕਾਰਜਕਾਰੀ ਬੋਰਡ ਦੇ ਚੇਅਰਮੈਨ ਸਨ, ਦੀ ਥਾਂ ਲਈ। ਸੂਤਰਾਂ ਨੇ ਦੱਸਿਆ ਕਿ 194 ਦੇਸ਼ਾਂ ਦੀ ਵਿਸ਼ਵ ਸਿਹਤ ਅਸੈਂਬਲੀ ਨੇ ਕਾਰਜਕਾਰੀ ਬੋਰਡ ਲਈ ਭਾਰਤ ਦੀ ਨਾਮਜ਼ਦਗੀ ਦੇ ਪ੍ਰਸਤਾਵ 'ਤੇ ਮੋਹਰ ਲਗਾਈ ਹੈ।

॥ ਨਵੀਂ ਦਿੱਲੀ ॥

ਮਨੋਜ ਆਹੂਜਾ ਸੀ.ਬੀ.ਐੱਸ.ਈ. ਦੇ ਨਵੇਂ ਚੇਅਰਮੈਨ ਨਿਯੁਕਤ

ਸੈਂਟਰਲ ਬੋਰਡ ਆੱਫ਼ ਸੈਕੰਡਰੀ ਐਜੂਕੇਸ਼ਨ ਦੇ ਨਵੇਂ ਚੇਅਰਮੈਨ ਮਨੋਜ ਆਹੂਜਾ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਆਹੂਜਾ ਓਡੀਸ਼ਾ ਕੇਡਰ ਦੇ 1990 ਬੈਚ ਦੇ ਆਈ. ਏ. ਐੱਸ. ਅਧਿਕਾਰੀ ਹਨ ਤੇ ਉਹ ਪਹਿਲਾਂ ਲਾਲ ਬਹਾਦਰ ਸ਼ਾਸਤਰੀ ਰਾਸ਼ਟਰੀ ਪ੍ਰਸ਼ਾਸਨ ਅਕਾਦਮੀ ਵਿਚ ਵਿਸ਼ੇਸ਼ ਨਿਰਦੇਸ਼ਕ ਦੇ ਅਹੁਦੇ 'ਤੇ ਕੰਮ ਕਰਦੇ ਸਨ। ਇਸ ਤੋਂ ਪਹਿਲਾਂ ਸੈਂਟਰਲ ਬੋਰਡ ਆੱਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐੱਸ.ਈ.) ਦੀ ਚੇਅਰਪਰਸਨ ਅਨੀਤਾ ਕਰਵਾਲ ਸਨ, ਜਿਨ੍ਹਾਂ ਨੂੰ ਮਾਨਵ ਸੰਸਾਧਨ ਵਿਕਾਸ ਮੰਤਰਾਲਿਆ ਦੇ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੇ ਸਕੱਤਰ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ।

॥ ਨਵੀਂ ਦਿੱਲੀ ॥

'ਪੀਕੇ' ਤੇ 'ਰਾਕ ਆਨ' ਫ਼ਿਲਮ ਦੇ ਅਦਾਕਾਰ ਗੁੰਡੇਵਰ ਦਾ ਦੇਹਾਂਤ

ਆਮਿਰ ਖਾਨ ਦੀ ਫ਼ਿਲਮ 'ਪੀਕੇ' ਅਤੇ 'ਰਾਕ ਆਨ' ਵਰਗੀਆਂ ਫ਼ਿਲਮਾਂ 'ਚ ਕੰਮ ਕਰ ਚੁੱਕੇ ਅਦਾਕਾਰ ਸਾਈਂ ਗੁੰਡੇਵਰ ਦਾ ਦੇਹਾਂਤ ਹੋ ਗਿਆ। ਸਾਈਂ ਗੁੰਡੇਵਰ 42 ਸਾਲ ਦੇ ਸਨ ਅਤੇ ਪਿਛਲੇ ਇਕ ਸਾਲ ਤੋਂ ਉਹ ਬ੍ਰੇਨ ਕੈਂਸਰ ਵਰਗੀ ਗੰਭੀਰ ਬਿਮਾਰੀ ਨਾਲ ਲੜਾਈ ਲੜ ਰਹੇ ਸਨ। ਸਾਈਂ ਗੁੰਡੇਵਰ ਦਾ ਅਮਰੀਕਾ 'ਚ ਇਲਾਜ ਕਰਵਾਉਣ ਦੌਰਾਨ ਦੇਹਾਂਤ ਹੋ ਗਿਆ ਹੈ।

MAGZTER

॥ ਨਵੀਂ ਦਿੱਲੀ ॥

ਸਾਨੀਆ ਮਿਰਜ਼ਾ 'ਫੇਡ ਕੱਪ ਹਾਰਟ' ਪੁਰਸਕਾਰ ਜਿੱਤਣ ਵਾਲੀ ਪਹਿਲੀ ਭਾਰਤੀ ਬਣੀ

ਭਾਰਤ ਦੀ ਸਟਾਰ ਟੈਨਿਸ ਖਿਡਾਰਨ ਸਾਨੀਆ ਮਿਰਜ਼ਾ (33) 'ਫੇਡ ਕੱਪ ਹਾਰਟ' ਪੁਰਸਕਾਰ ਜਿੱਤਣ ਵਾਲੀ ਪਹਿਲੀ ਭਾਰਤੀ ਬਣ ਗਈ ਹੈ। ਸਾਨੀਆ ਨੇ ਏਸ਼ੀਆਨਾ/ਓਸ਼ੀਆਨਾ ਵਰਗ 'ਚੋਂ ਉਕਤ ਪੁਰਸਕਾਰ ਜਿੱਤਿਆ ਹੈ, ਜਿਸ ਲਈ ਉਸ ਨੇ ਕੁੱਲ ਪਈਆਂ 16985 ਵੋਟਾਂ 'ਚੋਂ 10 ਹਜ਼ਾਰ ਤੋਂ ਵਧੇਰੇ ਵੋਟਾਂ ਪ੍ਰਾਪਤ ਕੀਤੀਆਂ। 'ਫੇਡ ਕੱਪ ਹਾਰਟ' ਪੁਰਸਕਾਰ ਲਈ ਪ੍ਰਸੰਸਕਾਂ ਵਲੋਂ ਆੱਨਲਾਈਨ ਵੋਟਾਂ ਪਾਈਆਂ ਗਈਆਂ ਸਨ ਤੇ ਸਾਨੀਆ ਨੇ ਕੁੱਲ ਪੋਲ ਹੋਈਆਂ ਵੋਟਾਂ 'ਚੋਂ 60 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ। ਆਲ ਇੰਡੀਆ ਟੈਨਿਸ ਐਸੋਸੀਏਸ਼ਨ ਨੇ ਸਾਨੀਆ ਮਿਰਜ਼ਾ ਵਲੋਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਹਿਲੇ ਭਾਰਤੀ ਵਜੋਂ 'ਫੇਡ ਕੱਪ ਹਰਟ' ਪੁਰਸਕਾਰ ਜਿੱਤਣਾ ਮਾਣ ਵਾਲੀ ਗੱਲ ਹੈ। ਉਹ ਇਸ ਪੁਰਸਕਾਰ ਨੂੰ ਆਪਣੇ ਦੇਸ਼ ਤੇ ਪ੍ਰਸੰਸਕਾਂ ਨੂੰ ਸਮਰਪਿਤ ਕਰਦੇ ਹਨ ਤੇ ਵੋਟ ਪਾਉਣ ਵਾਲਿਆਂ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਨਾਲ ਹੀ ਆਸ ਪ੍ਰਗਟ ਕੀਤੀ ਕਿ ਭਵਿੱਖ 'ਚ ਦੇਸ਼ਵਾਸੀ ਹੋਰ ਨਾਮਣਾ ਖੱਟਣਗੇ। ਜ਼ਿਕਰਯੋਗ ਹੈ ਕਿ ਸਾਨੀਆ ਨੇ ਫੇਡ ਕੱਪ 'ਚ ਚਾਰ ਸਾਲ ਬਾਅਦ ਵਾਪਸੀ ਕਰਦਿਆਂ ਇਤਿਹਾਸ 'ਚ ਭਾਰਤ ਨੂੰ ਪਹਿਲੀ ਵਾਰ 'ਪਲੇਅ ਆੱਫ਼' ਵਿਚ ਪਹੁੰਚਾਉਣ 'ਚ ਮਦਦ ਕੀਤੀ ਸੀ। ਸਾਨੀਆ ਨੇ ਅਕਤੂਬਰ 2018 'ਚ ਬੇਟੇ ਇਜ਼ਹਾਨ ਨੂੰ ਜਨਮ ਦੇਣ ਤੋਂ ਬਾਅਦ ਇਸ ਸਾਲ ਜਨਵਰੀ 'ਚ ਹੋਬਾਰਟ ਕੌਮਾਂਤਰੀ ਟੂਰਨਾਮੇਂਟ 'ਚ ਵਾਪਸੀ ਕੀਤੀ ਸੀ ਤੇ ਨਾਦੀਆ ਕਿਸ਼ਨੋਕ ਨਾਲ ਮਿਲ ਕੇ ਡਬਲ ਵਰਗ ਦਾ ਖਿਤਾਬ ਆਪਣੇ ਨਾਂਅ ਕੀਤਾ ਸੀ। ਹੈਦਰਾਬਾਦ ਵਾਸੀ ਸਾਨੀਆ ਮਿਰਜ਼ਾ ਨੇ ਇਨਾਮ 'ਚ ਮਿਲੀ 2000 ਅਮਰੀਕੀ ਡਾਲਰ ਦੀ ਰਾਸ਼ੀ ਨੂੰ ਆਪਣੇ ਗ੍ਰਹਿ ਸੂਬੇ ਤੇਲੰਗਾਨਾ ਦੇ ਮੁੱਖ ਮੰਤਰੀ ਰਾਹਤ ਫੰਡ 'ਚ ਦੇਣ ਦੀ ਘੋਸ਼ਣਾ ਵੀ ਕੀਤੀ। ਫੇਡ ਕੱਪ ਪੁਰਸਕਾਰ ਦੇਣ ਦੀ ਸ਼ੁਰੂਆਤ 2009 'ਚ ਕੀਤੀ ਗਈ ਸੀ ਤੇ ਕੌਮਾਂਤਰੀ ਟੈਨਿਸ ਫੈਡਰੇਸ਼ਨ ਵਲੋਂ ਉਨ੍ਹਾਂ ਖਿਡਾਰੀਆਂ ਨੂੰ ਦਿਤਾ ਜਾਂਦਾ ਹੈ, ਜੋ ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰਦਿਆਂ ਬੇਮਿਸਾਲ ਹੌਂਸਲਾ ਤੇ ਉੱਚੇ ਆਦਰਸ਼ਾਂ ਦਾ ਪ੍ਰਦਰਸ਼ਨ ਕਰਦੇ ਹਨ।

॥ ਕੋਇੰਬਟੂਰ ॥

ਹਵਾਈ ਸੈਨਾ ਨੂੰ ਮਿਲੀ ਤੇਜਸ ਲੜਾਕੂ ਜਹਾਜ਼ਾਂ ਦੀ ਨਵੀਂ ਸਕੁਆਰਡਨ

ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ਼ ਮਾਰਸ਼ਲ ਆਰ. ਕੇ. ਐਸ. ਭਦੌਰੀਆ ਨੇ ਕੋਇੰਬਟੂਰ ਨੇੜੇ ਸੁਲੂਰ ਹਵਾਈ ਅੱਡੇ ਤੋਂ ਇਕ ਸੀਟ ਵਾਲੇ ਹਲਕੇ ਲੜਾਕੂ ਜੈੱਟ ਹਵਾਈ ਜਹਾਜ਼ ਤੇਜਸ 'ਚ ਉਡਾਨ ਭਰੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹਵਾਈ ਸੈਨਾ ਮੁਖੀ ਭਦੌਰੀਆ ਸ਼ੁਰੂ ਤੋਂ ਤੇਜਸ ਜੈੱਟ ਨੂੰ ਵਿਕਸਿਤ ਕਰਨ ਵਾਲੀ ਟੀਮ ਨਾਲ ਕੰਮ ਕਰਦੇ ਰਹੇ ਹਨ ਅਤੇ ਉਨ੍ਹਾਂ ਵਲੋਂ ਉਡਾਇਆ ਗਿਆ ਤੇਜਸ ਜੈੱਟ ਭਾਰਤੀ ਹਵਾਈ ਸੈਨਾ ਦੀ 45 ਸਕੁਆਰਡਨ ਨਾਲ ਸਬੰਧਿਤ ਹੈ। ਇਸ ਦੌਰਾਨ ਚੀਫ ਆੱਫ ਏਅਰ ਸਟਾਫ ਭਦੌਰੀਆ ਨੇ ਸੁਲੂਰ 'ਚ ਭਾਰਤੀ ਹਵਾਈ ਸੈਨਾ ਦੀ 18 ਸਕੁਆਰਡਨ ਦੀ ਆਪ੍ਰੇਸ਼ਨਲ ਸ਼ੁਰੂਆਤ ਕੀਤੀ, ਜਿਸ ਨੂੰ 'ਫਲਾਇੰਗ ਬੁਲੇਟਸ' ਦਾ ਨਾਂਅ ਦਿਤਾ ਗਿਆ ਹੈ। ਇਸ ਮੌਕੇ ਸਭ ਧਰਮਾਂ ਦੀ ਪ੍ਰਾਰਥਨਾ ਕੀਤੀ ਗਈ ਤੇ ਨਾਰੀਅਲ ਵੀ ਤੋੜਿਆ ਗਿਆ। ਇਹ ਭਾਰਤੀ ਹਵਾਈ ਸੈਨਾ 'ਚ ਤੇਜਸ ਜੈੱਟ ਹਵਾਈ ਜਹਾਜ਼ਾਂ ਦੀ ਦੂਜੀ ਸਕੁਆਰਡਨ ਹੈ ਅਤੇ ਤੇਜਸ ਦੀ ਪਹਿਲੀ ਸਕੁਆਰਡਨ 'ਫਲਾਇੰਗ ਡੈਗਰਸ' ਵੀ ਸੁਲੂਰ ਨੇੜੇ ਸਥਿਤ ਹੈ। ਜ਼ਿਕਰਯੋਗ ਹੈ ਕਿ ਤੇਜਸ ਜੈੱਟ ਏਅਰੋਨੋਟੀਕਲ ਡਿਵੈੱਲਪਮੈਂਟ ਏਜੰਸੀ ਅਤੇ ਐੱਚ.ਏ.ਐਲ. ਵਲੋਂ ਵਿਕਸਿਤ ਕੀਤੇ ਗਏ ਹਨ, ਜਿਨ੍ਹਾਂ ਦੀ ਉਮਰ ਮੂਹਰਲੀ ਕਤਾਰ ਦੇ ਆਮ ਲੜਾਕੂ ਜਹਾਜ਼ਾਂ ਵਾਂਗ 30 ਸਾਲ ਦੇ ਕਰੀਬ ਹੈ। ਭਾਰਤੀ ਹਵਾਈ ਸੈਨਾ ਦੇ ਬੇੜੇ 'ਚ ਇਸ ਸਮੇਂ ਸਾਢੇ ਤਿੰਨ ਤੋਂ ਚੌਥੀ ਪੀੜ੍ਹੀ ਦੇ ਲੜਾਕੂ ਜੈੱਟ ਹਵਾਈ ਜਹਾਜ਼ ਸ਼ਾਮਿਲ ਹਨ। ਤੇਜਸ ਦੀ ਪਹਿਲੀ ਸਕੁਆਰਡਨ 1 ਜੁਲਾਈ, 2015 ਨੂੰ ਬੈਂਗਲੂਰੂ 'ਚ ਤਿਆਰ ਕੀਤੀ ਗਈ ਸੀ ਜਿਸ ਨੂੰ ਬਾਅਦ 'ਚ ਸੁਲੂਰ ਲਿਜਾਇਆ ਗਿਆ ਸੀ।

MAGZTER

॥ ਲੰਡਨ ॥

ਯੂ. ਕੇ. ਦੇ ਅਮੀਰਾਂ ਦੀ ਸੂਚੀ 'ਚ ਹਿੰਦੂਜਾ ਭਰਾ ਦੂਜੇ ਨੰਬਰ 'ਤੇ ਆਏ

ਭਾਰਤੀ ਮੂਲ ਦੇ ਹਿੰਦੂਜਾ ਗਰੁੱਪ ਦੇ ਮਾਲਕ ਸ੍ਰੀ ਹਿੰਦੂਜਾ ਤੇ ਗੋਪੀ ਹਿੰਦੂਜਾ ਯੂ. ਕੇ. ਦੀ ਅਮੀਰ ਸੂਚੀ 'ਚ ਦੂਜੇ ਸਥਾਨ 'ਤੇ ਆਏ ਹਨ। ਸੰਡੇ ਟਾਈਮਜ਼ ਵਲੋਂ ਜਾਰੀ ਸੂਚੀ 'ਚ ਸਰ ਜੇਮਜ਼ ਡੇਸਨ ਤੇ ਪਰਿਵਾਰ ਇਸ ਵਾਰ ਪਹਿਲੇ ਸਥਾਨ 'ਤੇ ਆਇਆ ਹੈ। ਉਨ੍ਹਾਂ ਦੀ ਕੁੱਲ ਸੰਪਤੀ 16.2 ਬਿਲੀਅਨ ਪੌਂਡ ਹੈ, ਜਦਕਿ ਦੂਜੇ ਸਥਾਨ 'ਤੇ ਭਾਰਤੀ ਮੂਲ ਦੇ ਸ੍ਰੀ ਹਿੰਦੂਜਾ ਤੇ ਗੋਪੀ ਹਿੰਦੂਜਾ ਹਨ ਜਿਨ੍ਹਾਂ ਦਾ ਕੁੱਲ ਕਾਰੋਬਾਰ 16 ਬਿਲੀਅਨ ਪੌਂਡ ਦਾ ਹੈ। ਮੁੰਬਈ 'ਚ ਜਨਮੇਂ ਡੇਵਿਡ ਤੇ ਸਾਈਮਨ ਰੀਓਬੇਨ ਤੀਜੇ ਸਥਾਨ 'ਤੇ ਹਨ ਤੇ ਉਨ੍ਹਾਂ ਕੋਲ ਵੀ 16 ਬਿਲੀਅਨ ਪੌਂਡ ਦੀ ਸੰਪੱਤੀ ਹੈ। ਅਮੀਰ 20 ਲੋਕਾਂ 'ਚ ਸ਼ਾਮਿਲ ਭਾਰਤੀ ਮੂਲ ਦੇ ਅਨਿਲ ਅਗਰਵਾਲ 15ਵੇਂ ਸਥਾਨ 'ਤੇ ਹਨ। ਉਨ੍ਹਾਂ ਦੀ ਕੁੱਲ ਸੰਪੱਤੀ 8.5 ਬਿਲੀਅਨ ਪੌਂਡ ਦੀ ਹੈ। ਸਟੀਲ ਕਾਰੋਬਾਰੀ ਲਕਸ਼ਮੀ ਮਿੱਤਲ 19ਵੇਂ ਸਥਾਨ 'ਤੇ ਹਨ, ਜਿਨ੍ਹਾਂ ਦੀ ਕੁੱਲ ਸੰਪੱਤੀ 6.78 ਬਿਲੀਅਨ ਪੌਂਡ ਹੈ। 1000 ਅਮੀਰਾਂ ਦੀ ਸੂਚੀ 'ਚ 25 ਔਰਤਾਂ ਵੀ ਸ਼ਾਮਿਲ ਹਨ। ਬਰਤਾਨੀਆ ਦੀ ਮਹਾਰਾਣੀ ਨੂੰ ਸੂਚੀ 'ਚ 350 ਮਿਲੀਅਨ ਪੌਂਡ ਨਾਲ 372ਵਾਂ ਸਥਾਨ ਮਿਲਿਆ ਹੈ। ਪ੍ਰਸਿੱਧ ਗਾਇਕਾ ਰਿਹਾਨਾ 468 ਮਿਲੀਅਨ ਪੌਂਡ ਦੀ ਸੰਪੱਤੀ ਨਾਲ ਇਸ ਸੂਚੀ 'ਚ ਨਵੀਂ ਸ਼ਾਮਿਲ ਹੋਈ ਹੈ।

॥ ਲੈਸਟਰ ॥

ਪੰਜਾਬ ਦੀ ਧੀ ਮੋਹਨਜੀਤ 'ਮਿਸਿਜ਼ ਇੰਡੀਆ ਯੂ. ਕੇ. 2020' ਦੇ ਮੁਕਾਬਲੇ 'ਚ ਸ਼ਾਮਿਲ

ਇੰਗਲੈਂਡ ਦੇ ਸ਼ਹਿਰ ਬਰਮਿੰਘਮ ਦੀ ਵਸਨੀਕ ਮੋਹਨਜੀਤ ਮਿਸਿਜ਼ ਇੰਡੀਆ ਯੂ. ਕੇ. 2020 ਦੇ ਪਹਿਲੇ ਰਾਊਂਡ ਵਿਚ ਪਹੁੰਚ ਗਈ ਹੈ। ਮੋਹਨਜੀਤ ਪੰਜਾਬ ਦੀ ਜੰਮਪਲ ਹੈ ਅਤੇ ਹੁਣ ਆਪਣੇ ਪਰਿਵਾਰ ਨਾਲ ਬਰਮਿੰਘਮ ਵਿਖੇ ਰਹਿ ਕੇ ਨੌਕਰੀ ਕਰਨ ਦੇ ਨਾਲ-ਨਾਲ ਯੂ. ਕੇ. ਦੇ ਇਸ ਰੇਡੀਓ ਤੇ ਟੀ. ਵੀ. ਸਟੇਸ਼ਨ 'ਤੇ ਪ੍ਰੈਜੇਂਟਰ ਵਜੋਂ ਵੀ ਸੇਵਾਵਾਂ ਨਿਭਾ ਰਹੀ ਹੈ ਅਤੇ ਹੁਣ ਤਕ ਕਈ ਸਾਰੇ ਸਨਮਾਨ ਵੀ ਜਿੱਤ ਚੁੱਕੀ ਹੈ। ਮੋਹਨਜੀਤ ਬਾਲੀਵੁੱਡ ਤੇ ਪੰਜਾਬੀ ਫ਼ਿਲਮਾਂ ਵਿਚ ਵੀ ਕਈ ਕਿਰਦਾਰਾਂ ਵਿਚ ਕੰਮ ਕਰ ਚੁੱਕੀ ਹੈ। ਜ਼ਿਕਰਯੋਗ ਹੈ ਕਿ ਮਿਸਿਜ਼ ਇੰਡੀਆ ਯੂ. ਕੇ. 2020 ਇਕ ਪਹਿਲਾਂ ਪਲੇਟਫਾਰਮ ਹੈ ਜੋ ਭਾਰਤੀ ਵਿਆਹੁਤਾ ਔਰਤਾਂ ਲਈ ਹੈ ਤੇ ਇਸ ਪਲੇਟਫਾਰਮ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਇਸ ਪੁਜੀਸ਼ਨ 'ਤੇ ਸਿਰਫ਼ ਤੁਹਾਡੀ ਬਾਹਰੀ ਖੂਬਸੂਰਤੀ ਹੀ ਨਹੀਂ ਸਗੋਂ ਅੰਦਰਲੀ ਖੂਬਸੂਰਤੀ ਅਤੇ ਸਰੀਰਕ ਫਿਟਨੈੱਸ ਤੁਹਾਡਾ ਪਹਿਰਾਵਾ, ਤੁਹਾਡੀ ਤੋਰ, ਤੁਹਾਡੇ ਹੁਨਰ ਅਤੇ ਤੁਹਾਡੀ ਤ੍ਵਚਾ ਦੇ ਵੀ ਨੰਬਰ ਮਿਲਦੇ ਹਨ।

॥ ਲੰਡਨ ॥

ਕੈਪਟਨ ਟੌਮ ਮੂਰੇ ਦਾ ਮਹਾਰਾਣੀ ਐਲਿਜ਼ਾਬੈੱਥ ਵਲੋਂ 'ਨਾਈਟਹੁੱਡ' ਦੀ ਉਪਾਧੀ ਨਾਲ ਸਨਮਾਨ

ਬਰਤਾਨੀਆ ਦੀ ਫੌਜ ਤੋਂ ਸੇਵਾ ਮੁਕਤ ਹੋ ਚੁੱਕੇ 100 ਸਾਲਾ ਕੈਪਟਨ ਟੌਮ ਮੂਰੇ ਨੂੰ ਮਹਾਰਾਣੀ ਐਲਿਜਾਬੈੱਥ ਨਾਈਟਹੁੱਡ ਦੀ ਉਪਾਧੀ ਨਾਲ ਸਨਮਾਨਿਤ ਕਰੇਗੀ। ਦੂਜੇ ਵਿਸ਼ਵ ਯੁੱਧ ਦੌਰਾਨ ਭਾਰਤ ਵਿਚ ਸੇਵਾਵਾਂ ਦੇ ਚੁੱਕੇ ਕੈਪਟਨ ਮੂਰੇ ਨੇ ਪਿਛੇ ਜਿਹੇ ਕੋਰੋਨਾ ਵਾਇਰਸ ਮਹਾਂਮਾਰੀ ਨਾਲ ਨਜਿੱਠਣ ਲਈ ਰਾਸ਼ਟਰੀ ਸਿਹਤ ਸੇਵਾ (ਐੱਨ.ਐੱਚ.ਐੱਸ.) ਲਈ ਯੂ. ਕੇ. ਵਿਚ 3.20 ਕਰੋੜ ਪਾਊਂਡ ਦਾ ਫੰਡ ਇਕੱਠਾ ਕਰਨ ਵਿਚ ਸਹਾਇਤਾ ਕੀਤੀ ਹੈ। ਕੈਪਟਨ ਮੂਰੇ ਨੇ ਕਿਹਾ ਕਿ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਬਰਤਾਨੀਆ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਵਲੋਂ ਨਾਈਟਹੁੱਡ ਦੀ ਉਪਾਧੀ ਦੇ ਲਈ ਉਨ੍ਹਾਂ ਨੂੰ ਵਿਸ਼ੇਸ਼ ਰੂਪ ਤੋਂ ਨਾਮਜ਼ਦ ਕੀਤਾ ਗਿਆ ਹੈ ਅਤੇ ਮਹਾਰਾਣੀ ਨੇ ਇਸ ਨੂੰ ਮਨਜ਼ੂਰੀ ਦੇ ਦਿਤੀ ਹੈ ਤਾਂ ਉਨ੍ਹਾਂ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਟੌਮ ਮੂਰੇ ਨੂੰ ਇਸ ਤੋਂ ਪਹਿਲਾਂ ਕਰਨਲ ਦਾ ਰੈਂਕ ਵੀ ਮਿਲ ਚੁੱਕਿਆ ਹੈ। ਨਾਈਟਹੁੱਡ ਦੀ ਉਪਾਧੀ ਮਿਲਣ ਤੋਂ ਬਾਅਦ ਅਧਿਕਾਰਕ ਰੂਪ ਤੋਂ ਉਨ੍ਹਾਂ ਨੂੰ ਕੈਪਟਨ ਟੌਮਸ ਮੂਰੇ ਆਖਿਆ ਜਾਵੇਗਾ।

॥ ਬਲੋਚਿਸਤਾਨ ॥

ਪੰਜਾਬੀ ਰੰਗਕਰਮੀ ਉਮਾ ਗੁਰਬਖਸ਼ ਸਿੰਘ ਦਾ ਸਦੀਵੀ ਵਿਛੋੜਾ

ਪੰਜਾਬੀ ਰੰਗਮੰਚ ਦੀ ਪਹਿਲੀ ਅਦਾਕਾਰਾ ਉਮਾ ਗੁਰਬਖਸ਼ ਸਿੰਘ (93) ਸਪੁੱਤਰੀ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦਾ ਜਨਮ 1927 ਨੂੰ ਬਲੋਚਿਸਤਾਨ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ 17 ਜੂਨ, 1939 ਨੂੰ ਪ੍ਰੀਤਨਗਰ ਵਿਖੇ ਪਹਿਲਾ ਨਾਟਕ ਖੇਡਿਆ। ਪੰਜਾਬ ਸਰਕਾਰ ਵਲੋਂ ਉਨ੍ਹਾਂ ਨੂੰ ਗੌਰਵ ਪੰਜਾਬ ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

MAGZTER

ਗੁਰਮੀਤ ਸਿੰਘ ਪਲਾਹੀ
98158-02070

ਲਾੱਕਡਾਊਨ ਦੇ ਦੌਰ 'ਚ ਸਮਾਨਤਾ ਦੇ ਅਧਿਕਾਰ ਦੀਆਂ ਉੱਡ ਰਹੀਆਂ ਹਨ ਧੱਜੀਆਂ

> "ਦੇਸ਼ ਦੇ ਗਰੀਬਾਂ ਕੋਲ ਸਾਧਨਾਂ ਦੀ ਘਾਟ ਦੀ ਮੂੰਹ ਬੋਲਦੀ ਤਸਵੀਰ ਹੈ, ਜੋ ਦੇਸ਼ ਦੇ ਸੰਵਿਧਾਨ ਵਿਚ ਦਰਜ ਧਾਰਾਵਾਂ, ਜਿਸ ਤਹਿਤ ਹਰ ਇਕ ਨੂੰ ਸਮਾਨਤਾ ਦੇ ਹੱਕ ਹਨ, ਉਸਦੀ ਉਲੰਘਣਾ ਹੈ। ਕੁਝ ਨਾਗਰਿਕ ਤਾਂ ਰੋਟੀ ਰੱਜ ਕੇ ਖਾਂਦੇ ਹਨ, ਸਮਰੱਥਾਵਾਨ ਅਤੇ ਸੰਪੰਨ ਹਨ, ਪਰ ਕੁਝ ਮੁੱਢਲੀਆਂ ਸਹੂਲਤਾਂ ਦੀ ਘਾਟ ਕਾਰਨ ਸ਼ਰੇਆਮ ਰੁਲਦੇ ਹਨ। ਸਮਾਨਤਾ ਦਾ ਅਧਿਕਾਰ ਉਸ ਵੇਲੇ ਕਿਧਰੇ ਵੀ ਦਿਖਾਈ ਨਹੀਂ ਦਿੰਦਾ।"

ਦੇਸ਼ ਵਿਚ ਸਿਹਤ ਸਹੂਲਤਾਂ ਦੀ ਘਾਟ ਕਾਰਨ ਕੈਂਸਰ, ਗੁਰਦਿਆਂ, ਟੀ.ਬੀ. ਜਿਹੀਆਂ ਬਿਮਾਰੀਆਂ ਨਾਲ ਬੁਰੀ ਤਰ੍ਹਾਂ ਲੜ ਰਹੇ ਲੱਖਾਂ ਗੈਰ-ਕੋਰੋਨਾ ਮਰੀਜ਼ਾਂ ਉਤੇ ਮੌਤ ਦਾ ਸੰਕਟ ਮੰਡਰਾਉਣ ਲੱਗਾ ਹੈ। ਸਿਹਤ ਸਹੂਲਤਾਂ ਦੀ ਘਾਟ ਦਾ ਇਥੋਂ ਹੀ ਪਤਾ ਲਗ ਸਕਦਾ ਹੈ ਕਿ ਕੋਰੋਨਾ ਦੇ ਗੰਭੀਰ ਮਰੀਜ਼ਾਂ ਦੇ ਇਲਾਜ ਲਈ ਦੇਸ਼ ਕੋਲ ਹਸਪਤਾਲਾਂ ਵਿਚ ਸਿਰਫ 40,195 ਬੈੱਡ ਹਨ। ਮਹਾਂਮਾਰੀ ਦੀ ਜੰਗ ਲੜ ਰਹੇ ਭਾਰਤ, ਜਿਸਦੀ ਆਬਾਦੀ 130 ਕਰੋੜ ਗਿਣੀ ਜਾ ਰਹੀ ਹੈ, ਇਤਨੇ ਹੀ ਬੈੱਡ ਹੋਣਾ, ਕੀ ਦੇਸ਼ ਵਿਚ ਪ੍ਰਾਪਤ ਸਹੂਲਤਾਂ ਦੀ ਪੋਲ ਨਹੀਂ ਖੋਲ੍ਹਦਾ? ਮਹਾਂਮਾਰੀ ਦੇ ਪ੍ਰਕੋਪ ਤੋਂ ਦੇਸ਼ ਇਸ ਵੇਲੇ ਜੇਕਰ ਕੁਝ ਬਚਿਆ ਹੈ ਤਾਂ ਉਹ ਸਿਰਫ਼ ਸਮਾਜਿਕ, ਸਰੀਰਕ ਦੂਰੀ ਦਾ ਨਿਯਮ ਲਾਗੂ ਕਰਨ ਅਤੇ ਲਾੱਕਡਾਊਨ ਕਾਰਨ ਸੰਭਵ ਹੋ ਸਕਿਆ ਹੈ। ਨਹੀਂ ਤਾਂ ਇਹੋ ਜਿਹੀ ਮਹਾਂਮਾਰੀ ਨਾਲ ਲੜਨ ਦੀ ਸਮਰੱਥਾ ਭਾਰਤ ਵਰਗੇ ਦੇਸ਼ ਕੋਲ ਆਜ਼ਾਦੀ ਦੇ 70 ਵਰ੍ਹਿਆਂ ਬਾਅਦ ਵੀ ਪੈਦਾ ਨਹੀਂ ਕੀਤੀ ਜਾ ਸਕੀ। ਸਮਰੱਥਾਵਾਨ ਲੋਕਾਂ ਕੋਲ ਸਹੂਲਤਾਂ ਹਨ, ਪਰ ਗਰੀਬ ਇਨ੍ਹਾਂ ਤੋਂ ਵਿਰਵੇ ਹਨ। ਵਿਸ਼ਵ ਇਤਿਹਾਸ ਵਿਚ ਕੋਰੋਨਾ ਪਹਿਲਾ ਸੰਕਟ ਹੈ, ਜਿਸਨੇ ਗਰੀਬ-ਅਮੀਰ, ਪਿੰਡ-ਸ਼ਹਿਰ, ਦੇਸ਼-ਵਿਦੇਸ਼ ਦੀਆਂ ਸਾਰੀਆਂ ਹੱਦਾਂ, ਦੀਵਾਰਾਂ ਢਾਅ ਕੇ ਆਪਣੇ ਸਿਕੰਜ਼ੇ ਵਿਚ ਸੰਸਾਰ ਨੂੰ ਲੈ ਲਿਆ ਹੈ। ਭਾਰਤ ਇਸ ਮਹਾਂਮਾਰੀ ਨਾਲ ਪੂਰੀ ਤਾਕਤ ਨਾਲ ਟਾਕਰਾ ਕਰ ਰਿਹਾ ਹੈ। ਇਸ ਯੁੱਧ ਵਿਚ ਮੂਹਰਲੀਆਂ ਸਫ਼ਾਂ ਵਿਚ ਡਾਕਟਰ, ਨਰਸਾਂ, ਮੈਡੀਕਲ ਅਮਲਾ ਅਤੇ ਦੇਸ਼ ਦੀ ਪੁਲਿਸ ਹੈ। ਸੀਮਤ ਸਾਧਨਾਂ ਦੀ ਸਰਕਾਰੀ ਚਾਦਰ, ਵਿਸ਼ਾਲ ਆਬਾਦੀ ਨੂੰ ਰਾਹਤ ਦੇਣ ਲਈ ਛੋਟੀ ਪੈ ਰਹੀ ਹੈ। ਭੇਦਭਾਵ ਅਤੇ ਵਰਗੀਕਰਨ ਦੇ ਅਨੇਕਾਂ ਮਾਮਲੇ ਸਾਹਮਣੇ ਆ ਰਹੇ ਹਨ। ਦੇਸ਼ ਦੀ ਰਾਜਧਾਨੀ ਅਤੇ ਸਮਰੱਥ ਸੂਬਾ ਹੋਣ ਕਾਰਨ ਦਿੱਲੀ ਦੀ ਅੱਧੀ ਆਬਾਦੀ ਲਈ ਲੰਮੇ ਸਮੇਂ ਤਕ ਮੁਫਤ ਰਾਹਤ-ਪਾਣੀ ਦੀ ਵਿਵਸਥਾ ਕੀਤੀ ਜਾ ਸਕਦੀ ਹੈ, ਲੇਕਿਨ ਹੋਰ ਸੂਬਿਆਂ ਵਿਚ, ਪੇਂਡੂ ਇਲਾਕਿਆਂ 'ਚ ਲੰਮੇ ਸਮੇਂ ਦਾ ਲਾੱਕਡਾਊਨ ਕਰੋੜਾਂ ਲੋਕਾਂ ਦੀ ਭੁੱਖਮਰੀ ਦਾ ਕਾਰਨ ਬਣੇਗਾ। ਇਹ ਅਸਲ ਅਰਥਾਂ ਵਿਚ ਦੇਸ਼ ਦੇ ਗਰੀਬਾਂ ਕੋਲ ਸਾਧਨਾਂ ਦੀ ਘਾਟ ਦੀ ਮੂੰਹ ਬੋਲਦੀ ਤਸਵੀਰ ਹੈ, ਜੋ ਦੇਸ਼ ਦੇ ਸੰਵਿਧਾਨ ਵਿਚ ਦਰਜ ਧਾਰਾਵਾਂ, ਜਿਸ ਤਹਿਤ ਹਰ ਇਕ ਨੂੰ ਸਮਾਨਤਾ ਦੇ ਹੱਕ ਹਨ, ਉਸਦੀ ਉਲੰਘਣਾ ਹੈ। ਕੁਝ ਨਾਗਰਿਕ ਤਾਂ ਰੋਟੀ ਰੱਜ ਕੇ ਖਾਂਦੇ ਹਨ, ਸਮਰੱਥਾਵਾਨ ਅਤੇ ਸੰਪੰਨ ਹਨ, ਪਰ ਕੁਝ ਮੁੱਢਲੀਆਂ ਸਹੂਲਤਾਂ ਦੀ ਘਾਟ ਕਾਰਨ ਸ਼ਰੇਆਮ ਰੁਲਦੇ ਹਨ। ਸਮਾਨਤਾ ਦਾ ਅਧਿਕਾਰ ਉਸ ਵੇਲੇ ਕਿਧਰੇ ਵੀ ਦਿਖਾਈ ਨਹੀਂ ਦਿੰਦਾ।

ਦੇਸ਼ ਵਿਚ ਸਰਕਾਰ ਵਲੋਂ ਅਚਾਨਕ ਲਾੱਕਡਾਊਨ ਦੀ ਘੋਸ਼ਣਾ ਕਰ ਦਿਤੀ ਗਈ। ਲਾੱਕਡਾਊਨ ਬਾਅਦ ਗੱਡੀਆਂ-ਬੱਸਾਂ ਅਤੇ ਆਉਣ-ਜਾਣ ਦੇ ਸਾਰੇ ਸਾਧਨ ਬੰਦ ਕਰ ਦਿਤੇ ਹਨ। ਕਰੋੜਾਂ ਲੋਕ ਆਪਣੇ ਘਰਾਂ ਤੋਂ ਦੂਰ ਫਸ ਗਏ। ਨਾ ਘਰ ਆਉਣ ਜੋਗੇ ਹਨ, ਨਾ ਜੇਬ ਵਿਚ ਪੈਸੇ ਹਨ, ਨਾ ਖਾਣ ਦਾ ਕੋਈ ਪ੍ਰਬੰਧ ਹੈ। ਦਿੱਲੀ 'ਚ ਕੰਮ ਕਰਨ ਵਾਲੇ ਉੱਤਰ ਪ੍ਰਦੇਸ਼, ਬਿਹਾਰ ਦੇ ਹਜ਼ਾਰਾਂ ਲੋਕ ਦਿੱਲੀ ਤੋਂ ਪੈਦਲ ਘਰਾਂ ਵੱਲ ਤੁਰ ਪਏ। ਕੁਝ ਸਰਕਾਰਾਂ ਨੇ ਤਾਂ ਆਪਣੀਆਂ ਸਰਹੱਦਾਂ ਆਪਣੇ ਹੀ ਲੋਕਾਂ ਲਈ ਬੰਦ ਕਰ ਦਿਤੀਆਂ। ਜਿਹੜੇ ਲੋਕ ਦਿੱਲੀ-ਗਾਜੀਆਬਾਦ ਤੋਂ ਆਪਣੇ ਸੂਬਿਆਂ 'ਚ ਕਿਸੇ ਤਰ੍ਹਾਂ ਪਹੁੰਚ ਗਏ, ਉਨ੍ਹਾਂ ਪ੍ਰਵਾਸੀ ਮਜ਼ਦੂਰਾਂ ਨੂੰ ਘਰਾਂ 'ਚ ਇਕਾਂਤਵਾਸ ਕਰ ਦਿਤਾ ਗਿਆ। ਹੈਰਾਨੀ ਦੀ ਗੱਲ ਤਾਂ ਉਦੋਂ ਵੇਖਣ ਨੂੰ ਮਿਲੀ ਜਦੋਂ ਸ਼ਹਿਰਾਂ 'ਚ ਬਜ਼ੁਰਗਾਂ ਅਤੇ ਨਾਗਰਿਕਾਂ ਲਈ ਕਰਫਿਊ 'ਚ ਵੀ ਦੁੱਧ, ਫਲ, ਕੇਕਾਂ ਦੀ ਵਿਵਸਥਾ ਕੀਤੀ ਗਈ ਜਦਕਿ ਪਿੰਡਾਂ 'ਚ ਮਜ਼ਦੂਰਾਂ ਨੂੰ ਛੋਟੇ-ਮੋਟੇ ਕੰਮ ਕਰਨ ਲਈ ਵੀ ਘਰਾਂ 'ਚੋਂ ਬਾਹਰ ਜਾਣ ਦੀ ਆਗਿਆ

MAGZTER

ਨਾ ਮਿਲੀ। ਸਰੀਰਕ, ਸਮਾਜਿਕ ਦੂਰੀ ਦੀਆਂ ਉਸ ਵੇਲੇ ਧੱਜੀਆਂ ਉਡਦੀਆਂ ਵੇਖੀਆਂ ਗਈਆਂ, ਜਦੋਂ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਜੋ ਕਰਨਾਟਕ ਸੂਬੇ ਨਾਲ ਸਬੰਧਿਤ ਹਨ, ਦੇ ਪੋਤੇ ਦੇ ਵਿਆਹ ਦੇ ਸਮਾਗਮ ਕਰਨ ਦੀ ਖੁੱਲ੍ਹ ਦੇ ਦਿਤੀ ਗਈ, ਨਿਯਮਾਂ ਨੂੰ ਦਰਕਿਨਾਰ ਕਰ ਦਿਤਾ ਗਿਆ। ਜਦਕਿ ਲਾੱਕਡਾਊਨ ਨਿਯਮਾਂ ਦੀ ਉਲੰਘਣਾ ਕਰਨ 'ਤੇ ਹਜ਼ਾਰਾਂ ਲੋਕਾਂ ਦੇ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀ ਜਾ ਰਹੀ ਹੈ।

ਇਹ ਮੰਨਿਆ ਜਾਣ ਲੱਗਾ ਹੈ ਕਿ ਜਨਵਰੀ 2020 ਤੋਂ ਮਾਰਚ 2020 ਦੇ ਦਰਮਿਆਨ ਲਗਭਗ 15 ਲੱਖ ਪਾਸਪੋਰਟ ਧਾਰਕ ਦੇਸ਼ ਵਿਚ ਹਵਾਈ ਜਹਾਜ਼ਾਂ ਰਾਹੀਂ ਪੁੱਜੇ, ਜਿਹੜੇ ਕਰੋੜਾਂ ਭਾਰਤੀਆਂ ਲਈ ਕੋਰੋਨਾ ਦੀ ਸੌਗਾਤ ਲਾਗ ਰਾਹੀਂ ਭਾਰਤ ਵਿਚ ਲੈ ਕੇ ਆਏ। ਸਰਕਾਰ ਦੇ ਉਤੇ ਲੋਕ ਇਹ ਵੀ ਸਵਾਲ ਖੜ੍ਹੇ ਕਰ ਰਹੇ ਹਨ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਫਰਵਰੀ ਮਹੀਨੇ ਲਾਮ-ਲਸ਼ਕਰ ਨਾਲ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਆਪਣੀ ਆਉ-ਭਗਤ ਕਰਵਾਉਂਦਾ ਰਿਹਾ, ਜਿਸ ਦੇ ਸਵਾਗਤ ਲਈ ਲੱਖਾਂ ਲੋਕਾਂ ਦਾ ਇਕੱਠ ਕੀਤਾ ਗਿਆ। ਕੀ ਦੇਸ਼ ਦੀ ਸਰਕਾਰ ਉਸ ਵੇਲੇ ਕੋਰੋਨਾ ਵਾਇਰਸ ਦੀ ਚੀਨ 'ਚ ਫੈਲ ਰਹੀ ਮਹਾਂਮਾਰੀ ਤੋਂ ਜਾਣੂ ਨਹੀਂ ਸੀ? ਉਸ ਵੇਲੇ ਸਮਾਜਿਕ ਜਾਂ ਸਰੀਰਕ ਦੂਰੀ ਦੇ ਹੁਕਮ ਲਾਗੂ ਕਰਨੋਂ ਸਰਕਾਰ ਕਿਉਂ ਭੁੱਲ ਗਈ? ਵੱਡੇ ਸ਼ਾਸਕ ਅਤੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਆਉਣ ਵਾਲੀ ਚੋਣ ਲਈ ਸਹਾਇਤਾ ਜਾਂ ਚੋਣ ਮੁਹਿੰਮ 'ਚ ਸਹਾਇਤਾ ਲਈ ਵੱਡੇ ਇਕੱਠ ਕਰਕੇ ਆਮ ਲੋਕਾਂ ਨੂੰ ਖਤਰੇ 'ਚ ਪਾਉਣ ਦਾ ਅਧਿਕਾਰ ਸਰਕਾਰ ਨੂੰ ਕਿਸ ਨੇ ਦਿਤਾ? ਉਂਝ ਵੀ ਵੱਡਿਆਂ ਲਈ ਸਤਿਕਾਰ ਅਤੇ ਆਮ ਲੋਕਾਂ ਨਾਲ ਤ੍ਰਿਸਕਾਰ ਕੀ ਸੰਵਿਧਾਨ 'ਚ ਦੇਸ਼ ਦੇ ਹਰ ਨਾਗਰਿਕ ਨੂੰ ਮਿਲੇ ਸਮਾਨਤਾ ਦੇ ਅਧਿਕਾਰਾਂ ਦੀ ਉਲੰਘਣਾ ਨਹੀਂ?

ਸਮਾਜਿਕ ਜਾਂ ਸਰੀਰਕ ਦੂਰੀ ਕੋਰੋਨਾ ਮਹਾਂਮਾਰੀ ਦੇ ਇਸ ਸਮੇਂ ਸਰਕਾਰਾਂ ਕੋਲ ਵੱਡਾ ਹਥਿਆਰ ਹੈ ਕਿਉਂਕਿ ਇਸ ਬੀਮਾਰੀ ਦੀ ਕੋਈ ਦਵਾਈ ਹਾਲੇ ਤਕ ਨਹੀਂ ਬਣੀ, ਨਾ ਹੀ ਕੋਰੋਨਾ ਵਾਇਰਸ ਲਈ ਕੋਈ ਟੀਕਾ ਈਜਾਦ ਹੋਇਆ ਹੈ। ਮੁੰਬਈ ਜਿਥੇ ਕੋਰੋਨਾ ਵਾਇਰਸ ਨੇ ਜ਼ਿਆਦਾ ਪੈਰ ਪਸਾਰੇ ਹੋਏ ਹਨ, ਉਥੇ ਸਮਾਜਿਕ ਜਾਂ ਸਰੀਰਕ ਦੂਰੀ ਰੱਖਣਾ ਵੀ ਔਖਾ ਹੋ ਰਿਹਾ ਹੈ। ਮੁੰਬਈ ਦੇ ਪੀੜਤ ਦੋ ਵਰਗ ਕਿਲੋਮੀਟਰ ਇਲਾਕੇ ਵਿਚ ਅੱਠ ਲੱਖ ਲੋਕ ਰਹਿੰਦੇ ਹਨ। ਕਈ ਰਾਜਾਂ ਵਿਚ ਲਾੱਕਡਾਊਨ ਦੇ ਬਾਵਜੂਦ ਬਾਜ਼ਾਰ 'ਚ ਭੀੜਾਂ ਜੁੜ ਜਾਂਦੀਆਂ ਹਨ, ਸੁਵਿਧਾਵਾਂ ਦੀ ਘਾਟ ਕਾਰਨ ਭਗਦੜ ਮਚ ਜਾਂਦੀ ਹੈ ਅਤੇ ਅਰਾਜਕਤਾ ਵਧਣ ਨਾਲ ਸਮਾਜਿਕ ਦੂਰੀ ਦੇ ਨਿਯਮ ਬੇਮਾਨੀ ਹੋ ਰਹੇ ਹਨ। ਮਹਾਂਮਾਰੀ ਦੇ ਇਸ ਦੌਰ ਵਿਚ ਭਾਵੇਂ ਸੂਬੇ, ਕੇਂਦਰ ਦੇ ਹੁਕਮਾਂ ਦੀ ਪਾਲਣਾ ਕਰ ਰਹੇ ਹਨ, ਪਰ ਕਿਉਂਕਿ ਕੇਂਦਰ ਵਲੋਂ ਜਾਰੀ ਦਿਸ਼ਾ-ਨਿਰਦੇਸ਼ ਰਾਜਾਂ ਲਈ ਮੰਨਣ ਦੀ ਪਾਬੰਦੀ ਨਹੀਂ ਹੈ, ਇਸ ਲਈ ਰਾਜ ਸਰਕਾਰਾਂ ਇਨ੍ਹਾਂ ਨਿਰਦੇਸ਼ਾਂ ਦੀ ਆਪਣੇ ਮਨ ਮਾਫਕ ਵਿਆਖਿਆ ਕਰ ਰਹੇ ਹਨ ਤੇ ਪੁਲਿਸ ਆਪਣੇ ਢੰਗ ਨਾਲ ਕੰਮ ਕਰ ਰਹੀ ਹੈ। ਇਸ ਨਾਲ ਲੋਕਾਂ ਵਿਚ ਗੁੱਸਾ ਵਧ ਰਿਹਾ ਹੈ। ਜੇਕਰ ਰਾਜਾਂ ਨੇ ਆਪਣੀ ਮਰਜ਼ੀ ਨਾਲ ਫੈਸਲੇ ਲੈਣੇ ਸ਼ੁਰੂ ਕਰ ਦਿਤੇ ਅਤੇ ਇਕਾਂਤਵਾਸ ਵਿਚ ਸ਼ੱਕੀ ਕੋਰੋਨਾ ਪੀੜਤਾਂ ਨੂੰ ਰੱਖਣ ਦੀ ਸਮਾਨ ਨੀਤੀ ਨਾ ਬਣੀ ਤਾਂ ਕੇਂਦਰ ਵਲੋਂ ਦਿਤੇ ਦਿਸ਼ਾ-ਨਿਰਦੇਸ਼ਾਂ ਦੀ ਵੈਧਤਾ ਉਤੇ ਵੀ ਸਵਾਲ ਖੜ੍ਹੇ ਹੋ ਜਾਣਗੇ। ਕਾਨੂੰਨ ਦੀ ਮਨ ਮਾਫਕ ਵਿਆਖਿਆ ਦੇਸ਼ 'ਚ ਲਾੱਕਡਾਊਨ ਦੇ ਬਾਅਦ ਸੰਵਿਧਾਨ ਸੰਕਟ ਦਾ ਕਾਰਨ ਬਣ ਸਕਦੀ ਹੈ।

ਲਾੱਕਡਾਊਨ ਨੇ ਗਰੀਬੀ ਰੇਖਾ ਤੋਂ ਹੇਠ ਰਹਿ ਰਹੇ ਲੋਕਾਂ ਦਾ ਜੀਵਨ ਜਿਵੇਂ ਨਰਕ ਜਿਹਾ ਬਣਾ ਦਿਤਾ ਹੈ। ਉਨ੍ਹਾਂ ਲਈ ਭੋਜਨ ਦੀ ਕਮੀ ਹੋ ਗਈ ਹੈ, ਸਿਹਤ ਸਹੂਲਤਾਂ ਅਤੇ ਹੋਰ ਬੁਨਿਆਦੀ ਲੋੜਾਂ ਪੂਰੀਆਂ ਕਰਨਾ ਤਾਂ ਉਨ੍ਹਾਂ ਤੋਂ ਬਹੁਤ ਦੂਰ ਹੋ ਗਿਆ ਹੈ। ਕਰੋੜਾਂ ਦੀ ਤਦਾਦ ਵਿਚ ਮਜ਼ਦੂਰ ਕੰਮ ਵਿਹੂਣੇ ਹੋ ਗਏ ਹਨ। ਭਾਵੇਂ ਕੇਂਦਰ ਸਰਕਾਰ ਨੇ 22.5 ਬਿਲੀਅਨ ਡਾਲਰ ਦੇ ਮੁੱਲ ਦੇ ਮੁਫ਼ਤ ਖਾਣਾ ਪੈਕਟ ਅਤੇ ਨਕਦੀ ਇਨ੍ਹਾਂ ਲੋਕਾਂ ਲਈ ਮੁਹੱਈਆ ਕਰਨ ਦਾ ਐਲਾਨ ਕੀਤਾ ਹੈ। ਪਰ ਇਹ ਰਕਮਾਂ ਤੇ ਭੋਜਨ ਪੈਕਟ ਉਨ੍ਹਾਂ ਤਕ ਪਹੁੰਚਾਉਣ ਲਈ ਨਾਕਸ ਵੰਡ ਪ੍ਰਣਾਲੀ ਆੜੇ ਆ ਰਹੀ ਹੈ। ਉਂਝ ਵੀ ਸਰਕਾਰ ਦਾ ਇਹ ਫੈਸਲਾ ਕਿ ਆਧਾਰ ਕਾਰਡ ਜਾਂ ਹੋਰ ਪਹਿਚਾਣ ਪੱਤਰਾਂ ਰਾਹੀਂ ਹੀ ਇਹ ਸਹੂਲਤ ਮਿਲੇਗੀ, ਉਨ੍ਹਾਂ ਲੋਕਾਂ 'ਚ ਇਹ ਇਮਦਾਦ ਪਹੁੰਚਾਉਣ 'ਚ ਰੁਕਾਵਟ ਬਣ ਰਹੀ ਹੈ, ਜਿਨ੍ਹਾਂ ਕੋਲ ਕੋਈ ਪਹਿਚਾਣ ਪੱਤਰ ਹੀ ਨਹੀਂ ਅਤੇ ਜਿਹੜੇ ਝੁਗੀ, ਝੌਂਪੜੀ ਜਾਂ ਸੜਕਾਂ 'ਤੇ ਨਿਵਾਸ ਕਰਨ ਲਈ ਮਜਬੂਰ ਹਨ। ਇਹੋ ਜਿਹੇ ਹਾਲਾਤਾਂ ਵਿਚ ਨਾਗਰਿਕਾਂ ਦੇ ਸਮਾਨਤਾ ਦੇ ਅਧਿਕਾਰ ਦਾ ਕੀ ਅਰਥ ਰਹਿ ਜਾਂਦਾ ਹੈ?

ਯੂ.ਐੱਨ. ਦੇ ਸਕੱਤਰ ਜਨਰਲ ਗੁਟਰਸ ਅਨੁਸਾਰ ਕੋਰੋਨਾ ਆਫ਼ਤ ਸਿਰਫ਼ ਮਨੁੱਖਤਾ ਲਈ ਹੀ ਆਫਤ ਨਹੀਂ ਹੈ, ਸਗੋਂ ਮਨੁੱਖੀ ਅਧਿਕਾਰਾਂ ਲਈ ਵੱਡਾ ਸੰਕਟ ਬਣਨ ਵੱਲ ਅੱਗੇ ਵਧ ਰਹੀ ਹੈ। ਭਾਰਤ ਇਸ ਤੋਂ ਅਛੂਤਾ ਨਹੀਂ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਵੀ ਭਾਰਤ 'ਚ ਉਵੇਂ ਹੋ ਰਿਹਾ ਹੈ ਜਿਵੇਂ ਹੋਰ ਦੇਸ਼ਾਂ ਵਿਚ। ਸਮਾਨਤਾ ਮਨੁੱਖੀ ਅਧਿਕਾਰਾਂ ਨਾਲ ਜੁੜੀ ਹੋਈ ਹੈ ਅਤੇ ਭਾਰਤ ਵਿਚ ਲਾੱਕਡਾਊਨ ਵਿਚ ਸਮਾਨਤਾ ਦੇ ਅਧਿਕਾਰ ਦੀਆਂ ਧੱਜੀਆਂ ਉੱਡ ਰਹੀਆਂ ਹਨ, ਜੋ ਭਾਰਤੀ ਲੋਕਤੰਤਰ ਉਤੇ ਇਕ ਧੱਬਾ ਸਾਬਿਤ ਹੋਣਗੀਆਂ ■

MAGZTER

ਕੋਰੋਨਾ ਦੌਰਾਨ ਬਜ਼ੁਰਗਾਂ ਦੀ ਜ਼ਿੰਦਗੀ

ਵਧੇਰੇ ਬਜ਼ੁਰਗ ਦਿਨ ਆਪਣੇ ਹੀ ਢੰਗ ਨਾਲ ਬਿਤਾਉਣਾ ਪਸੰਦ ਕਰਦੇ ਹਨ। ਉਨ੍ਹਾਂ ਦਾ ਹਰ ਕੰਮ ਦਾ ਨਿਸ਼ਚਿਤ ਸਮਾਂ ਹੁੰਦਾ ਹੈ ਜਿਵੇਂ ਅਖਬਾਰ ਪੜ੍ਹਨਾ, ਖੁੱਲ੍ਹੀ ਹਵਾ ਵਿਚ ਸੈਰ ਕਰਨਾ, ਲੋਕਾਂ ਨਾਲ ਗੱਲਬਾਤ ਕਰਨਾ ਜਾਂ ਸ਼ਾਮ ਦਾ ਸਮਾਂ ਸਾਥੀਆਂ ਨਾਲ ਬਿਤਾਉਣਾ।

ਖੁਸ਼ ਰਹਿਣ ਨਾਲ ਉਨ੍ਹਾਂ ਦਾ ਤਣਾਅ ਦੂਰ ਰਹਿੰਦਾ ਹੈ ਅਤੇ ਤੁਰਨ-ਫਿਰਨ ਨਾਲ ਉਹ ਸਰੀਰਕ ਤੌਰ 'ਤੇ ਕਿਰਿਆਸ਼ੀਲ ਰਹਿੰਦੇ ਹਨ ਪਰ ਇਸ ਸਮੇਂ ਲੱਕਡਾਊਨ ਹੈ ਤਾਂ ਜਾਹਿਰ ਹੈ ਕਿ ਉਹ ਘਰ ਤੋਂ ਬਾਹਰ ਨਹੀਂ ਜਾ ਸਕਦੇ। ਅਜਿਹੇ ਵਿਚ ਉਹ ਮਾਨਸਿਕ ਅਤੇ ਸਰੀਰਕ ਤੌਰ 'ਤੇ ਕਿਰਿਆਸ਼ੀਲ ਵੀ ਨਹੀਂ ਹੋਣਗੇ, ਜਿਸਦਾ ਅਸਰ ਉਨ੍ਹਾਂ ਦੀ ਸਿਹਤ 'ਤੇ ਪੈ ਸਕਦਾ ਹੈ। ਖਾਸ ਤੌਰ 'ਤੇ ਉਦੋਂ ਜਦੋਂ ਉਨ੍ਹਾਂ ਨੂੰ ਬੁਢਾਪੇ ਨਾਲ ਸਬੰਧਿਤ ਸਮੱਸਿਆਵਾਂ ਹੋਣ। ਅਜਿਹੇ ਵਿਚ ਉਹ ਖੁਦ ਦੇ ਲਈ ਅਤੇ ਅਸੀਂ ਉਨ੍ਹਾਂ ਦੀ ਰੂਟੀਨ ਵਿਚ ਬਦਲਾਅ ਲਿਆ ਸਕਦੇ ਹਾਂ।

ਭੋਜਨ ਵਿਚ ਪੌਸ਼ਟਿਕ ਆਹਾਰ :

ਇਸ ਸਮੇਂ ਉਨ੍ਹਾਂ ਦੀ ਕਿਰਿਆਸ਼ੀਲਤਾ ਘੱਟ ਹੈ ਇਸ ਲਈ ਉਨ੍ਹਾਂ ਦੇ ਖਾਣ-ਪੀਣ ਨੂੰ ਹਲਕਾ ਰਖੋ। ਇਸ ਨਾਲ ਉਨ੍ਹਾਂ ਦਾ ਪਾਚਨ ਠੀਕ ਰਹੇਗਾ। ਆਹਾਰ ਪੌਸ਼ਟਿਕ ਰਹੇ ਇਹ ਵੀ ਧਿਆਨ ਰਖੋ। ਭੋਜਨ ਵਿਚ ਵਧ ਰੇਸ਼ੇਦਾਰ ਖਾਧ ਪਦਾਰਥਾਂ ਨੂੰ ਸ਼ਾਮਿਲ ਕਰੋ। ਤਾਜ਼ੇ ਫਲ ਅਤੇ ਸਬਜ਼ੀਆਂ ਨਾ ਮਿਲਣ ਤਾਂ ਪੁੰਗਰੇ ਹੋਏ ਅਨਾਜ ਉਨ੍ਹਾਂ ਦੇ ਭੋਜਨ ਵਿਚ ਸ਼ਾਮਿਲ ਕਰੋ। ਘੱਟ ਚਰਬੀ ਵਾਲਾ ਭੋਜਨ ਦਿਉ। ਹੱਡੀਆਂ ਮਜ਼ਬੂਤ ਰਹਿਣ ਇਸ ਦੇ ਲਈ ਜ਼ਰੂਰੀ ਹੈ ਕਿ ਉਹ ਰੋਜ਼ਾਨਾ 20 ਮਿੰਟ ਧੁੱਪ ਵਿਚ ਬੈਠਣ। ਜੇਕਰ ਦਿਲ ਦਾ ਰੋਗ, ਸ਼ੂਗਰ ਵਰਗੀ ਸਮੱਸਿਆ ਹੈ ਤਾਂ ਡਾਕਟਰ ਦੁਆਰਾ ਦੱਸੀ ਗਈ ਖੁਰਾਕ ਹੀ ਦਿਉ। ਭੋਜਨ ਵਿਚ ਕੋਈ ਪ੍ਰਯੋਗ ਨਾ ਕਰੋ।

ਤਣਾਅ ਤੋਂ ਦੂਰੀ ਬੰਨ੍ਹੀ :

ਇਸ ਹਾਲਤ ਵਿਚ ਤਣਾਅ ਹੋਣਾ ਸੁਭਾਵਿਕ ਹੈ। ਇਹ ਸ਼ੂਗਰ, ਦਮਾ, ਦਿਲ ਦੇ ਰੋਗ, ਪਾਚਨ ਤੰਤਰ ਦੀਆਂ ਸਮੱਸਿਆਵਾਂ, ਚਿੰਤਾ ਅਤੇ ਅਵਸਾਦ ਵਰਗੀਆਂ ਸਮੱਸਿਆਵਾਂ ਵਧਾ ਸਕਦਾ ਹੈ। ਅਜਿਹੇ ਵਿਚ ਉਨ੍ਹਾਂ ਨੂੰ ਤਣਾਅ ਦੇਣ ਵਾਲੀਆਂ ਗੱਲਾਂ ਅਤੇ ਮਾਹੌਲ ਤੋਂ ਦੂਰ ਰਖੋ। ਖਾਸ ਤੌਰ 'ਤੇ ਬੀਮਾਰੀਆਂ ਦੀਆਂ ਅਫਵਾਹਾਂ ਤੋਂ ਦੂਰ ਰਖੋ। ਧਿਆਨ ਭਟਕਾਉਣ ਦੇ ਲਈ ਪੂਰਾ ਦਿਨ ਕਿਸੇ ਕੰਮ ਵਿਚ ਉਨ੍ਹਾਂ ਨੂੰ ਰੁੱਝੇ ਰਹਿਣ ਦਿਉ। ਇਸ ਵਿਚ ਬੱਚੇ ਸਹਾਇਕ ਹੋ ਸਕਦੇ ਹਨ। ਘਰ ਦਾ ਵਾਤਾਵਰਣ ਸਕਾਰਾਤਮਕ ਅਤੇ ਖੁਸ਼ਹਾਲ ਰੱਖਣ ਦੀ ਕੋਸ਼ਿਸ਼ ਕਰੋ।

ਬੈਠੇ ਨਾ ਸਗੋਂ ਕਸਰਤ ਕਰੋ :

ਬਜ਼ੁਰਗਾਂ ਦੇ ਲਈ ਇਸ ਸਮੇਂ ਬਾਹਰ ਘੁੰਮਣਾ ਸੰਭਵ ਨਹੀਂ ਹੈ। ਅਜਿਹੇ ਵਿਚ ਡਾਕਟਰ ਦੀ ਸਲਾਹ ਨਾਲ ਉਨ੍ਹਾਂ ਨੂੰ ਰੋਜ਼ਾਨਾ ਆਸਾਨ ਹਲਕੀ-ਫੁਲਕੀ ਕਸਰਤ ਕਰਵਾ ਸਕਦੇ ਹੋ। ਕਸਰਤ ਉਨ੍ਹਾਂ ਨੂੰ ਇਕੱਲੇਪਨ, ਚਿੰਤਾ ਅਤੇ ਡਰ ਨਾਲ ਲੜਨ ਵਿਚ ਮਦਦ ਕਰ ਸਕਦੀ ਹੈ। ਉਨ੍ਹਾਂ ਨੂੰ ਲਗਾਤਾਰ ਟੀ.ਵੀ. ਦੇਖਣ ਜਾਂ ਬੈਠੇ ਰਹਿਣ ਤੋਂ ਰੋਕੋ। ਹੁਣ ਸਾਰੇ ਘਰ ਵਿਚ ਹੁੰਦੇ ਹਨ, ਇਸ ਲਈ ਉਨ੍ਹਾਂ ਦੇ ਕੰਮ ਕਰਨ ਵਿਚ ਸਾਰੇ ਮਦਦ ਕਰਦੇ ਹੋਣਗੇ। ਪਰ ਅਜਿਹਾ ਪੂਰਾ ਦਿਨ ਨਾ ਕਰੋ। ਬਜ਼ੁਰਗਾਂ ਦੇ ਲਈ ਥੋੜ੍ਹਾ-ਬਹੁਤ ਤੁਰਨਾ-ਫਿਰਨਾ ਜ਼ਰੂਰੀ ਹੈ ਅਜਿਹੇ ਵਿਚ ਉਨ੍ਹਾਂ ਨੂੰ ਘਰ ਵਿਚ ਹੀ ਥੋੜ੍ਹਾ-ਬਹੁਤ ਘੁੰਮਣ ਲਈ ਕਹੋ। ਇਸ ਦੇ ਲਈ ਘਰ ਦਾ ਕਮਰਾ ਜਾਂ ਹੱਲ ਕਾਫੀ ਹੋਵੇਗਾ।

ਦੋਸਤਾਂ ਨਾਲ ਜੋੜੀ ਰੱਖੋ :

ਲੱਕਡਾਊਨ ਤੋਂ ਪਹਿਲਾਂ ਘਰ ਦੇ ਬਜ਼ੁਰਗ ਬਾਹਰ ਘੁੰਮਦੇ ਹੋਏ ਆਪਣੇ ਦੋਸਤਾਂ ਜਾਂ ਲੋਕਾਂ ਨਾਲ ਗੱਲਬਾਤ ਕਰਦੇ ਰਹਿੰਦੇ ਹੋਣਗੇ ਪਰ ਹੁਣ ਉਨ੍ਹਾਂ ਨੂੰ ਇਸ ਦੀ ਘਾਟ ਮਹਿਸੂਸ ਹੋ ਰਹੀ ਹੋਵੇਗੀ। ਫੋਨ ਜਾਂ ਵੀਡੀਓ ਕੱਲ ਦੇ ਰਾਹੀਂ ਉਨ੍ਹਾਂ ਦੀ ਦੋਸਤਾਂ ਜਾਂ ਰਿਸ਼ਤੇਦਾਰਾਂ ਨਾਲ ਗੱਲ ਕਰਵਾ ਸਕਦੇ ਹੋ। ਨਾਲ ਹੀ ਪਰਿਵਾਰ ਦੇ ਮੈਂਬਰ ਵੀ ਉਨ੍ਹਾਂ ਨਾਲ ਗੱਲਬਾਤ ਕਰਦੇ ਰਹਿਣ, ਉਨ੍ਹਾਂ ਨੂੰ ਇਕੱਲਾ ਨਾ ਛੱਡਣ। ਇਸ ਤੋਂ ਇਲਾਵਾ ਉਨ੍ਹਾਂ ਨੂੰ ਨਵੀਆਂ-ਨਵੀਆਂ ਤਕਨੀਕਾਂ ਤੋਂ ਜਾਣੂ ਕਰਵਾਉ। ਹੋ ਸਕਦਾ ਹੈ ਇਹ ਫੁਰਸਤ ਉਨ੍ਹਾਂ ਨੂੰ ਵੀ ਸਿਖਣ ਦਾ ਚੰਗਾ ਮੌਕਾ ਲੱਗਣ ਲੱਗੇ।

ਦਵਾਈਆਂ ਦਾ ਸਹੀ ਪ੍ਰਬੰਧ :

- ਬਜ਼ੁਰਗ ਜਿਹੜੀਆਂ ਦਵਾਈਆਂ ਲੈਂਦੇ ਹਨ, ਉਨ੍ਹਾਂ ਦੀ ਉਪਲੱਬਧਤਾ ਹਰ ਵੇਲੇ ਰਹੇ ਇਹ ਧਿਆਨ ਰੱਖੋ। ਇਸ ਸਮੇਂ ਸਾਡੀ ਸਭ ਦੀ ਰੂਟੀਨ ਬਦਲ ਗਈ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਦਵਾਈ ਦੇਣਾ ਭੁੱਲ ਜਾਉ। ਅਜਿਹੇ ਵਿਚ ਥੋੜ੍ਹੀ ਜਿਹੀ ਵੀ ਢਿੱਲ ਉਨ੍ਹਾਂ ਦੇ ਲਈ ਨੁਕਸਾਨਦਾਇਕ ਹੋ ਸਕਦੀ ਹੈ।
- ਡਾਕਟਰਾਂ ਦੇ ਫੋਨ ਨੰਬਰ ਦੀ ਸੂਚੀ ਬਣਾ ਕੇ ਦਵਾਈ ਦੇ ਨਾਲ ਰੱਖੋ ਤਾਂ ਕਿ ਲੋੜ ਪੈਣ 'ਤੇ ਫੋਨ 'ਤੇ ਹੀ ਡਾਕਟਰ ਦੀ ਸਲਾਹ ਲਈ ਜਾ ਸਕੇ।
- ਫੋਨ 'ਤੇ ਇਕ ਟ੍ਰੈਕਿੰਗ ਸਿਸਟਮ ਵੀ ਲਗਾ ਸਕਦੇ ਹੋ ਜਿਸ ਨਾਲ ਦਵਾਈ ਕਦੋਂ ਖਤਮ ਹੋਣ ਵਾਲੀ ਹੈ ਸਿਸਟਮ ਯਾਦ ਦਿਵਾਉਂਦਾ ਰਹੇ।■

MAGZTER

ਦਰਬਾਰਾ ਸਿੰਘ ਕਾਹਲੋਂ,
ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ।
94170-94034

ਅਡਮਰਸ਼ਾਹ ਕੋਰੋਨਾ ਵਾਇਰਸ ਗ੍ਰਸਤ ਪੰਜਾਬ ਸਰਕਾਰ

ਪੰਜਾਬ ਜਦੋਂ ਕੋਰੋਨਾ ਵਾਇਰਸ-2019 (ਕੋਵਿਡ-19) ਨਾਲ ਬੁਰੀ ਤਰ੍ਹਾਂ ਨਢਾਲ ਹੋਇਆ ਪਿਆ ਹੈ, ਸਰਕਾਰ ਅਤੇ ਪ੍ਰਸ਼ਾਸਨ ਦੀ ਨਾ ਅਹਿਲੀਅਤ ਕਰਕੇ ਰਾਜ ਵਿਚੋਂ ਕਰੀਬ 50 ਲੱਖ ਪ੍ਰਵਾਸੀ ਕਾਮੇ ਲੁਧਿਆਣਾ, ਜਲੰਧਰ, ਗੋਬਿੰਦਗੜ੍ਹ, ਬਟਾਲਾ ਦੀਆਂ ਸਨਅੱਤਾਂ, ਵਿਸ਼ਾਲ ਖੇਤੀ ਸੈਕਟਰ ਖਾਲੀ ਕਰਕੇ ਪਲਾਇਨ ਕਰ ਗਏ, ਲੱਖਾਂ ਕਾਮੇ, ਨਿੱਜੀ ਕਾਰੋਬਾਰਾਂ ਨਾਲ ਜੁੜੇ ਛੋਟੇ ਲੋਕ ਬੇਕਾਰ ਹੋ ਚੁੱਕੇ ਹਨ, ਪੰਜਾਬ ਦੀ ਆਰਥਿਕਤਾ ਡੁੱਬਣ ਕਿਨਾਰੇ ਖੜ੍ਹੀ ਹੈ, ਕੇਂਦਰ ਸਰਕਾਰ ਇਸ ਨੂੰ ਕੋਈ ਵਿਸ਼ੇਸ਼ ਆਰਥਿਕ ਪੈਕੇਜ ਦੇਣ ਲਈ ਰਾਜ਼ੀ ਨਹੀਂ।

MAGZTER

ਆਖਰ ਪੰਜਾਬ ਅੰਦਰ 16 ਮਾਰਚ, 2017 ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਗਠਤ ਪੰਜਾਬ ਸਰਕਾਰ ਦਾ ਤਕਬੱਰੀ ਅਤੇ ਅਫਸਰਸ਼ਾਹ ਕਵਚ ਬੁਰੀ ਤਰ੍ਹਾਂ ਖੱਖੜੀ-ਖੱਖੜੀ ਹੋ ਗਿਆ ਹੈ। ਇਸ ਕਵਚ ਵਿਚ ਪਿਛਲੇ ਸਵਾ ਕੁ ਤਿੰਨ ਸਾਲ ਤਕ ਕੈਦ ਬੈਠੇ ਮੰਤਰੀਆਂ ਦੇ ਸਬਰ-ਸੰਤੋਖ ਦਾ ਬੰਨ ਵੀ ਆਖਰ ਟੁੱਟ ਗਿਆ।

ਪੰਜਾਬ ਜਦੋਂ ਕੋਰੋਨਾ ਵਾਇਰਸ-2019 (ਕੋਵਿਡ-19) ਨਾਲ ਬੁਰੀ ਤਰ੍ਹਾਂ ਨਢਾਲ ਹੋਇਆ ਪਿਆ ਹੈ, ਸਰਕਾਰ ਅਤੇ ਪ੍ਰਸ਼ਾਸਨ ਦੀ ਨਾ ਅਹਿਲੀਅਤ ਕਰਕੇ ਰਾਜ ਵਿਚੋਂ ਕਰੀਬ 50 ਲੱਖ ਪ੍ਰਵਾਸੀ ਕਾਮੇ ਲੁਧਿਆਣਾ, ਜਲੰਧਰ, ਗੋਬਿੰਦਗੜ੍ਹ, ਬਟਾਲਾ ਦੀਆਂ ਸਨਅੱਤਾਂ, ਵਿਸ਼ਾਲ ਖੇਤੀ ਸੈਕਟਰ ਖਾਲੀ ਕਰਕੇ ਪਲਾਇਨ ਕਰ ਗਏ, ਲੱਖਾਂ ਕਾਮੇ, ਨਿੱਜੀ ਕਾਰੋਬਾਰਾਂ ਨਾਲ ਜੁੜੇ ਛੋਟੇ ਲੋਕ ਬੇਕਾਰ ਹੋ ਚੁੱਕੇ ਹਨ, ਪੰਜਾਬ ਦੀ ਆਰਥਿਕਤਾ ਡੁੱਬਣ ਕਿਨਾਰੇ ਖੜ੍ਹੀ ਹੈ, ਕੇਂਦਰ ਸਰਕਾਰ ਇਸ ਨੂੰ ਕੋਈ ਵਿਸ਼ੇਸ਼ ਅਧਿਕਾਰ ਪੈਕੇਜ ਦੇਣ ਲਈ ਰਾਜ਼ੀ ਨਹੀਂ। ਐਸੀ ਸਥਿਤੀ ਵਿਚ ਪੰਜਾਬ ਨੂੰ ਇਕ ਮਜ਼ਬੂਤ ਅਗਵਾਈ ਦੀ ਲੋੜ ਸੀ ਜੋ ਰਾਜ ਦੀਆਂ ਸਾਰੀਆਂ ਵਿਰੋਧੀ ਧਿਰਾਂ ਨੂੰ ਨਾਲ ਲੈ ਕੇ ਚਲਦੀ। ਲੇਕਿਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਐਸੀ ਮਹਾਂਮਾਰੀ ਚਲਦੇ ਰਾਜ ਵਿਚੋਂ ਬਾਹਰ ਚਲੇ ਗਏ ਅਤੇ ਗੁਆਂਢੀ ਪਹਾੜੀ ਰਾਜ ਵਿਚੋਂ ਆਪਣੇ ਫਾਰਮ ਹਾਊਸ ਤੋਂ ਰਿਮੋਟ ਕੰਟਰੋਲ ਰਾਹੀਂ ਅਫਸਰਸ਼ਾਹੀ ਬਲਬੂਤੇ ਸ਼ਾਸਨ ਚਲਾਉਣ ਲਗੇ। ਸੰਕਟ ਸਮੇਂ ਉਨ੍ਹਾਂ ਲੋਕਾਂ ਅਤੇ ਰਾਜ ਨੂੰ ਗੈਰ-ਜ਼ਿੰਮੇਵਾਰ ਅਤੇ ਗੈਰ-ਜਵਾਬਦੇਹ ਅਫਸਰਸ਼ਾਹੀ ਭਰੋਸੇ ਛੱਡ ਜਾਣਾ ਅਤਿ ਸ਼ਰਮਨਾਕ ਅਤੇ ਨਿੰਦਣਯੋਗ ਵਰਤਾਰਾ ਕਿਹਾ ਜਾ ਸਕਦਾ ਹੈ ਜਿਸਦਾ ਨਤੀਜਾ ਰਾਜ ਵਿਚ ਸੰਵਿਧਾਨਕ ਸੰਕਟ ਵਜੋਂ ਸਾਹਮਣੇ ਆਇਆ।

ਆਬਕਾਰੀ ਵਿਭਾਗ ਜੋ ਮੁੱਖ ਮੰਤਰੀ ਪਾਸ ਹੈ ਅਤੇ ਜਿਸ ਦੇ ਪ੍ਰਮੁੱਖ ਸਕੱਤਰ ਵੀ ਰਾਜ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਸਨ, ਸਬੰਧੀ ਪ੍ਰੀ ਕੈਬਨਿਟ ਮੀਟਿੰਗ ਮੁੱਖ ਮੰਤਰੀ ਗੈਰ-ਹਾਜ਼ਰੀ ਵਿਚ ਕਰਨ ਲਈ ਮੁੱਖ ਸਕੱਤਰ, ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨਾਲ ਆਏ। ਉਨ੍ਹਾਂ ਮੰਤਰੀ ਮੰਡਲ ਵਲੋਂ ਉਨ੍ਹਾਂ ਵਲੋਂ ਤਿਆਰ ਏਜੰਡੇ 'ਤੇ 'ਰਬੜ ਸਟੈਂਪ' ਵਜੋਂ ਮੁਹਰ ਲਾਉਣ ਲਈ ਹੁਕਮ ਦਿਤਾ। ਮੰਤਰੀਆਂ ਦੀਆਂ ਤਜਵੀਜ਼ਾਂ ਨੂੰ ਉੱਕਾ ਨਾਕਾਰ ਦਿਤਾ। ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਇਸ 'ਤੇ ਪ੍ਰਸ਼ਨ ਉਠਾਉਣ 'ਤੇ ਉਨ੍ਹਾਂ ਤਾਨਾਸ਼ਾਹੀ ਵਤੀਰਾ ਧਾਰਨ ਕਰਦੇ ਇਥੋਂ ਤਕ ਕਹਿ ਦਿਤਾ ਕਿ ਤੁਸੀਂ ਕੌਣ ਹੁੰਦੇ ਹੋ ਇਸ ਆਬਕਾਰੀ ਨੀਤੀ ਵਿਚ ਦਖ਼ਲ ਦੇਣ ਵਾਲੇ ਇਸ ਨੂੰ ਕੈਬਨਿਟ ਦੀ ਸਮੂਹਿਕ ਬੇਇਜ਼ਤੀ ਸਮਝਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਲੋਹੇ ਲਾਖੇ ਹੋਏ ਵਾਕ ਆਊਟ ਕਰ ਗਏ ਚਰਨਜੀਤ ਚੰਨੀ ਸਮੇਤ। ਪਿੱਛੇ ਸਾਰੇ ਕੈਬਨਿਟ ਮੰਤਰੀ ਸਮੇਤ ਸੀਨੀਅਰ ਕੈਬਨਿਟ ਮੰਤਰੀ ਬ੍ਰਹਮਮਹਿੰਦਰਾ ਦੇ ਵਾਕ ਆਊਟ ਕਰ ਗਏ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਮੁੱਖ ਸਕੱਤਰ ਦੇ ਤਾਨਾਸ਼ਾਹ ਵਤੀਰੇ ਦਾ ਸਖ਼ਤ ਨੋਟਿਸ ਲਿਆ। ਭਾਰਤੀ ਲੋਕਤੰਤਰ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਕਿਸੇ ਮੁੱਖ ਸਕੱਤਰ ਨੇ ਸੰਵਿਧਾਨ ਬੇਵਕੂਫੀ ਕੀਤੀ ਹੋਵੇ।

ਬਾਹਰ ਪੱਤਰਕਾਰਾਂ ਅਤੇ ਟੀ.ਵੀ. ਚੈਨਲ ਐਂਕਰਾਂ ਨਾਲ ਗੱਲ ਕਰਦੇ ਵਿੱਤ ਮੰਤਰੀ ਅਤੇ ਚਰਨਜੀਤ ਚੰਨੀ ਨੇ ਕਿਹਾ, ਉਹ ਕਿਸੇ ਕੈਬਨਿਟ ਮੀਟਿੰਗ ਵਿਚ ਭਾਗ ਨਹੀਂ ਲੈਣਗੇ ਜੇ ਮੁੱਖ ਸਕੱਤਰ ਉਥੇ ਹੋਣਗੇ। ਇਹੋ ਰਾਏ ਕੁਝ ਇਕ ਹੋਰ ਮੰਤਰੀਆਂ ਦੀ ਸੀ। ਲਿਹਾਜ਼ਾ ਮੁੱਖ ਮੰਤਰੀ ਨੇ ਅਗਲੀ ਵੀਡੀਓ ਕਾਨਫਰੰਸਿਗ ਰਾਹੀਂ ਆਪਣੇ ਫਾਰਮ ਹਾਊਸ ਵਿਚੋਂ ਕੈਬਨਿਟ ਮੀਟਿੰਗ ਵਿਚ ਕਰਨ ਅਵਤਾਰ ਨੂੰ ਆਉਣੋਂ ਮਨ੍ਹਾਂ ਕਰ ਦਿਤਾ। ਲਿਹਾਜ਼ਾ ਉਸ ਨੇ ਅੱਧੇ ਦਿਨ ਦੀ ਛੁੱਟੀ ਲੈ ਲਈ। ਬਗੈਰ ਕੋਈ ਆਬਕਾਰੀ ਨੀਤੀ ਸਬੰਧੀ ਸੁਝਾਉ ਦੇਣ ਉਲਟ ਸਾਰਾ ਮਾਮਲਾ ਮੁੱਖ ਮੰਤਰੀ 'ਤੇ ਸੁੱਟ ਦਿਤਾ। ਨਾਲ ਸਪੱਸ਼ਟ ਕਹਿ ਦਿਤਾ ਕਿ ਇਸ ਨੀਤੀ ਦੇ ਲਾਭ ਜਾਂ ਹਾਨੀ ਲਈ ਖ਼ੁਦ ਮੁੱਖ ਮੰਤਰੀ ਜ਼ਿੰਮੇਵਾਰ ਹੋਣਗੇ। ਇਹ ਇਕ ਕਿਸਮ ਦਾ ਸੰਵਿਧਾਨਕ ਤੌਰ 'ਤੇ ਮੰਤਰੀ ਮੰਡਲ ਸਹਿਯੋਗੀਆਂ ਵਲੋਂ ਮੁੱਖ ਮੰਤਰੀ ਵਿਰੁੱਧ ਬੇਪ੍ਰਤੀਭੀ ਵਾਲਾ ਵਰਤਾਰਾ ਸੀ।

ਮੁੱਖ ਮੰਤਰੀ ਨੂੰ ਆਪਣੇ ਸਹਿਯੋਗੀਆਂ ਦੀ ਮੰਗ 'ਤੇ ਮੁੱਖ ਸਕੱਤਰ ਨੂੰ ਅਹੁਦੇ ਤੋਂ ਲਾਂਭੇ ਕਰ ਦੇਣਾ ਚਾਹੀਦਾ ਸੀ। ਰਾਜ ਵਿਚ ਹੋਰ ਚੰਗੇ ਬਦਲ ਦੀ ਘਾਟ ਨਹੀਂ। ਪਰ ਉਨ੍ਹਾਂ ਉਸ ਤੋਂ ਆਬਕਾਰੀ ਵਿਭਾਗ ਵਾਪਸ ਲੈ ਲਿਆ, ਨਾਲ ਹੀ ਫਾਈਨੈਂਸ ਕਮਿਸ਼ਨਰ ਵਿੱਤ ਦਾ ਅਹੁਦਾ ਵੀ ਵਾਪਸ ਲੈ ਲਿਆ। ਆਬਕਾਰੀ ਨੀਤੀ ਜਾਰੀ ਕਰ ਦਿਤੀ। ਹੋਮ ਡਿਲੀਵਰੀ ਦਾ ਕੰਮ ਠੇਕੇਦਾਰਾਂ 'ਤੇ ਛੱਡ ਦਿਤਾ। ਨੁਕਸਾਨ ਪੂਰਤੀ ਲਈ ਮੈਂਬਰੀ ਕਮੇਟੀ ਬੈਠਾ ਦਿਤੀ।

ਇਸੇ ਦੌਰਾਨ ਦਲਿਤ ਭਾਈਚਾਰੇ ਨਾਲ ਸਬੰਧਿਤ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਧਮਕਾਉਣ ਅਤੇ ਬਲੈਕਮੇਲ ਕਰਨ ਲਈ ਮੁੱਖ ਮੰਤਰੀ ਦੇ ਲੱਠਮਾਰ ਬਾਣੇਦਾਰ ਵਜੋਂ ਕੰਮ ਕਰ ਰਹੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉਨ੍ਹਾਂ ਦੇ ਸਰਕਾਰੀ ਗ੍ਰਹਿ ਵਿਖੇ ਗਏ। ਕਾਂਗਰਸ ਦੇ ਪ੍ਰਧਾਨ ਮੰਤਰੀਆਂ ਅਤੇ ਮੁੱਖ ਮੰਤਰੀਆਂ ਦਾ ਗੈਰ-ਸੰਵਿਧਾਨਕ ਬਲੈਕਮੇਲ ਵਰਤਾਰਾ ਸਭ ਜਾਣਦੇ ਹਨ ਜੋ ਅਕਸਰ ਆਪਣੇ ਮੰਤਰੀ ਮੰਡਲ ਸਹਿਯੋਗੀਆਂ ਦੇ ਭ੍ਰਿਸ਼ਟਾਚਾਰ, ਬਦਇਖ਼ਲਾਕ ਅਤੇ ਬੇਨਿਯਮੀਆਂ ਬਾਰੇ ਗੁਪਤ ਫਾਈਲਾਂ ਕੋਲ ਰਖਦੇ ਹਨ। ਕੈਪਟਨ ਸਾਹਿਬ ਨੇ ਵੀ ਪ੍ਰਤਾਪ ਸਿੰਘ ਕੈਰੋਂ, ਬੇਅੰਤ ਸਿੰਘ ਆਦਿ ਵਾਂਗ ਇਹ ਵਰਤਾਰਾ ਕਾਇਮ ਰਖਿਆ ਹੋਇਆ ਹੈ। ਸ. ਬਾਜਵਾ ਨੇ ਤੱਕੜੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਜਾਂ ਸੁਖਜਿੰਦਰ ਰੰਧਾਵਾ ਵੱਲ ਮੂੰਹ ਨਾ ਕੀਤਾ। ਸ੍ਰੀ

MAGZTER

ਚੰਨੀ ਨੂੰ ਧਮਕੀ ਦਿੰਦੇ ਕਿਹਾ ਜਾਂ ਤਾਂ ਕਰਨ ਅਵਤਾਰ ਸਿੰਘ ਮੁੱਖ ਸਕੱਤਰ ਅਤੇ ਮੁੱਖ ਮੰਤਰੀ ਵਿਰੁੱਧ ਵਤੀਰਾ ਬਦਲ ਲੈਣ ਨਹੀਂ ਤਾਂ ਉਨ੍ਹਾਂ ਦਾ ਪੁਰਾਣਾ ਕੇਸ ਜਿਸ ਵਿਚ ਇਕ ਮਹਿਲਾ ਆਈ.ਏ.ਐੱਸ. ਨਾਲ ਛੇੜ ਛਾੜ ਦਾ ਮਾਮਲਾ ਸ਼ਾਮਿਲ ਹੈ, ਮੁੜ ਖੋਲ੍ਹ ਕੇ ਉਨ੍ਹਾਂ ਵਿਰੁੱਧ ਕੇਸ ਦਰਜ ਕਰ ਦਿਤਾ ਜਾਵੇਗਾ। ਪਰ ਉਹ ਝੁੱਕੇ ਨਹੀਂ। ਇਹ ਮੰਤਰੀ ਕੈਪਟਨ ਵਿਰੋਧੀ ਸਾਬਕਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨਾਂ ਸ. ਪ੍ਰਤਾਪ ਸਿੰਘ ਬਾਜਵਾ, ਸਮਸ਼ੇਰ ਸਿੰਘ ਦੂਲੋ, ਬਟਾਲਾ ਤੋਂ ਸਾਬਕਾ ਕਾਂਗਰਸ ਮੰਤਰੀ ਅਸ਼ਵਨੀ ਸੇਖੜੀ ਨਾਲ ਬਾਰ-ਬਾਰ ਆਢਾ ਲਾਉਣ ਅਤੇ ਪਾਰਟੀ ਦੀ ਛਵੀ ਅਤੇ ਇਕਜੁੱਟਤਾ ਨੂੰ ਢਾਹ ਲਾਉਣ ਵਿਚ ਮੋਹਰੀ ਭੂਮਿਕਾ ਨਿਭਾਉਣ ਲਈ ਜ਼ਿੰਮੇਵਾਰ ਰਿਹਾ ਹੈ। ਹੁਣ ਵਾਲੇ ਸੰਵਿਧਾਨਕ ਸੰਕਟ ਵਿਚ ਪਹਿਲਾਂ ਮੰਤਰੀ ਮੰਡਲ ਨਾਲ ਅਤੇ ਫਿਰ ਉਸ ਨੂੰ ਕੈਪਟਨ ਦੇ ਇਸ਼ਾਰੇ 'ਤੇ ਦੋਫਾੜ ਕਰਨ ਲਈ ਵਿਲੇਨ ਅਤੇ ਥਾਣੇਦਾਰੀ ਭੂਮਿਕਾ ਨਿਭਾਉਂਦਾ ਦਸ ਰਿਹਾ ਹੈ। ਜਦਕਿ ਚਰਨਜੀਤ ਚੰਨੀ ਦੀ ਪਿੱਠ 'ਤੇ ਖਲੋਣ 'ਤੇ ਗੈਰ-ਸੰਵਿਧਾਨਕ ਵਤੀਰਾ ਧਾਰਨ ਕਰਨ ਵਾਲੇ ਮੁੱਖ ਸਕੱਤਰ ਨੂੰ ਚਲਦਾ ਕਰਨ ਲਈ ਦਰਜਨ ਦੇ ਕਰੀਬ ਵਿਧਾਇਕ ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਡਾ. ਰਾਜ ਕੁਮਾਰ ਵੇਰਕਾ, ਜੋਗਿੰਦਰ ਪਾਲ, ਸੰਗਤ ਸਿੰਘ ਗਿਲਜ਼ੀਆਂ, ਰਾਜਾ ਵੜਿੰਗ, ਬਰਿੰਦਰਮੀਤ ਪਾਹੜਾ, ਕੁਲਬੀਰ ਜ਼ੀਰਾ, ਫਤਿਹਜੰਗ ਬਾਜਵਾ ਆਦਿ ਸ਼ਾਮਿਲ ਹਨ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨ ਸ਼੍ਰੀ ਸੁਨੀਲ ਜਾਖੜ ਨੇ ਤੁਰੰਤ ਗੈਰ-ਸੰਵਿਧਾਨਕ ਵਤੀਰੇ ਵਾਲੇ ਅਤੇ ਸ਼ਰਾਬ ਮਾਫੀਏ ਨਾਲ ਪਰਿਵਾਰਕ ਸੰਬੰਧ ਰਖਣ ਵਾਲੇ ਮੁੱਖ ਸਕੱਤਰ ਨੂੰ ਮੁੱਖ ਮੰਤਰੀ ਤੋਂ ਚਲਦਾ ਕਰਨ ਦੀ ਮੰਗ ਕੀਤੀ ਹੈ। ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਉਸ ਵਿਰੁੱਧ ਸੀ.ਬੀ.ਆਈ ਜਾਂ ਰਾਜ ਤੋਂ ਬਾਹਰ ਕਿਸੇ ਸਮਰੱਥ ਏਜੰਸੀ ਤੋਂ ਜਾਂਚ ਦੀ ਮੰਗ ਕੀਤੀ ਹੈ। ਮੁੱਖ ਸਕੱਤਰ ਪਰਿਵਾਰ ਦੇ ਸ਼ਰਾਬ ਮਾਫੀਆਂ ਨਾਲ ਸੰਬੰਧਾਂ ਦੇ ਬਖੀਏ ਉਧੇੜ ਦੇ ਸੰਗੀਨ ਇੰਕਸ਼ਾਫ ਮੁੱਖ ਮੰਤਰੀ ਸਲਾਹਕਾਰ ਵਿਧਾਇਕ ਰਾਜਾ ਵੜਿੰਗ ਅਮਰਿੰਦਰ ਨੇ ਕਰਦਿਆਂ ਸਾਫ ਕਿਹਾ ਕਿ ਉਹ ਐਸੇ ਨਾਅਹਿਲ, ਭ੍ਰਿਸ਼ਟ ਅਧਿਕਾਰੀ ਨੂੰ ਤਹਿਸੀਲਦਾਰ ਲਾਉਣ ਲਈ ਵੀ ਤਿਆਰ ਨਹੀਂ। ਕੈਬਨਿਟ ਮੰਤਰੀ ਸੁਖਜਿੰਦਰ ਰੰਧਾਵਾ ਨੇ ਉਸ 'ਤੇ 'ਕਨਫਲਿਕਟ ਆੱਫ ਇੰਟਰੈਸਟ' ਦਾ ਦੋਸ਼ ਲਗਾਉਂਦੇ ਚਲਦਾ ਕਰਨ ਅਤੇ ਜਾਂਚ ਬੈਠਾਉਣ ਦੀ ਮੰਗ ਕੀਤੀ ਹੈ।

ਆਮ ਆਦਮੀ ਪਾਰਟੀ ਪੰਜਾਬ ਅੰਦਰ ਆਬਕਾਰੀ ਨੀਤੀ ਸ਼ਰਾਬ ਮਾਫੀਏ ਅਨੁਸਾਰ ਚਲਾਈ ਜਾਣ ਦਾ ਦੋਸ਼ ਲਗਾਉਂਦੀ ਹੈ ਉਹ ਭਾਵੇਂ ਕਾਂਗਰਸ ਜਾਂ ਅਕਾਲੀ-ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੋਵੇ। ਉਹ ਅਜੋਕੇ ਸੰਕਟ ਵਿਚ ਮੁੱਖ ਸਕੱਤਰ ਅਤੇ ਦੋਸ਼ਪੂਰਨ ਆਬਕਾਰੀ ਨੀਤੀ ਕਰਕੇ ਸਾਲਾਨਾ ਪੰਜਾਬ ਦੇ ਖਜ਼ਾਨੇ ਨੂੰ ਹਜ਼ਾਰਾਂ ਕਰੋੜ ਨੁਕਸਾਨ ਸਬੰਧੀ ਹਾਈਕੋਰਟ ਦੇ ਸਿਟਿੰਗ ਜੱਜ ਦੀ ਦੇਖ-ਰੇਖ ਸੀ.ਬੀ.ਆਈ. ਜਾਂਚ ਦੀ ਮੰਗ ਕਰਦੀ ਹੈ।

> “ਤਾਮਿਲਨਾਡੂ ਅਤੇ ਪੰਜਾਬ ਵਿਚ ਸ਼ਰਾਬ ਦੀ ਕੀਮਤ ਲਗਭਗ ਬਰਾਬਰ ਹੈ। ਉਥੇ 6000 ਠੇਕੇ ਹਨ ਜਦਕਿ ਪੰਜਾਬ ਵਿਚ 12500 ਹਨ। ਤਾਮਿਲਨਾਡੂ ਦੀ ਸਾਲਾਨਾ ਆਮਦਨ 30,000 ਕਰੋੜ ਹੈ ਜਦਕਿ ਪੰਜਾਬ ਦੀ ਕਰੀਬ 5000 ਕਰੋੜ। ਵਿਚਲਾ 25000 ਕਰੋੜ ਸਾਲਾਨਾ ਫਰਕ ਸ਼ਰਾਬ ਮਾਫੀਆ, ਰਾਜਨੀਤੀਵਾਨ ਅਤੇ ਅਫਸਰਸ਼ਾਹ ਹੜੱਪ ਰਹੇ ਹਨ।”

ਅਕਾਲੀ ਦਲ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਤਾਂ ਇਸ ਸਬੰਧੀ ਮੁੱਖ ਸਕੱਤਰ ਜਾਂ ਮੰਤਰੀਆਂ ਵਿਚੋਂ ਜੋ ਝੂਠਾ ਹੈ ਉਸ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕਰਦੇ ਹਨ। ਅਕਾਲੀ ਆਗੂ ਬਿਕਰਮ ਮਜੀਠੀਆ ਵਿੱਤ ਮੰਤਰੀ ਮਨਪ੍ਰੀਤ ਬਾਦਲ 'ਤੇ ਹਮਲਾ ਕਰਦੇ ਕਹਿੰਦੇ ਹਨ ਕਿ ਉਹ ਆਪਣੀਆਂ ਨਾਕਾਮੀਆਂ 'ਤੇ ਪਰਦਾ ਪੋਸ਼ੀ ਲਈ ਮੁੱਖ ਸਕੱਤਰ ਨੂੰ ਬਲੀ ਦਾ ਬੱਕਰਾ ਬਣਾ ਰਹੇ ਹਨ। ਭਾਜਪਾ ਪੰਜਾਬ ਇਕਾਈ ਪ੍ਰਧਾਨ ਅਸ਼ਵਨੀ ਕੁਮਾਰ ਅਨੁਸਾਰ ਪੰਜਾਬ ਸਰਕਾਰ ਕੋਵਿਡ-19 ਪ੍ਰਤੀ ਗੰਭੀਰ ਨਹੀਂ। ਆਪਣੇ ਨਿੱਜੀ ਮੁਫਾਦਾਂ ਲਈ ਸਰਕਾਰ ਅਤੇ ਅਫਸਰਸ਼ਾਹ ਬਾਂਦਰ ਵੰਡ ਵਿਚ ਲੁਪਤ ਹਨ।

ਸਾਬਕਾ ਮੰਤਰੀ ਨਵਜੋਤ ਸਿੱਧੂ ਆਪਣੀ ਸਰਕਾਰ ਦੀ ਪੰਜਾਬ ਵਿਰੋਧੀ ਆਬਕਾਰੀ ਨੀਤੀ ਦਾ ਪਰਦਾਫਾਸ਼ ਕਰਦਾ ਇਥੇ ਆਬਕਾਰੀ ਕਾਰਪੋਰੇਸ਼ਨ ਤਾਮਿਲਨਾਡੂ ਰਾਜ ਵਾਂਗ ਸਥਾਪਿਤ ਕਰਨ ਦੀ ਮੰਗ ਕਰਦਾ ਹੈ। ਤਾਮਿਲਨਾਡੂ ਅਤੇ ਪੰਜਾਬ ਵਿਚ ਸ਼ਰਾਬ ਦੀ ਕੀਮਤ ਲਗਭਗ ਬਰਾਬਰ ਹੈ। ਉਥੇ 6000 ਠੇਕੇ ਹਨ ਜਦਕਿ ਪੰਜਾਬ ਵਿਚ 12500 ਹਨ। ਤਾਮਿਲਨਾਡੂ ਦੀ ਸਾਲਾਨਾ ਆਮਦਨ 30,000 ਕਰੋੜ ਹੈ ਜਦਕਿ ਪੰਜਾਬ ਦੀ ਕਰੀਬ 5000 ਕਰੋੜ। ਵਿਚਲਾ 25000 ਕਰੋੜ ਸਾਲਾਨਾ ਫਰਕ ਸ਼ਰਾਬ ਮਾਫੀਆ, ਰਾਜਨੀਤੀਵਾਨ ਅਤੇ ਅਫਸਰਸ਼ਾਹ ਹੜੱਪ ਰਹੇ ਹਨ। ਕਾਰਪੋਰੇਸ਼ਨ ਬਣ ਜਾਏ ਤਾਂ ਇਹ ਲੁੱਟ ਰੁੱਕ ਜਾਏਗੀ। ਆਬਕਾਰੀ ਕਰ ਪੰਜਾਬ ਦੀ

MAGZTER

ਆਰਥਿਕਤਾ ਮੁੜ ਲੀਹੇ ਚਾੜਨ ਲਈ ਸਮਰੱਥ ਹੈ।

ਦਰਅਸਲ ਇਹ ਮਸਲਾ ਕੁਝ ਵੀ ਨਹੀਂ ਸੀ ਇਕ ਸਮਰੱਥ ਸਰਕਾਰ ਅਤੇ ਰਾਜਨੀਤਕ ਇੱਛਾ ਸ਼ਕਤੀ ਵਾਲੇ ਮੁੱਖ ਮੰਤਰੀ ਲਈ। ਹੈਮਿਲਟਨ ਅਨੁਸਾਰ ਇਕ ਕਮਜ਼ੋਰ ਕਾਰਜਪਾਲਿਕਾ ਇਕ ਕਮਜ਼ੋਰ ਸਰਕਾਰ ਅਖਵਾਉਂਦੀ ਹੈ ਜਿਸ ਦਾ ਦੂਸਰਾ ਨਾਮ ਨਿਕੰਮੀ ਸਰਕਾਰ ਹੁੰਦਾ ਹੈ। ਇਹੀ ਪਰਿਭਾਸ਼ਾ ਕੈਪਟਨ ਸਰਕਾਰ 'ਤੇ ਢੁਕਦੀ ਹੈ।

ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਬਾਦਲ ਵੇਲੇ ਜਦੋਂ ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਦੀ ਸਿੰਚਾਈ ਮੰਤਰੀ ਹੁੰਦੇ ਪ੍ਰਮੁੱਖ ਸਕੱਤਰ ਨਾਲ ਅਤੇ ਸਿਕੰਦਰ ਸਿੰਘ ਮਲੂਕਾ ਨਾਲ ਡਿਪਟੀ ਕਮਿਸ਼ਨਰ ਬਠਿੰਡਾ ਨਾਲ ਪੇਚਾ ਪਿਆ ਤਾਂ ਉਨ੍ਹਾਂ ਆਪਣੀ ਕੈਬਨਿਟ ਦੀ ਇਕਜੁੱਟਤਾ ਕੈਬਨਿਟ ਮੰਤਰੀ ਦੀ ਸੰਵਿਧਾਨਕ ਮਰਿਯਾਦਾ ਨੂੰ ਮੁੱਖ ਰਖਦੇ ਇਨ੍ਹਾਂ ਅਫਸਰਾਂ ਨੂੰ ਚਲਦਾ ਕਰ ਦਿਤਾ। ਹੁਣ ਵੀ ਜੇ ਕੈਪਟਨ ਸਾਹਿਬ ਇਸ ਸਜੀਵ, ਡੈਮੋਕ੍ਰੇਟਿਕ, ਸੰਵਿਧਾਨਕ ਪਿਰਤ 'ਤੇ ਕੰਮ ਕਰਦੇ ਤਾਂ ਤੁਰੰਤ ਮੁੱਖ ਸਕੱਤਰ ਚਲਦਾ ਕਰਕੇ ਸਥਿਤੀ ਨੂੰ ਉਲਝਣ ਤੋਂ ਬਚਾਅ ਲੈਂਦੇ। ਮਾਮਲਾ ਹਾਈਮਾਨ ਪਾਸ ਨਾ ਜਾਂਦਾ। ਵਿਰੋਧੀ ਧਿਰ ਨੂੰ ਕੋਰੋਨਾ ਸੰਕਟ ਚਲਦੇ ਠੋਸ ਮੁੱਦਾ ਨਾ ਮਿਲਦਾ ਸਰਕਾਰ ਤੇ ਚੜ੍ਹਾਈ ਕਰਨ ਦਾ।

ਦਰਅਸਲ ਅਜੋਕੀ ਪੰਜਾਬ ਸਰਕਾਰ ਦਾ ਦੁਖਾਂਤ ਇਹ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੇ ਕੁਰਸੀ 'ਤੇ ਬੈਠਦੇ ਹੀ ਉਨ੍ਹਾਂ ਪੰਜਾਬੀਆਂ ਅਤੇ ਕਾਂਗਰਸ ਵਰਕਰਾਂ ਨੂੰ ਵਿਸਾਰ ਦਿਤਾ ਜਿਨ੍ਹਾਂ ਸਦਕਾ ਉਹ ਇਤਿਹਾਸਕ ਬਹੁਮੱਤ ਨਾਲ ਸਭਾ ਵਿਚ ਆਏ ਸਨ। ਸੰਵਿਧਾਨਕ ਮਜਬੂਰੀ ਕਰਕੇ ਉਨ੍ਹਾਂ ਆਪਣੀ ਕੈਬਨਿਟ ਗਠਤ ਕੀਤੀ, ਉਸ ਦੀਆਂ ਮੀਟਿੰਗਾਂ ਦਾ ਵਿਖਾਵਾ ਜਾਰੀ ਰੱਖਿਆ ਪਰ ਅਸਲ ਸਰਕਾਰ ਉਨ੍ਹਾਂ ਆਪਣੇ ਚਹੇਤੇ ਅਫ਼ਸਰਸ਼ਾਹਾਂ ਤੇ ਸਲਾਹਕਾਰਾਂ ਆਧਾਰਿਤ ਚਲਾਉਣੀ ਸ਼ੁਰੂ ਕੀਤੀ। ਉਨ੍ਹਾਂ ਨੂੰ ਵੱਖ-ਵੱਖ ਵਿਭਾਗ ਵੰਡ ਦਿਤੇ। ਅਸਲ ਮੰਤਰੀ ਇਹ ਲੋਕ ਬਣ ਗਏ ਜਦਕਿ ਜਨਤਾ ਦੁਆਰਾ ਚੁਣੇ ਮੰਤਰੀ ਡੰਮੀ ਬਣ ਕੇ ਰਹਿ ਗਏ। ਨਤੀਜੇ ਵਜੋਂ ਮੰਤਰੀ, ਵਿਧਾਇਕ, ਕਾਂਗਰਸ ਪ੍ਰਧਾਨ ਕੈਪਟਨ ਦੁਆਲੇ ਅਫਸਰਸ਼ਾਹ ਕਵਚ ਕਰਕੇ ਮਿਲਣ ਲਈ ਮਹੀਨਿਆਂ ਬੱਧੀ ਤਰਸ ਜਾਂਦੇ। ਮੁੱਖ ਸਕੱਤਰਾਂ ਨੂੰ ਮੰਤਰੀਆਂ ਅਤੇ ਵਿਧਾਇਕਾਂ ਦੀਆਂ ਜਨਤਕ ਹਿੱਤ ਵਾਲੀਆਂ ਫਾਈਲਾਂ ਨੱਪ ਕੇ ਬੈਠਣ ਲਈ ਬਦਨਾਮ ਰਹੇ। ਰਾਜਾਸ਼ਾਹ ਹਕੂਮਤ ਦਾ ਇਹੀ ਵਰਤਾਰਾ ਹੁੰਦਾ ਹੈ। ਪਰ ਲੋਕਸ਼ਾਹੀ ਵਿਚ ਅਜਿਹਾ ਨਹੀਂ ਚਲ ਸਕਦਾ। ਸੋ ਆਖਰ ਕੈਬਨਿਟ, ਵਿਧਾਇਕਾਂ ਅਤੇ ਕਾਂਗਰਸ ਸੁਹਿਰਦ ਆਗੂਆਂ ਦੇ ਸਬਰ ਦਾ ਪਿਆਲਾ ਆਖਰ ਟੁੱਟ ਗਿਆ। ਇਸ ਗੈਰ ਸੰਵਿਧਾਨਕ ਘਟਨਾਕ੍ਰਮ ਨੇ ਕੋਰੋਨਾ ਸੰਕਟ ਚਲਦੇ ਪੰਜਾਬ ਨੂੰ ਵੱਡਾ ਰਾਜਨੀਤਕ, ਆਰਥਿਕ ਅਤੇ ਪ੍ਰਸ਼ਾਸਨਿਕ ਨੁਕਸਾਨ ਪਹੁੰਚਾਇਆ ਹੈ। ਕਾਂਗਰਸ ਹਾਈ ਕਮਾਨ ਨੂੰ ਇਸਦਾ ਤੁਰੰਤ ਨੋਟਿਸ ਲੈਂਦੇ ਇਸ ਨੂੰ ਸੁਲਝਾਉਣਾ ਚਾਹੀਦਾ ਹੈ।■

> “ਦਰਅਸਲ ਇਹ ਮਸਲਾ ਕੁਝ ਵੀ ਨਹੀਂ ਸੀ ਇਕ ਸਮਰੱਥ ਸਰਕਾਰ ਅਤੇ ਰਾਜਨੀਤਕ ਇੱਛਾ ਸ਼ਕਤੀ ਵਾਲੇ ਮੁੱਖ ਮੰਤਰੀ ਲਈ। ਹੈਮਿਲਟਨ ਅਨੁਸਾਰ ਇਕ ਕਮਜ਼ੋਰ ਕਾਰਜਪਾਲਿਕਾ ਇਕ ਕਮਜ਼ੋਰ ਸਰਕਾਰ ਅਖਵਾਉਂਦੀ ਹੈ ਜਿਸ ਦਾ ਦੂਸਰਾ ਨਾਮ ਨਿਕੰਮੀ ਸਰਕਾਰ ਹੁੰਦਾ ਹੈ। ਇਹੀ ਪਰਿਭਾਸ਼ਾ ਕੈਪਟਨ ਸਰਕਾਰ 'ਤੇ ਢੁਕਦੀ ਹੈ।”

MAGZTER

ਉਜਾਗਰ ਸਿੰਘ
94178-13072

ਕੋਰੋਨਾ ਮਹਾਂਮਾਰੀ ਦੌਰਾਨ ਸਿੱਖਾਂ ਦੇ ਯੋਗਦਾਨ ਨੂੰ ਸੰਸਾਰ ਅਣਡਿੱਠ ਨਹੀਂ ਕਰ ਸਕਦਾ

ਸੰਸਾਰ ਵਿਚ ਕੋਰੋਨਾ ਮਹਾਂਮਾਰੀ ਦਾ ਕੋਹਰਾਮ ਮੱਚਿਆ ਹੋਇਆ ਹੈ। ਹਰ ਇਨਸਾਨ ਚਿੰਤਾ ਵਿਚ ਡੁੱਬਿਆ ਹੋਇਆ ਹੈ। ਸੰਸਾਰ ਦੀ ਆਰਥਿਕਤਾ ਡਾਵਾਂਡੋਲ ਹੋ ਗਈ ਹੈ। ਵੈਸੇ ਤਾਂ ਲਾਕਡਾਊਨ ਦਾ ਹਰ ਵਿਅਕਤੀ ਦੀ ਆਰਥਿਕਤਾ 'ਤੇ ਅਸਰ ਪਿਆ ਹੈ ਪ੍ਰੰਤੂ ਗਰੀਬ ਵਰਗ ਸਭ ਤੋਂ ਵਧ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਨੂੰ ਤਾਂ ਰੋਟੀ-ਰੋਜ਼ੀ ਦੇ ਲਾਲੇ ਪੈ ਗਏ ਹਨ। ਅਜਿਹੇ ਬਿਪਤਾ ਦੇ ਸਮੇਂ ਵਿਚ ਸਿੱਖਾਂ ਅਤੇ ਗੁਰਦੁਆਰਾ ਸਾਹਿਬਾਨ ਨੇ ਸੰਸਾਰ ਦੇ ਪ੍ਰਭਾਵਿਤ ਇਲਾਕਿਆਂ ਵਿਚ ਲੰਗਰ ਲਗਾਕੇ ਲੋਕਾਂ ਨੂੰ ਖਾਣਾ ਖਿਲਾਇਆ। ਸੰਸਾਰ ਦਾ ਅਜਿਹਾ ਕੋਈ ਗੁਰਦੁਆਰਾ ਨਹੀਂ ਜਿਥੋਂ ਲੰਗਰ ਬਣਾ ਕੇ ਲੋਕਾਂ ਨੂੰ ਨਾ ਦਿਤਾ ਹੋਵੇ। ਗੁਰੂ ਘਰਾਂ ਤੋਂ ਇਲਾਵਾ ਸਿੱਖ ਸੰਸਥਾਵਾਂ ਅਤੇ ਸਿੱਖਾਂ ਨੇ ਨਿੱਜੀ ਤੌਰ 'ਤੇ ਲੰਗਰ ਤਿਆਰ ਕਰਕੇ ਲੋੜਮੰਦਾਂ ਨੂੰ ਤਕਸੀਮ ਕੀਤਾ। ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂਆਂ ਨੂੰ 20 ਰੁਪਏ ਦਾ ਭੋਜਨ ਕਰਵਾਕੇ ਸੱਚਾ ਸੌਦਾ ਕੀਤਾ ਸੀ, ਜਿਸ ਉਪਰ ਸਿੱਖ ਧਰਮ ਦੇ ਅਨੁਆਈ ਪਿਛਲੇ 550 ਸਾਲਾਂ ਤੋਂ ਪਹਿਰਾ ਦੇ ਰਹੇ ਹਨ। ਕਿਰਤ ਕਰੋ ਤੇ ਵੰਡ ਛਕੋ ਸਿੱਖ ਧਰਮ ਦੀ ਵਿਚਾਰਧਾਰਾ ਦਾ ਧੁਰਾ ਹੈ ਜਿਸ ਕਰਕੇ ਲੰਗਰ ਦੀ ਪ੍ਰਥਾ ਲਗਾਤਾਰ ਜਾਰੀ ਹੈ। ਸੰਸਾਰ ਵਿਚ ਬਹੁਤ ਸਾਰੇ ਧਰਮ ਹਨ। ਸਾਰੇ ਧਰਮ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹੋਏ ਸਦਭਾਵਨਾ ਬਰਕਰਾਰ ਰੱਖਣ ਦੀ ਪ੍ਰੇਰਨਾ ਦਿੰਦੇ ਹਨ। ਆਮ ਤੌਰ 'ਤੇ ਹਰ ਧਰਮ ਦੇ ਅਨੁਆਈ ਆਪੋ ਆਪਣੇ ਧਰਮਾਂ ਦੇ ਲੋਕਾਂ ਦੀ ਬਿਹਤਰੀ ਅਤੇ ਸੁਖ ਸ਼ਾਂਤੀ ਦੀ ਕਾਮਨਾ ਕਰਦੇ ਹੋਏ ਆਪੋ ਆਪਣੇ ਧਰਮਾਂ ਨੂੰ ਸਰਵਉੱਚ ਸਮਝਦੇ ਹਨ। ਜੇਕਰ ਉਨ੍ਹਾਂ ਨੇ ਕੋਈ ਭਲਾਈ ਦਾ ਕੰਮ ਕਰਨਾ ਹੋਵੇ ਤਾਂ ਸਿਰਫ ਆਪਣੇ ਲੋਕਾਂ ਦਾ ਹੀ ਧਿਆਨ ਰੱਖਦੇ ਹਨ। ਸਿੱਖ ਧਰਮ ਸਾਰੇ ਧਰਮਾਂ ਤੋਂ ਨਵਾਂ, ਨਵੇਕਲਾ, ਵਿਲੱਖਣ ਅਤੇ ਆਧੁਨਿਕ ਹੈ। ਸਿੱਖ ਧਰਮ ਦੀ ਖਾਸੀਅਤ ਇਹ ਹੈ ਕਿ ਇਹ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ। ਭਾਵ ਸਿਰਫ ਸਿੱਖਾਂ ਦੇ ਭਲੇ ਦੀ ਨਹੀਂ ਸਗੋਂ ਹੋਰ ਧਰਮਾਂ ਦੇ ਅਨੁਆਈਆਂ ਦਾ ਭਲਾ ਵੀ ਚਾਹੁੰਦਾ ਹੈ। ਅਰਥਾਤ ਇਨਸਾਨੀਅਤ ਦਾ ਮੁਦਈ ਹੈ। ਇਥੇ ਹੀ ਬਸ ਨਹੀਂ ਸਗੋਂ ਆਪਣੀ ਦਸਾਂ ਨੌਂਹਾਂ ਦੀ ਕਿਰਤ ਕਮਾਈ ਵਿਚੋਂ ਦਸਵੰਧ ਭਾਵ ਦਸਵਾਂ ਹਿੱਸਾ ਸ਼ੁਭ ਕੰਮਾਂ 'ਤੇ ਖਰਚਣ ਦੀ ਤਾਕੀਦ ਕਰਦਾ ਹੈ। ਗੁਰੂ ਦੀ ਗੋਲਕ ਨੂੰ ਗਰੀਬ ਦਾ ਮੂੰਹ ਕਿਹਾ ਜਾਂਦਾ ਹੈ। ਸ਼ੁਭ ਕੰਮ ਤੋਂ ਭਾਵ ਮਾਨਵਤਾ ਦੀ ਸੇਵਾ ਲਈ ਖਰਚਣ ਲਈ ਕਹਿੰਦਾ ਹੈ। ਅਸਲ ਵਿਚ ਰੌਂਡਕਰਾਸ ਦੀ ਸ਼ੁਰੂਆਤ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ। ਉਨ੍ਹਾਂ ਭਾਈ ਘਨਈਆ ਨੂੰ ਮੁਗਲਾਂ ਵਲੋਂ 1704 ਵਿਚ ਆਨੰਦਪੁਰ ਸਾਹਿਬ ਵਿਖੇ ਕੀਤੇ ਗਏ ਹਮਲੇ ਦੌਰਾਨ ਲੜਾਈ ਵਿਚ ਜ਼ਖ਼ਮੀਆਂ ਨੂੰ ਪਾਣੀ ਪਿਲਾਉਣ ਦੀ ਜ਼ਿੰਮੇਵਾਰੀ ਲਗਾਈ ਸੀ ਤੇ ਨਾਲ ਹੀ ਇਹ ਵੀ ਹਦਾਇਤ ਕੀਤੀ ਸੀ ਕਿ ਸਾਰੇ ਜ਼ਖ਼ਮੀਆਂ ਨੂੰ ਪਾਣੀ ਪਿਲਾਇਆ ਜਾਵੇ, ਭਾਵੇਂ ਉਹ ਦੁਸ਼ਮਣ ਫੌਜਾਂ ਦੇ ਹੀ ਕਿਉਂ ਨਾ ਹੋਣ। ਗੁਰੂ ਸਾਹਿਬ ਦਾ ਹੁਕਮ ਸੀ ਕਿ ਪਾਣੀ ਪਿਲਾਉਣ ਸਮੇਂ ਰੰਗ, ਜਾਤ, ਧਰਮ ਅਤੇ ਕੌਮੀਅਤ ਨਾ ਵੇਖੀ ਜਾਵੇ, ਅਰਥਾਤ ਕੋਈ ਭੇਦਭਾਵ ਨਾ ਕੀਤਾ ਜਾਵੇ। ਇਸੇ ਕਰਕੇ ਸਿੱਖ ਧਰਮ ਬਿਨਾਂ ਕਿਸੇ ਵੀ ਭੇਦਭਾਵ ਦੇ ਹਰ ਲੋੜਮੰਦ ਦੀ ਮਦਦ ਕਰਦਾ ਹੈ। ਭਾਈ ਘਨਈਆ ਸਿੱਖ ਧਰਮ ਦਾ ਪਹਿਲਾ ਵਿਅਕਤੀ ਹੋਇਆ ਹੈ, ਜਿਸਨੇ ਆਨੰਦਪੁਰ ਸਾਹਿਬ ਵਿਖੇ ਜੰਗ ਦੇ ਮੈਦਾਨ ਵਿਚ ਜ਼ਖ਼ਮੀਆਂ ਨੂੰ ਪਾਣੀ ਪਿਲਾਉਂਦਿਆਂ ਦੁਸ਼ਮਣਾਂ ਦੇ ਜ਼ਖ਼ਮੀਆਂ ਨੂੰ ਪਾਣੀ ਪਿਲਾਕੇ ਸਰਬੱਤ ਦੇ ਭਲੇ ਦਾ ਉਪਰਾਲਾ ਕੀਤਾ ਸੀ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਇਹ ਸ਼ਿਕਾਇਤ ਕੀਤੀ ਗਈ ਕਿ ਉਹ ਤਾਂ ਜ਼ਖ਼ਮੀ ਦੁਸ਼ਮਣਾਂ ਨੂੰ ਵੀ ਪਾਣੀ ਪਿਲਾ ਰਿਹਾ ਹੈ ਤਾਂ ਭਾਈ ਘਨਈਆ ਨੇ ਕਿਹਾ ਸੀ ਕਿ ਉਸਨੂੰ ਤਾਂ ਹਰ ਜ਼ਖ਼ਮੀ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਨਜ਼ਰ ਆਉਂਦੀ

MAGZTER

ਹੈ। ਭਾਵ ਇਹ ਸੀ ਕਿ ਉਸਨੂੰ ਸਾਰੇ ਇਨਸਾਨ ਇਕੋ ਜਿਹੇ ਲੱਗਦੇ ਹਨ। ਇਹ ਹੈ ਸਿੱਖੀ ਵਿਚਾਰਧਾਰਾ ਦੀ ਸੋਚ, ਜਿਸ ਵਿਚ ਹਰ ਇਨਸਾਨ ਨੂੰ ਇਕੋ ਨਿਗਾਹ ਨਾਲ ਵੇਖਿਆ ਜਾਂਦਾ ਹੈ। ਸਿੱਖ ਗੁਰਦੁਆਰਾ ਸਾਹਿਬਾਨ ਵਿਚ ਹਮੇਸ਼ਾ ਲੰਗਰ ਚਲਦਾ ਰੱਖਦੇ ਹਨ। ਲੰਗਰ ਵਿਚ ਕੋਈ ਵੀ ਆ ਕੇ ਖਾਣਾ ਖਾ ਸਕਦਾ ਹੈ। ਵਰਤਮਾਨ ਰੈੱਡਕਰਾਸ ਤਾਂ ਸਿੱਖ ਸੋਚ ਵਿਚੋਂ ਲਈ ਗਈ ਧਾਰਨਾ ਹੈ। ਰੈੱਡਕਰਾਸ ਬਣਾਉਣ ਦਾ ਵਿਚਾਰ ਸਵਿਟਜ਼ਰਲੈਂਡ ਦੇ ਨੌਜਵਾਨ ਵਪਾਰੀ ਹੈਨਰੀ ਦੂਨੰਤ ਨੂੰ 1859 ਵਿਚ ਆਸਟਰੀਆ ਅਤੇ ਫਰੈਂਕੋ ਸਾਰਡੀਅਨ ਗਠਜੋੜ ਦਰਮਿਆਨ ਇਟਲੀ ਦੇ ਸੋਲਫਰੀਨੋ ਸ਼ਹਿਰ ਵਿਚ ਹੋਈ ਲੜਾਈ ਸਮੇਂ ਜ਼ਖ਼ਮੀਆਂ ਦੀ ਦੁਰਦਸ਼ਾ ਵੇਖਕੇ ਹੋਇਆ ਸੀ। ਵਰਤਮਾਨ ਅੰਤਰਰਾਸ਼ਟਰੀ ਰੈੱਡਕਰਾਸ ਦੀ ਸਥਾਪਨਾ 1863 ਵਿਚ ਹੋਈ ਸੀ। ਸਿੱਖ ਧਰਮ ਦੇ ਅਨੁਆਈ ਹਰ ਕੁਦਰਤੀ ਆਫਤ ਦੌਰਾਨ ਸਮੁੱਚੇ ਸੰਸਾਰ ਵਿਚ ਸਿੱਖ ਜਗਤ ਵਲੋਂ ਕਿਰਤ ਕਰੋ ਤੇ ਵੰਡ ਛਕੋ ਦੇ ਸਿਧਾਂਤ 'ਤੇ ਪਹਿਰਾ ਦੇ ਕੇ ਮਾਨਵਤਾ ਦੇ ਭਲੇ ਲਈ ਕੀਤੇ ਕਾਰਜਾਂ ਦੀ ਭਰਪੂਰ ਪ੍ਰਸੰਸਾ ਹੁੰਦੀ ਰਹੀ ਹੈ। ਭਾਈ ਰਵੀ ਸਿੰਘ ਵਲੋਂ ਸ਼ੁਰੂ ਕੀਤੀ ਗਈ "ਖਾਲਸਾ ਏਡ ਸੰਸਥਾ" ਸੰਸਾਰ ਵਿਚ ਹਰ ਕੁਦਰਤੀ ਆਫ਼ਤ ਦੇ ਮੌਕੇ 'ਤੇ ਪਹੁੰਚਕੇ ਲੋੜਮੰਦਾਂ ਦੀ ਮਦਦ ਕਰਦੀ ਹੈ। ਭੁੱਖਿਆਂ ਨੂੰ ਰੋਟੀ ਅਤੇ ਕੱਪੜਿਆਂ ਦਾ ਪ੍ਰਬੰਧ ਕਰਦੀ ਹੈ। ਖਾਲਸਾ ਏਡ ਨੇ ਸਿੱਖ ਧਰਮ ਦੀ ਪਛਾਣ ਤਾਂ ਬਣਾਈ ਹੀ ਹੈ ਪ੍ਰੰਤੂ ਸਾਰੇ ਸਿੱਖ ਜਗਤ ਨੂੰ ਵੀ ਕਿਰਤ ਕਰੋ ਤੇ ਵੰਡ ਛਕੋ 'ਤੇ ਪਹਿਰਾ ਦੇਣ ਲਈ ਪ੍ਰੇਰਨਾ ਦਿਤੀ ਹੈ। ਕੋਰੋਨਾ ਮਹਾਂਮਾਰੀ ਦੌਰਾਨ ਸੰਸਾਰ ਵਿਚ ਲਾੱਕਡਾਊਨ ਹੋਇਆ। ਲੋਕ ਘਰਾਂ ਵਿਚ ਬੈਠੇ ਹਨ ਪ੍ਰੰਤੂ ਸਿੱਖ ਧਰਮ ਦੇ ਅਨੁਆਈ ਸੰਸਾਰ ਦੇ 165 ਦੇਸ਼ਾਂ ਵਿਚ ਗੁਰਦੁਆਰਾ ਸਾਹਿਬਾਨ ਵਿਚ ਅਤੇ ਨਿੱਜੀ ਤੌਰ 'ਤੇ ਲੰਗਰ ਤਿਆਰ ਕਰਕੇ ਆਪਣੀਆਂ ਜ਼ਿੰਦਗੀਆਂ ਨੂੰ ਦਾਅ 'ਤੇ ਲਾ ਕੇ ਲੋਕਾਂ ਨੂੰ ਘਰੋ ਘਰੀ ਪਹੁੰਚਾ ਰਹੇ ਹਨ। ਦੁਨੀਆ ਦਾ ਅਜਿਹਾ ਕੋਈ ਸ਼ਹਿਰ ਅਤੇ ਪਿੰਡ ਨਹੀਂ ਜਿਥੇ ਸਿੱਖ ਲੰਗਰ ਨਹੀਂ ਪਹੁੰਚਾ ਰਹੇ। ਸਮੁੱਚੇ ਸੰਸਾਰ ਵਿਚ ਇਸ ਕਰਕੇ ਸਿੱਖ ਧਰਮ ਅਤੇ ਸਿੱਖਾਂ ਦੀ ਪ੍ਰਸੰਸਾ ਹੋ ਰਹੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇਹ ਕਿਹਾ ਹੈ ਕਿ ਹਰ ਸ਼ਹਿਰ ਵਿਚ ਗੁਰਦੁਆਰਾ ਹੋਣਾ ਚਾਹੀਦਾ ਹੈ ਤਾਂ ਕਿ ਕੋਈ ਇਨਸਾਨ ਭੁੱਖਾ ਨਾ ਰਹਿ ਸਕੇ। ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਜਿਹੜੇ ਵਿਦਿਆਰਥੀ ਪੜ੍ਹਾਈ ਲਈ ਗਏ ਹੋਏ ਹਨ, ਉਹ ਘਰਾਂ ਵਿਚ ਹੀ ਬੰਦ ਹਨ। ਉਨ੍ਹਾਂ ਕੋਲ ਖਰਚੇ ਵੀ ਨਹੀਂ ਹਨ, ਸਿੱਖ ਗੁਰਦੁਆਰਿਆਂ ਵਿਚ ਲੰਗਰ ਤਿਆਰ ਕਰਕੇ ਅਤੇ ਕਈ ਸਿੱਖ ਨਿੱਜੀ ਤੌਰ 'ਤੇ ਉਨ੍ਹਾਂ ਨੂੰ ਘਰੋ ਘਰੀ ਹਰ ਰੋਜ਼ ਖਾਣਾ ਪਹੁੰਚਾ ਰਹੇ ਹਨ। ਇਸ ਤੋਂ ਇਲਾਵਾ ਹੋਰ ਜਿਹੜੇ ਉਥੋਂ ਦੇ ਵਸਨੀਕ ਵੀ ਲੋੜਮੰਦ ਹਨ, ਉਨ੍ਹਾਂ ਨੂੰ ਵੀ ਖਾਣਾ ਦਿਤਾ ਜਾ ਰਿਹਾ ਹੈ। ਕੈਨੇਡਾ ਵਿਚ ਤਾਂ ਜਸਟਿਨ ਟਰੂਡੋ ਕਈ ਵਾਰ ਸਿੱਖ ਧਰਮ ਦੀ ਪ੍ਰਸੰਸਾ ਕਰ ਚੁੱਕਾ ਹੈ। ਅਮਰੀਕਾ ਵਿਚ ਲੰਗਰ ਤਕਸੀਮ ਕਰਨ ਕਰਕੇ ਕੈਲੇਫੋਰਨੀਆ ਵਿਚ ਰਿਵਰਸਾਈਡ ਗੁਰਦੁਆਰਾ ਸਾਹਿਬ ਨੂੰ ਉਥੋਂ ਦੀ ਪੁਲਿਸ ਨੇ ਸਲਾਮੀ ਦਿਤੀ ਹੈ ਜਿਸ ਦੀ ਸੰਸਾਰ ਵਿਚ ਚਰਚਾ ਹੋ ਰਹੀ ਹੈ। ਮੈਸਾਚੂਸੈਸਸਟੇਟ ਦੇ ਹੈਲੀਓਕ ਸ਼ਹਿਰ ਵਿਚ ਵਿਸਾਖੀ ਵਾਲੇ ਦਿਨ ਅਮਰੀਕਾ ਦੇ ਝੰਡੇ ਨਾਲ ਸਿੱਖ ਪੰਥ ਦਾ ਖਾਲਸਾ ਨਿਸ਼ਾਨ ਵਾਲਾ ਕੇਸਰੀ ਝੰਡਾ ਝੁਲਾਇਆ ਗਿਆ, ਜਿਹੜਾ ਇਕ ਮਹੀਨੇ ਝੁਲਦਾ ਰਹੇਗਾ। ਵਾਸ਼ਿੰਗਟਨ ਸਟੇਟ ਵਿਚ ਮਿਡਲ ਸਕੂਲ ਦੀਆਂ ਪੁਸਤਕਾਂ ਵਿਚ ਸਿੱਖ ਧਰਮ ਦੀ ਜਾਣਕਾਰੀ ਪਾਉਣ ਲਈ ਕਾਨੂੰਨ ਪਾਸ ਕੀਤਾ ਗਿਆ ਹੈ। ਕੈਨੇਡਾ ਦੇ ਐਲਬਰਟਾ ਰਾਜ ਸਿੱਖ ਯੂਥ ਐਡਮਿੰਟਨ ਲਗਾਤਾਰ ਵੱਖ-ਵੱਖ ਦਾਨੀਆਂ ਵਲੋਂ ਤਿਆਰ ਕੀਤਾ ਲੰਗਰ ਐਡਮਿੰਟਨ ਵਿਚ ਵੰਡ ਰਹੇ ਹਨ। ਇਹ ਜਾਣਕਾਰੀ ਗੁਲਜ਼ਾਰ ਸਿੰਘ ਨਿਰਮਾਣ ਨੇ ਫੇਸਬੁੱਕ 'ਤੇ ਦਿੰਦਿਆਂ ਦੱਸਿਆ ਕਿ ਗੁਰੂ ਘਰਾਂ ਵਿਚੋਂ ਲੰਗਰ ਤਿਆਰ ਕਰਕੇ ਵੀ ਲੋੜਮੰਦਾਂ ਨੂੰ ਵੰਡਿਆ ਜਾ ਰਿਹਾ ਹੈ। ਐਲਬਰਟਾ ਦੀ ਸਮਾਜ ਭਲਾਈ ਮੰਤਰੀ ਰਾਜਨਸਾਹਨੀ ਨੇ ਸਿੱਖ ਯੂਥ ਐਡਮਿੰਟਨ ਨੂੰ ਸਨਮਾਨਿਤ ਕੀਤਾ। ਭਾਰਤ ਵਿਚ ਵੀ ਸਿੱਖ ਲਗਭਗ ਹਰ ਸ਼ਹਿਰ ਵਿਚ ਲੰਗਰ ਲਗਾ ਕੇ ਖਾਣਾ ਦੇ ਰਹੇ ਹਨ। ਦਿੱਲੀ ਸਥਿਤ ਹੋਰ ਗੁਰਦੁਆਰਾ ਸਾਹਿਬਾਨ ਤੋਂ ਇਲਾਵਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕੱਲੀ ਹਰ ਰੋਜ਼ ਇਕ ਲੱਖ ਤੋਂ ਵਧ ਲੋਕਾਂ ਨੂੰ ਖਾਣਾ ਖੁਆ ਰਹੀ ਹੈ। ਇਸ ਲਈ ਦਿੱਲੀ ਪੁਲਿਸ ਨੇ ਗੁਰਦੁਆਰਾ ਬੰਗਲਾ ਸਾਹਿਬ ਦੀ ਆਪਣੀਆਂ ਗੱਡੀਆਂ ਵਿਚ ਆ ਕੇ ਪਰਿਕਰਮਾ ਕੀਤੀ ਅਤੇ ਸਲਾਮੀ ਦਿਤੀ। ਇੰਜ ਉਨ੍ਹਾਂ ਅਮਰੀਕਾ ਤੋਂ ਸਲਾਮੀ ਦੇਣ ਤੋਂ ਬਾਅਦ ਕੀਤਾ ਹੈ। ਇਹ ਉਹੀ ਦਿੱਲੀ ਪੁਲਿਸ ਹੈ ਜਿਸਨੇ 1984 ਵਿਚ ਸਿੱਖਾਂ ਦੀ ਹੋ ਰਹੀ ਨਸਲਕੁਸ਼ੀ ਨੂੰ ਰੋਕਣ ਵਿਚ ਕੋਈ ਕਾਰਵਾਈ ਨਹੀਂ ਕੀਤੀ ਸੀ, ਸਗੋਂ ਬਾਅਦ ਵਿਚ ਵੀ ਕਿਸੇ ਕੇਸ ਦੀ ਪੈਰਵਾਈ ਨਹੀਂ ਕੀਤੀ। ਹਾਲਾਂਕਿ ਸਿੱਖਾਂ ਦਾ ਅਕਸ ਪਹਿਲਾਂ ਵੀ ਇਕ ਮਨੁੱਖੀ ਅਧਿਕਾਰਾਂ ਦੇ ਰਖਵਾਲੇ ਅਤੇ ਰੱਖਿਅਕ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਯੂ.ਐੱਨ.ਓ. ਨੇ ਵੀ ਵਿਸਾਖੀ 'ਤੇ ਪਹਿਲੀ ਵਾਰ ਖਾਲਸੇ ਦੇ ਜਨਮ ਦਿਵਸ ਦੀ ਵਧਾਈ ਦਿਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨੇ ਵੀ ਪਹਿਲੀ ਵਾਰ ਸਿੱਖਾਂ ਵਲੋਂ ਔਖੇ ਸਮੇਂ ਲਾੱਕਡਾਊਨ ਦਰਮਿਆਨ ਲੰਗਰ ਵਰਤਾਉਣ ਦੀ ਪ੍ਰਸੰਸਾ ਕੀਤੀ। ਨਾਗਪੁਰ ਦੇ ਇਕ ਹੋਟਲ ਦੇ ਮਾਲਕ ਜਸਬੀਰ ਸਿੰਘ ਨੇ ਕੋਰੋਨਾ ਦੇ ਇਲਾਜ ਵਿਚ ਜੁਟੇ ਹੋਏ ਡਾਕਟਰਾਂ, ਨਰਸਾਂ ਅਤੇ ਪੈਰਾਮੈਡੀਕਲ ਸਟਾਫ ਦੀ ਸੇਵਾ ਵਿਚ ਆਪਣਾ 150 ਕਮਰਿਆਂ ਵਾਲਾ ਏਅਰਕੰਡੀਸ਼ਨ ਹੋਟਲ ਮੁਫਤ ਬਹਿਣ ਲਈ ਦੇ ਦਿਤਾ ਹੈ। ਉਨ੍ਹਾਂ ਸਾਰਿਆਂ ਨੂੰ ਖਾਣਾ ਵੀ ਦਿਤਾ ਜਾਵੇਗਾ ਅਤੇ ਹਸਪਤਾਲਾਂ ਵਿਚ ਛੱਡਣ ਅਤੇ ਲੈ ਕੇ ਆਉਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਿੱਖਾਂ ਦੀ ਸੇਵਾ ਦਾ ਮੁੱਲ ਨਹੀਂ ਪਾਇਆ ਜਾ ਰਿਹਾ ਸਗੋਂ ਮੀਡੀਆ ਹਜ਼ੂਰ ਸਾਹਿਬ ਤੋਂ ਆਏ ਸ਼ਰਧਾਲੂਆਂ ਨੂੰ ਬਦਨਾਮ ਕਰ ਰਿਹਾ ਹੈ। ਸਿਆਸੀ ਲੋਕ ਅਜਿਹੇ ਦੁੱਖਦਾਈ ਸਮੇਂ ਵੀ ਸਿਆਸਤ ਕਰਨ ਲੱਗੇ ਹੋਏ ਹਨ। ਪਾਲ ਸਿੰਘ ਕੈਲੇਫੋਰਨੀਆ ਨੇ ਕਿਹਾ ਹੈ ਕਿ ਹਜ਼ੂਰ ਸਾਹਿਬ ਤੋਂ ਜਿਹੜੇ ਸ਼ਰਧਾਲੂ ਵਾਪਸ ਪੰਜਾਬ ਆਏ ਹਨ, ਉਨ੍ਹਾਂ ਦੇ ਏਕਾਂਤਵਾਸ ਅਤੇ ਇਲਾਜ ਦਾ ਸਾਰਾ ਖ਼ਰਚਾ ਉਹ ਕਰੇਗਾ, ਭਾਵੇਂ ਉਨ੍ਹਾਂ ਨੂੰ ਹੋਟਲਾਂ ਵਿਚ ਰੱਖਿਆ ਜਾਵੇ, ਉਨ੍ਹਾਂ ਦਾ ਕਿਰਾਇਆ ਵੀ ਉਹ ਦੇਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ੁਰੂ ਕੀਤੀ ਪਰੰਪਰਾ 'ਤੇ ਵੀ ਪਹਿਰਾ ਦਿੰਦੇ ਹੋਏ ਸਿੱਖ ਦਸਵੰਧ ਕਢਕੇ ਸੇਵਾ ਕਰਨ ਨੂੰ ਬਰਕਰਾਰ ਰੱਖ ਰਹੇ ਹਨ। ਭਾਈ ਬਲਦੇਵ ਸਿੰਘ ਪਠਲਾਵਾਂ ਨੂੰ ਹੋਲਾ ਮਹੱਲਾ ਵਿਚ ਕੋਰੋਨਾ ਫੈਲਾਉਣ ਲਈ ਬਦਨਾਮ ਕੀਤਾ ਗਿਆ। ਨਿਜ਼ਾਮੁਦੀਨ ਵਿਖੇ ਤਬਲੀਗੀ ਜਮਾਤ ਵੱਲੋਂ ਕੀਤੇ ਗਏ ਧਾਰਮਿਕ ਸਮਾਗਮ ਨੂੰ ਵੀ ਧਰਮ ਨਾਲ ਜੋੜਕੇ ਬਦਨਾਮ ਕੀਤਾ ਜਾ ਰਿਹਾ ਹੈ। ਕੁਝ ਮੀਡੀਆ ਗਰੁੱਪ ਅਤੇ ਸਰਕਾਰਾਂ ਘੱਟ ਗਿਣਤੀਆਂ ਨੂੰ ਬਦਨਾਮ ਕਰ ਰਹੇ ਹਨ। ਪੰਜਾਬ ਦੇ ਮਾੜੇ ਦਿਨਾਂ ਵਿਚ ਸਿੱਖਾਂ ਨੂੰ ਅੱਤਵਾਦੀ ਕਿਹਾ ਗਿਆ। ਜਿਨ੍ਹਾਂ ਸਿੱਖਾਂ ਦੀ ਪ੍ਰਸੰਸਾ ਵੀ ਕੀਤੀ ਹੈ ਉਹ ਵਕਤੀ ਹੀ ਹੈ। ਉਨ੍ਹਾਂ ਸਿੱਖਾਂ ਦੇ ਯੋਗਦਾਨ ਨੂੰ ਫਿਰ ਭੁੱਲ ਜਾਣਾ ਹੈ। ਭਾਵੇਂ ਕੋਈ ਕਿੰਨੀ ਵੀ ਨੁਕਤਾਚੀਨੀ ਕਰੀ ਜਾਵੇ ਪ੍ਰੰਤੂ ਸਿੱਖ ਜਗਤ ਆਪਣੇ ਗੁਰੂਆਂ ਦੀ ਵਿਚਾਰਧਾਰਾ ਤੋਂ ਬੇਮੁੱਖ ਨਹੀਂ ਹੋਵੇਗਾ। ਭੁੱਖਿਆਂ ਅਤੇ ਲੋੜਮੰਦਾਂ ਦੀ ਸੇਵਾ ਇਸੇ ਤਰ੍ਹਾਂ ਹੁੰਦੀ ਰਹੇਗੀ ■

ਲੋਕ ਘਰਾਂ ਵਿਚ ਬੈਠੇ ਹਨ ਪ੍ਰੰਤੂ ਸਿੱਖ ਧਰਮ ਦੇ ਅਨੁਆਈ ਸੰਸਾਰ ਦੇ 165 ਦੇਸ਼ਾਂ ਵਿਚ ਗੁਰਦੁਆਰਾ ਸਾਹਿਬਾਨ ਵਿਚ ਅਤੇ ਨਿੱਜੀ ਤੌਰ 'ਤੇ ਲੰਗਰ ਤਿਆਰ ਕਰਕੇ ਆਪਣੀਆਂ ਜ਼ਿੰਦਗੀਆਂ ਨੂੰ ਦਾਅ 'ਤੇ ਲਾ ਕੇ ਲੋਕਾਂ ਨੂੰ ਘਰੋ ਘਰੀ ਪਹੁੰਚਾ ਰਹੇ ਹਨ। ਦੁਨੀਆ ਦਾ ਅਜਿਹਾ ਕੋਈ ਸ਼ਹਿਰ ਅਤੇ ਪਿੰਡ ਨਹੀਂ ਜਿਥੇ ਸਿੱਖ ਲੰਗਰ ਨਹੀਂ ਪਹੁੰਚਾ ਰਹੇ। ਸਮੁੱਚੇ ਸੰਸਾਰ ਵਿਚ ਇਸ ਕਰਕੇ ਸਿੱਖ ਧਰਮ ਅਤੇ ਸਿੱਖਾਂ ਦੀ ਪ੍ਰਸੰਸਾ ਹੋ ਰਹੀ ਹੈ।

MAGZTER

ਡਾ. ਸਾਹਿਬ ਸਿੰਘ ਅਰਸ਼ੀ
94633-27557

ਸੰਸਾਰਿਕ ਵਾਵਰੋਲਿਆਂ ਦੇ ਭਾਵੀਸੰਕੇਤ ਦੀ ਦਾਸਤਾਨ

ਸਮੇਂ-ਸਮੇਂ ਕੁਦਰਤ ਵਲੋਂ ਕਿਸੇ ਨਾ ਕਿਸੇ ਤਰ੍ਹਾਂ ਆਏ ਪ੍ਰਕੋਪੀ ਵਾਵਰੋਲਿਆਂ ਕਾਰਣ ਵਿਸ਼ਵ ਦੇ ਅਨੇਕਾਂ ਸਥਾਨਾਂ ਅਤੇ ਮਨੁੱਖਾਂ ਦੀ ਹੋ ਰਹੀ ਤਬਾਹੀ ਅੱਗੇ ਮਨੁੱਖ ਲਾਚਾਰ ਹੋ ਕੇ ਰਹਿ ਜਾਂਦਾ ਹੈ। ਅਜਿਹੀ ਦਿਲ ਕੰਬਾਊ ਗਾਥਾ ਮਨੁੱਖੀ ਹਿਰਦਿਆਂ ਨੂੰ ਵਲੂੰਧਰਦੀ ਹੈ। ਇਸ ਵਿਚ ਸੰਦੇਹ ਨਹੀਂ ਹੈ ਕਿ ਇਨ੍ਹਾਂ ਵਾਪਰ ਰਹੀਆਂ ਅਣਹੋਣੀਆਂ ਵਿਚ ਮਨੁੱਖ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦਾ। ਇਸ ਦੇ ਪਿਛੋਕੜ ਨੂੰ ਘੋਖਣਾ ਅਸੰਗਤ ਨਹੀਂ ਹੋਵੇਗਾ।

ਸੰਸਾਰ ਵਿਚ ਵਧ ਰਹੇ ਅਪਰਾਧ, ਲੁੱਟ ਖਸੁੱਟ, ਬਲਾਤਕਾਰ, ਫਿਰੌਤੀਆਂ, ਡਾਕੇ, ਹਾਈਜੈਕ ਆਦਿ ਦੀਆਂ ਘਟਨਾਵਾਂ ਨੇ ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੈ। ਕੁਝ ਹੱਦ ਤਕ ਪੱਛਮੀ ਸਭਿਅਤਾ ਦੇ ਪ੍ਰਭਾਵ ਖੇਤਰ ਵੀ ਇਸ ਦੇ ਜ਼ਿੰਮੇਵਾਰ ਹਨ। ਖਾਣ-ਪੀਣ ਤੇ ਪਹਿਰਾਵੇ ਵਿਚ ਭਾਰਤ ਦੀ ਕਲਾ ਅਤੇ ਸੰਸਕ੍ਰਿਤੀ ਨੂੰ ਢਾਹ ਲੱਗੀ ਹੈ। ਸਿਹਤਮੰਦ ਖਣਿਜ ਪਦਾਰਥਾਂ ਦੀ ਥਾਂ ਹੁਣ ਸਿਗਰਟਨੋਸ਼ੀ, ਅਫੀਮ, ਗਾਂਜਾ, ਸਮੈਕ ਆਦਿ ਨਸ਼ੀਲੇ ਪਦਾਰਥਾਂ ਦੇ ਪ੍ਰਯੋਗ ਨਾਲ ਜਵਾਨੀਆਂ ਤਬਾਹ ਹੋ ਰਹੀਆਂ ਹਨ। ਦੁੱਧ-ਦਹੀਂ, ਹਰੀਆਂ ਸਬਜ਼ੀਆਂ ਤੇ ਫਲਾਂ ਨੂੰ ਤਿਲਾਂਜਲੀ ਦੇ ਕੇ ਤਲੇ ਹੋਏ ਪਦਾਰਥ ਅਤੇ ਚਟਪਟੀਆਂ ਚੀਜ਼ਾਂ ਨੂੰ ਹੀ ਪਸੰਦ ਕੀਤਾ ਜਾਂਦਾ ਹੈ ਜੋ ਸਰੀਰਕ ਸ਼ਕਤੀ ਵਿਚ ਵਾਧਾ ਕਰਨ ਦੀ ਥਾਂ ਹੋਰ ਬਿਮਾਰੀਆਂ ਨੂੰ ਸੱਦਾ ਦਿੰਦੀਆਂ ਹਨ।

ਉਪਰੋਕਤ ਹਵਾਲੇ ਤੋਂ ਸਪੱਸ਼ਟ ਹੈ ਕਿ ਮਨੁੱਖ ਕੁਦਰਤ ਨਾਲੋਂ ਆਪਣਾ ਨਾਤਾ ਤੋੜ ਕੇ ਆਪਣੀ ਬਰਬਾਦੀ ਆਪ ਕਰ ਰਿਹਾ ਹੈ। ਸ਼ੁੱਧ ਸੀਤਲ ਜਲਵਾਯੂ, ਹਵਾ-ਪਾਣੀ ਬਹੁਮੰਜਲੀਆਂ ਇਮਾਰਤਾਂ ਵਿਚ ਰਹਿਣ ਵਾਲਿਆਂ ਦੇ ਭਾਗਾਂ ਵਿਚ ਕਿਥੇ ਹਨ ? ਰਹਿੰਦੀ ਕਸਰ ਪਿੰਡਾਂ ਤੇ ਸ਼ਹਿਰਾਂ ਵਿਚ ਲੱਗੀਆਂ ਵੱਡੀਆਂ-ਵੱਡੀਆਂ ਫੈਕਟਰੀਆਂ ਨੇ ਕੱਢ ਦਿਤੀ ਹੈ। ਜਿਸ ਦੇ ਫੈਲ ਰਹੇ ਪ੍ਰਦੂਸ਼ਣ ਨਾਲ ਮਨੁੱਖਾਂ ਲਈ ਬਿਮਾਰੀਆਂ ਨੂੰ ਨਿਉਤਾ ਦਿਤਾ ਜਾ ਰਿਹਾ ਹੈ।

ਅੱਜ ਦਾ ਕਵੀ ਵੀ ਮਨੁੱਖ ਦਾ ਪ੍ਰੇਰਣਾ ਸਰੋਤ ਨਹੀਂ ਰਿਹਾ। ਰਹੱਸਵਾਦ ਤੇ ਪ੍ਰਕ੍ਰਿਤੀ ਦੇ ਵਰਣਨ ਦੀ ਘਾਟ ਹੀ ਹੈ। ਪੀ.ਬੀ. ਸ਼ੈਲੀ, ਵਰਦਜ਼ਵਰਥ, ਭਾ. ਵੀਰ ਸਿੰਘ ਦੇ ਵਿਚਾਰਾਂ ਨੂੰ ਕੋਈ ਨਹੀਂ ਘੋਖਦਾ। ਅੱਜ ਉਹ ਆਬਸ਼ਾਰਾਂ, ਕਲ-ਕਲ ਕਰਕੇ ਵਹਿੰਦੇ ਝਰਨੇ, ਬਰਫਾਂ ਨਾਲ ਢੱਕੀਆਂ ਪਰਬਤ ਚੋਟੀਆਂ ਤੇ ਫਲ, ਮੇਵੇ ਕਿਸ ਦੇ ਭਾਗਾਂ ਵਿਚ ਹਨ।

ਆਉ ਕੁਦਰਤ ਵਲੋਂ ਆਏ ਇਸ ਨਵੇਂ ਵਾਵਰੋਲੇ ਬਾਰੇ ਵਿਚਾਰੀਏ। ਹੁਣ ਕੋਰੋਨਾ (Covid-19) ਨੇ ਆ ਸੰਸਾਰ ਦਾ ਰੁੱਖ ਮੱਲਿਆ ਹੈ। ਇਹ ਇਕ ਨਵੀਨ ਕਿਸਮ ਦੀ ਮਹਾਂਮਾਰੀ ਹੈ ਜਿਸ ਬਾਰੇ ਸੁਣ ਕੇ ਸਾਰੇ ਅਚੰਭਿਤ ਹਨ। ਇਹ ਕੋਰੋਨਾ ਫੇਫੜਿਆਂ 'ਤੇ ਮਾਰੂ ਅਸਰ ਕਰਦਾ ਹੈ। ਇਸ ਦੇ ਕੀਟਾਣੂ ਸਰੀਰ ਵਿਚ ਪ੍ਰਵੇਸ਼ ਕਰਕੇ ਕੁਝ ਹੀ ਦਿਨਾਂ ਵਿਚ ਮਨੁੱਖ ਨੂੰ ਖਤਮ ਕਰ ਦਿੰਦੇ ਹਨ। ਇਹ ਕਿਵੇਂ ਤੇ ਕਿਥੋਂ

MAGZTER

ਆਇਆ, ਇਸ ਬਾਰੇ ਵਿਚਾਰਾਂ ਹੋ ਰਹੀਆਂ ਹਨ। ਵਧੇਰੇ ਕਰਕੇ ਚੀਨ ਨੂੰ ਹੀ ਕੋਰੋਨਾ ਫੈਲਾਉਣ ਦਾ ਦੋਸ਼ੀ ਮੰਨਿਆ ਜਾਂਦਾ ਹੈ। ਇਸ ਦਾ ਕਾਰਣ ਚਮਗਾਦੜਾਂ ਤੋਂ ਇਹ ਬਿਮਾਰੀ ਫੈਲੀ ਦੱਸੀ ਜਾਂਦੀ ਹੈ ਜਿਸ ਦੀ ਵਰਤੋਂ ਚੀਨ ਵਿਚ ਹੁੰਦੀ ਹੈ। ਮਾਹਰ ਇਸ ਕੋਰੋਨਾ ਦੀ ਬਿਮਾਰੀ ਬਾਰੇ ਅਤੇ ਇਸ ਦਾ ਇਲਾਜ ਲੱਭਣ ਲਈ ਰੁੱਝੇ ਹੋਏ ਹਨ। ਸਭ ਤੋਂ ਪਹਿਲਾਂ ਇਹ ਚੀਨ ਦੇ ਵੂਹਾਨ ਵਿਚ ਫੈਲਿਆ ਜਿਸ ਨੇ ਚੀਨ ਵਿਚ ਸੱਥਰ ਵਿਛਾ ਦਿਤੇ। ਚੀਨ ਨੇ ਇਸ ਕੋਰੋਨਾ ਨੂੰ ਆਪਣੇ ਹੋਰ ਪ੍ਰਾਂਤਾਂ ਵਿਚ ਫੈਲਣ ਤੋਂ ਰੋਕਣ ਲਈ ਕਈ ਉਪਾਅ ਕੀਤੇ ਹਨ ਪਰੰਤੂ ਹਾਲੇ ਵੀ ਉਥੇ ਇਸ ਦਾ ਜ਼ੋਰ ਬਹੁਤਾ ਨਹੀਂ ਘਟਿਆ। ਇਥੋਂ ਹੀ ਇਸ ਦੇ ਕੀਟਾਣੂ ਅਮਰੀਕਾ ਵਿਚ ਗਏ ਅਤੇ ਉਥੇ ਮਰਨ ਵਾਲਿਆਂ ਦੀ ਗਿਣਤੀ ਸਭ ਤੋਂ ਵਧੇਰੇ ਹੈ। ਫਿਰ ਇਟਲੀ ਜਿਸ ਦੀ ਆਬਾਦੀ ਕੇਵਲ ਛੇ ਕਰੋੜ ਹੀ ਹੈ, ਉਥੇ ਬੇਅੰਤ ਲੋਕਾਂ ਦੀਆਂ ਜਾਨਾਂ ਇਸ ਮਹਾਂਮਾਰੀ ਦੀ ਲਪੇਟ ਵਿਚ ਆਈਆਂ। ਇਥੇ ਹੀ ਬਸ ਨਹੀਂ ਕੋਰੋਨਾ ਨੇ ਰੂਸ, ਸਪੇਨ, ਇੰਗਲੈਂਡ, ਫਰਾਂਸ ਆਦਿ ਹੋਰ ਦੇਸ਼ਾਂ ਨੂੰ ਵੀ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਇਥੋਂ ਤਕ ਕਿ ਮਰਨ ਵਾਲਿਆਂ ਦੀਆਂ ਲਾਸ਼ਾਂ ਨੂੰ ਸੰਭਾਲਣ ਲਈ ਵੀ ਥਾਂ ਨਹੀਂ ਮਿਲ ਰਹੀ। ਵਿਸ਼ਵ ਦੇ ਸਮੁੱਚੇ ਦੇਸ਼ਾਂ ਵਿਚ ਭਾਰਤ ਵਰਸ਼ ਵੀ ਇਸ ਵਿਚ ਸ਼ਾਮਿਲ ਹੈ। ਭਾਰਤ ਵਰਗੇ 135 ਕਰੋੜ ਦੀ ਆਬਾਦੀ ਵਾਲੇ ਮੁਲਕ ਲਈ ਇਹ ਮਹਾਂਮਾਰੀ ਖਤਰੇ ਦੀ ਘੰਟੀ ਹੈ। ਭਾਰਤ ਦੇ ਹਰ ਪ੍ਰਾਂਤ ਵਿਚ ਕੋਰੋਨਾ ਨੇ ਆਪਣਾ ਫੈਲਾਅ ਜਾਰੀ ਰੱਖਿਆ ਹੋਇਆ ਹੈ। ਪ੍ਰਤੀ ਦਿਨ ਹਜ਼ਾਰਾਂ ਦੀ ਗਿਣਤੀ ਵਿਚ ਮੌਤਾਂ ਹੋ ਰਹੀਆਂ ਹਨ। ਭਾਰਤ ਸਰਕਾਰ ਨੇ ਇਸ ਤੋਂ ਬਚਾਅ ਲਈ ਕੁਝ ਨਿਰਦੇਸ਼ ਦੇ ਕੇ ਸੁਚੇਤ ਰਹਿਣ ਲਈ ਕਿਹਾ ਹੈ :

(ੳ) ਲੋਕ ਆਪਣੇ ਘਰਾਂ ਅੰਦਰ ਹੀ ਰਹਿਣ, ਕੇਵਲ ਜ਼ਰੂਰੀ ਕੰਮ ਲਈ ਹੀ ਬਾਹਰ ਜਾਣ।

(ਅ) ਮੂੰਹ 'ਤੇ ਮਾਸਕ ਪਹਿਨ ਕੇ ਰੱਖਣ।

(ੲ) ਇਕ-ਦੂਸਰੇ ਨਾਲ ਗੱਲਬਾਤ ਕਰਦੇ ਸਮੇਂ ਦੂਰੀ ਬਣਾਈ ਰੱਖਣ।

(ਸ) ਸਬਜ਼ੀ ਜਾਂ ਫਲ ਖਰੀਦਣ ਸਮੇਂ ਦਸਤਾਨੇ ਪਹਿਨਣ ਅਤੇ ਇਨ੍ਹਾਂ ਦੀ ਧੋ ਕੇ ਹੀ ਵਰਤੋਂ ਕੀਤੀ ਜਾਵੇ।

(ਹ) ਆਪਣੇ ਹੱਥਾਂ ਨੂੰ ਸੈਨੇਟਾਈਜ਼ਰ ਨਾਲ ਜਾਂ ਸਾਬਣ ਨਾਲ ਵਾਰ-ਵਾਰ ਸਾਫ ਕਰੋ।

(ਕ) ਵਡੇਰੀ ਉਮਰ ਦੇ ਲੋਕਾਂ ਨੂੰ ਬਾਹਰ ਜਾਣ ਦੀ ਮਨਾਹੀ ਹੈ ਕਿਉਂਕਿ ਉਨ੍ਹਾਂ ਦੇ ਸਰੀਰ ਵਿਚ ਕੀਟਾਣੂਆਂ ਨਾਲ ਲੜਣ ਤੇ ਬਚਾਅ ਦੀ ਸ਼ਕਤੀ ਘੱਟ ਹੁੰਦੀ ਹੈ।

ਇਸ ਪ੍ਰਕਾਰ ਲੋਕਾਂ ਨੂੰ ਘਰਾਂ ਵਿਚ ਹੀ Lock Down ਕਰਕੇ ਅੰਦਰ ਰਹਿਣ ਦੇ ਸਖ਼ਤ ਆਦੇਸ਼ ਹਨ। ਭਾਵੇਂ ਸਾਰਾ ਦਿਨ ਬਗੈਰ ਕਿਸੇ ਕੰਮ ਤੋਂ ਘਰ ਵਿਚ ਰਹਿਣਾ ਸਭ ਲਈ ਦੁੱਖਦਾਈ ਹੈ ਪਰੰਤੂ ਇਸ ਤੋਂ ਛੁੱਟ ਹੋਰ ਕੋਈ ਚਾਰਾ ਵੀ ਤਾਂ ਨਹੀਂ।



ਇਹ ਕੋਰੋਨਾ ਫੇਫੜਿਆਂ 'ਤੇ ਮਾਰੂ ਅਸਰ ਕਰਦਾ ਹੈ। ਇਸ ਦੇ ਕੀਟਾਣੂ ਸਰੀਰ ਵਿਚ ਪ੍ਰਵੇਸ਼ ਕਰਕੇ ਕੁਝ ਹੀ ਦਿਨਾਂ ਵਿਚ ਮਨੁੱਖ ਨੂੰ ਖਤਮ ਕਰ ਦਿੰਦੇ ਹਨ। ਇਹ ਕਿਵੇਂ ਤੇ ਕਿਥੋਂ ਆਇਆ, ਇਸ ਬਾਰੇ ਵਿਚਾਰਾਂ ਹੋ ਰਹੀਆਂ ਹਨ। ਵਧੇਰੇ ਕਰਕੇ ਚੀਨ ਨੂੰ ਹੀ ਕੋਰੋਨਾ ਫੈਲਾਉਣ ਦਾ ਦੋਸ਼ੀ ਮੰਨਿਆ ਜਾਂਦਾ ਹੈ। ਇਸ ਦਾ ਕਾਰਣ ਚਮਗਾਦੜਾਂ ਤੋਂ ਇਹ ਬਿਮਾਰੀ ਫੈਲੀ ਦੱਸੀ ਜਾਂਦੀ ਹੈ ਜਿਸ ਦੀ ਵਰਤੋਂ ਚੀਨ ਵਿਚ ਹੁੰਦੀ ਹੈ। ਮਾਹਰ ਇਸ ਕੋਰੋਨਾ ਦੀ ਬਿਮਾਰੀ ਬਾਰੇ ਅਤੇ ਇਸ ਦਾ ਇਲਾਜ ਲੱਭਣ ਲਈ ਰੁੱਝੇ ਹੋਏ ਹਨ। ਸਭ ਤੋਂ ਪਹਿਲਾਂ ਇਹ ਚੀਨ ਦੇ ਵੂਹਾਨ ਵਿਚ ਫੈਲਿਆ ਜਿਸ ਨੇ ਚੀਨ ਵਿਚ ਸੱਥਰ ਵਿਛਾ ਦਿਤੇ। ਚੀਨ ਨੇ ਇਸ ਕੋਰੋਨਾ ਨੂੰ ਆਪਣੇ ਹੋਰ ਪ੍ਰਾਂਤਾਂ ਵਿਚ ਫੈਲਣ ਤੋਂ ਰੋਕਣ ਲਈ ਕਈ ਉਪਾਅ ਕੀਤੇ ਹਨ ਪਰੰਤੂ ਹਾਲੇ ਵੀ ਉਥੇ ਇਸ ਦਾ ਜ਼ੋਰ ਬਹੁਤਾ ਨਹੀਂ ਘਟਿਆ।

ਕੋਰੋਨਾ ਦਾ ਅਸਰ : ਕੋਰੋਨਾ ਨੇ ਮਨੁੱਖਾਂ ਅੰਦਰ ਭੈਅ ਦਾ ਮਾਹੌਲ ਪੈਦਾ ਕਰ ਦਿਤਾ ਹੈ। ਇਸ ਮਹਾਂਮਾਰੀ ਦੇ ਆਉਣ ਦਾ ਦੋਸ਼ ਭਾਵੇਂ ਕਿਸੇ ਵੀ ਦੇਸ਼ 'ਤੇ ਦੇਈਏ ਪਰ ਇਸ ਕਹਿਰ ਨੂੰ ਕੁਦਰਤ ਦੀ ਕਰੋਪੀ ਹੀ ਕਿਹਾ ਜਾ ਸਕਦਾ ਹੈ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਵੀ ਪਲੇਗ ਦੀ ਫੈਲੀ ਬਿਮਾਰੀ ਨੇ ਕਹਿਰ ਵਰਤਾਇਆ ਸੀ। ਘਰ-ਘਰ ਲਾਸ਼ਾਂ ਦੇ ਢੇਰ ਲੱਗ ਗਏ ਸਨ। ਪਰ ਉਸ ਵੇਲੇ ਇਲਾਜ ਦੀਆਂ ਸਹੂਲਤਾਂ ਵੀ ਨਹੀਂ ਸਨ। ਕੋਰੋਨਾ ਕਰਕੇ ਲੋਕ ਘਰਾਂ ਅੰਦਰ ਹੀ ਰਹਿ ਰਹੇ ਹਨ। ਸਕੂਲ, ਕਾਲਜ, ਫੈਕਟਰੀਆਂ, ਦੁਕਾਨਾਂ ਅਤੇ ਹੋਰ ਸਭ ਅਦਾਰੇ ਬੰਦ ਹਨ। ਵਿਦਿਆਰਥੀਆਂ ਦੀ ਪੜ੍ਹਾਈ ਵਿਚ ਵੀ ਮੁਸ਼ਕਿਲਾਂ ਆ ਰਹੀਆਂ ਹਨ। ਕੰਮ ਕਰਨ ਵਾਲੇ ਘਰਾਂ ਵਿਚ ਬੈਠੇ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ ਅਤੇ ਕਮਾਈ ਨਾ ਹੋਣ ਕਾਰਣ ਕਈ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਇਸ ਵਿਚ ਸੰਦੇਹ ਨਹੀਂ ਕਿ ਕਈ ਸੰਸਥਾਵਾਂ ਅਤੇ ਗੁਰਦਵਾਰਿਆਂ ਦੇ ਪ੍ਰਬੰਧਕਾਂ ਨੇ ਲੰਗਰ ਦੀ ਵਿਵਸਥਾ ਵੀ ਕੀਤੀ ਹੈ। ਸਿੱਖਾਂ ਵਲੋਂ ਲਾਏ ਗਏ ਲੰਗਰਾਂ ਦੀ ਪ੍ਰਸੰਸਾ ਕਰਦਿਆਂ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ, 'ਅਜਿਹੀ ਸਿੱਖਾਂ ਦੀ ਕੌਮ ਸਭ ਦੇਸ਼ਾਂ ਵਿਚ ਹੋਣੀ ਚਾਹੀਦੀ ਹੈ।' ਭਾਰਤ ਦੀ ਅਰਥਵਿਵਸਥਾ ਵੀ ਡਾਵਾਂਡੋਲ ਹੋ ਰਹੀ ਹੈ। ਸਭ ਪਾਸੇ ਹੀ ਬੇਰੁਜ਼ਗਾਰੀ ਦਾ ਆਲਮ ਹੈ। ਭਾਵੇਂ ਇਨ੍ਹਾਂ ਪ੍ਰਸਥਿਤੀਆਂ ਵਿਚ ਕਈ ਪਰਿਵਾਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰੰਤੂ ਸਰਕਾਰ ਨੇ ਇਨ੍ਹਾਂ ਹਾਲਾਤਾਂ ਨਾਲ ਨਜਿੱਠਣ ਲਈ ਲੋਕਾਂ ਦੀ ਸਹਾਇਤਾ ਲਈ ਕਈ ਯੋਜਨਾਵਾਂ ਵੀ ਬਣਾਈਆਂ ਹਨ। ਪੁਲਿਸ ਨਾਕੇ ਲਗਾ ਕੇ ਲੋਕਾਂ ਨੂੰ ਨਿਯਮਾਂ ਦਾ ਪਾਲਣ ਕਰਾਉਣ ਲਈ ਤਾਇਨਾਤ ਹੈ। ਡਾਕਟਰ, ਨਰਸਾਂ ਤੇ ਹੋਰ ਕਰਮਚਾਰੀ ਦਿਨ-ਰਾਤ ਮਰੀਜ਼ਾਂ ਦੀ ਦੇਖਭਾਲ ਲਈ ਸੇਵਾ ਕਰ ਰਹੇ ਹਨ। ਬਿਮਾਰੀ ਦਾ ਸੰਕੇਤ ਮਿਲਣ 'ਤੇ ਮਰੀਜ਼ ਨੂੰ ਤਤਕਾਲ ਕੁਆਰਨਟਾਈਨ ਕਰਕੇ 14 ਦਿਨਾਂ ਲਈ ਆਪਣੀ ਦੇਖ-ਰੇਖ ਹੇਠ ਰੱਖ ਕੇ ਇਲਾਜ ਕੀਤਾ ਜਾਂਦਾ ਹੈ।

ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਜੋ ਕੁਝ ਵਾਪਰ ਰਿਹਾ ਹੈ, ਇਸ ਦੇ ਸਮਾਧਾਨ ਲਈ ਹੋਰ ਯਤਨਾਂ ਤੇ ਅਵੇਸਲੇ ਹੋਣ ਦੀ ਲੋੜ ਹੈ। ਹਾਲੇ ਕੋਰੋਨਾ ਆਪਣਾ ਮਾਰੂ ਅਸਰ ਵਿਖਾ ਰਿਹਾ ਹੈ। ਭਾਵੇਂ ਇਸ ਭਾਵੀ ਖਤਰੇ ਨੂੰ ਰੋਕਣ ਲਈ ਇਲਾਜ ਵੀ ਲੱਭੇ ਜਾ ਰਹੇ ਹਨ ਪਰੰਤੂ ਮਨੁੱਖ ਨੂੰ ਆਪ ਵੀ ਅਜਿਹੀ ਬਿਮਾਰੀ ਤੋਂ ਬਚਣ ਲਈ ਸਾਵਧਾਨ ਰਹਿ ਕੇ ਉਪਰਾਲੇ ਕਰਨੇ ਪੈਣਗੇ। ਸਭ ਨੂੰ ਸਿਹਤਮੰਦ ਰਹਿਣ ਲਈ ਪ੍ਰਕ੍ਰਿਤੀ ਨਾਲ ਵੀ ਨੇੜਤਾ ਬਨਾਉਣੀ ਜ਼ਰੂਰੀ ਹੈ। ਸਵੈ-ਰੱਖਿਆ ਤੇ ਨਿਯਮਾਂ ਦੀ ਪ੍ਰਤੀਬੱਧਤਾ ਹੀ ਇਸ ਦਾ ਇਲਾਜ ਹੈ। ਜੇ ਅਸੀਂ ਇਸ ਬਾਰੇ ਸੁਚੇਤ ਨਾ ਹੋਏ ਤਾਂ ਆਉਣ ਵਾਲਾ ਸਮਾਂ ਸੰਸਾਰ ਵਿਚ ਹੋਰ ਵੀ ਪਰਲੋ ਲੈ ਕੇ ਆ ਸਕਦਾ ਹੈ।■

MAGZTER

ਚਾਨਣ ਦੀਪ ਸਿੰਘ ਔਲਖ,
98768-88177

ਲਾੱਕਡਾਊਨ ਨੇ ਸਿਖਾਏ ਜ਼ਿੰਦਗੀ ਜਿਉਣ ਦੇ ਕੁਝ ਚੰਗੇ ਨੁਕਤੇ

ਇਤਿਹਾਸ ਵਿਚ ਸਮੇਂ-ਸਮੇਂ 'ਤੇ ਬੜੀਆਂ ਆਫ਼ਤਾਂ ਅਤੇ ਬਿਮਾਰੀਆਂ ਆਈਆਂ। ਇਕ ਨਹੀਂ ਅਨੇਕਾਂ ਵਾਰ ਵੱਡੇ ਪੱਧਰ 'ਤੇ ਜਾਨੀ ਨੁਕਸਾਨ ਵੀ ਹੋਇਆ। ਇਨ੍ਹਾਂ ਵਿਚੋਂ ਜ਼ਿਆਦਾਤਰ ਬਿਮਾਰੀਆਂ ਦਾ ਫੈਲਾਅ ਕੁਝ ਦੇਸ਼ਾਂ ਤਕ ਹੀ ਸੀਮਤ ਹੁੰਦਾ ਸੀ। ਪਰ ਕੋਵਿਡ-19 ਮਹਾਂਮਾਰੀ ਨੇ ਪੂਰੀ ਦੁਨੀਆ ਨੂੰ ਕੁਝ ਹਫਤਿਆਂ ਵਿਚ ਹੀ ਆਪਣੀ ਲਪੇਟ ਵਿਚ ਲੈ ਲਿਆ। ਇਸ ਨਾਲ ਲਗਭਗ ਹਰ ਦੇਸ਼ ਅਤੇ ਹਰ ਨਾਗਰਿਕ ਪ੍ਰਭਾਵਿਤ ਹੋਇਆ ਹੈ। ਇਸ ਬਿਮਾਰੀ ਦੇ ਨਾਲ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਚੁੱਕੀ ਹੈ। ਵਧੇਰੇ ਦੇਸ਼ਾਂ ਵਿਚ ਲਾੱਕਡਾਊਨ ਕਾਰਨ ਜ਼ਿੰਦਗੀ ਦੀ ਰਫਤਾਰ ਇਕਦਮ ਰੁੱਕ ਗਈ ਹੈ। ਹਰ ਤਰ੍ਹਾਂ ਦਾ ਕੰਮਕਾਰ ਬੰਦ ਹੋਣ ਨਾਲ ਜਿਥੇ ਆਮ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਪੇਸ਼ ਆਈਆਂ ਉਥੇ ਬਹੁਤ ਸਾਰੇ ਕੰਮਕਾਜੀ ਲੋਕਾਂ ਦਾ ਗੁਜ਼ਾਰਾ ਵੀ ਔਖਾ ਹੋ ਗਿਆ ਹੈ ਕਿਉਂਕਿ ਮਜ਼ਦੂਰਾਂ, ਸਵੈ-ਰੁਜ਼ਗਾਰਾਂ, ਦੁਕਾਨਦਾਰਾਂ ਆਦਿ ਦੀ ਰੋਜ਼ਾਨਾ ਜਾਂ ਮਹੀਨਾਵਾਰ ਕਮਾਈ ਉਤੇ ਹੀ ਸਾਰੀ ਤਰ੍ਹਾਂ ਦੇ ਖਰਚ ਨਿਰਭਰ ਕਰਦੇ ਹਨ। ਕਮਾਈ ਇਕਦਮ ਰੁੱਕ ਜਾਣ ਨਾਲ ਜਿਥੇ ਰੋਟੀ-ਪਾਣੀ ਦਾ ਖਰਚ ਮੁਸ਼ਕਿਲ ਹੋ ਗਿਆ ਹੈ ਉਥੇ ਹੀ ਉਨ੍ਹਾਂ ਨੂੰ ਵੱਖ-ਵੱਖ ਕੰਮਾਂ ਲਈ ਚੁੱਕੇ ਕਰਜ਼ ਦੀ ਵਾਪਸੀ ਦੀ ਚਿੰਤਾ ਵੀ ਸਤਾਉਣ ਲੱਗੀ ਹੈ। ਪ੍ਰਾਈਵੇਟ ਹਸਪਤਾਲ ਬੰਦ ਰਹਿਣ ਅਤੇ ਸਿਹਤ ਵਿਭਾਗ ਦਾ ਅਮਲਾ ਕੋਰੋਨਾ ਮਹਾਂਮਾਰੀ ਵਿਚ ਲੱਗੇ ਹੋਣ ਦੇ ਕਾਰਨ ਆਮ ਬਿਮਾਰੀਆਂ ਦੇ ਮਰੀਜ਼ਾਂ ਨੂੰ ਵੀ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਸਕੂਲ, ਕਾਲਜ ਬੰਦ ਹੋਣ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋਇਆ ਹੈ। ਇਥੋਂ ਤਕ ਕਿ ਕੁਝ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਵਿਚਕਾਰ ਹੀ ਰਹਿ ਗਈਆਂ। ਆਵਾਜਾਈ ਬੰਦ ਹੋਣ ਕਾਰਨ ਬਹੁਤ ਸਾਰੇ ਲੋਕ ਵੱਖ-ਵੱਖ ਥਾਵਾਂ 'ਤੇ ਬਾਹਰ ਵੀ ਫਸੇ ਰਹੇ। ਬੜੀਆਂ ਮੁਸ਼ਕਿਲਾਂ ਨਾਲ ਉਹ ਆਪਣੇ ਘਰਾਂ ਤਕ ਪਹੁੰਚੇ। ਇਸ ਤਰ੍ਹਾਂ ਇਸ ਮਹਾਂਮਾਰੀ ਦੇ ਪ੍ਰਕੋਪ ਨੇ ਹਰ ਵਰਗ ਨੂੰ ਪ੍ਰਭਾਵਿਤ ਕੀਤਾ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਜਿਥੇ ਇਸ ਮਹਾਂਮਾਰੀ ਦੇ ਕਾਰਨ ਬਹੁਤ ਸਾਰਾ ਨੁਕਸਾਨ ਹੋਇਆ ਉਥੇ ਇਸਨੇ ਜ਼ਿੰਦਗੀ ਜਿਉਣ ਦੇ ਕੁਝ ਚੰਗੇ ਨੁਕਤੇ ਵੀ ਸਿਖਾਏ ਹਨ। ਇਸੇ ਲਈ ਕਹਿੰਦੇ ਹਨ ਕਿ ਸਮਾਂ ਸਭ ਤੋਂ ਵੱਡਾ ਗੁਰੂ ਹੈ। ਇਸ ਲਾੱਕਡਾਊਨ ਤੋਂ ਬਹੁਤ ਸਾਰੇ ਸਬਕ ਸਿੱਖਣ ਦੀ ਲੋੜ ਹੈ। ਲਾੱਕਡਾਊਨ ਦੌਰਾਨ ਬਹੁਤ ਸਾਰੇ ਅਜਿਹੇ ਤਜਰਬੇ ਹੋਏ ਹਨ ਜਿਨ੍ਹਾਂ ਦੇ ਪਰਿਣਾਮ ਵੇਖਕੇ ਉਹਨਾਂ ਨੂੰ ਜੀਵਨ ਦਾ ਹਿੱਸਾ ਬਣਾਉਣ ਦੀ ਪ੍ਰੇਰਣਾ ਮਿਲਦੀ

MAGZTER

ਹੈ। ਉਨ੍ਹਾਂ ਦੀ ਚਰਚਾ ਅੱਗੇ ਕਰਦੇ ਹਾਂ :

ਪ੍ਰਦੂਸ਼ਣ ਤੋਂ ਨਿਜਾਤ : ਮੋਟਰ ਗੱਡੀਆਂ ਅਤੇ ਕਾਰਖਾਨਿਆਂ ਦੀ ਬਹੁਤਾਤ ਕਾਰਣ ਇਨ੍ਹਾਂ ਵਿਚੋਂ ਨਿਕਲਣ ਵਾਲਾ ਧੂੰਆਂ ਹਵਾ ਨੂੰ ਦਿਨੋਂ ਦਿਨ ਪ੍ਰਦੂਸ਼ਿਤ ਕਰ ਰਿਹਾ ਹੈ। ਹਵਾ ਇੰਨੀ ਗੰਧਲੀ ਹੋ ਗਈ ਹੈ ਕਿ ਇਕ ਦਿਨ ਇਸ ਵਿਚ ਸਾਹ ਲੈਣਾ ਔਖਾ ਹੋ ਜਾਵੇਗਾ। ਲੱਕਡਾਊਨ ਕਾਰਨ ਮੋਟਰ ਗੱਡੀਆਂ ਅਤੇ ਕਾਰਖਾਨੇ ਬੰਦ ਹੋਣ ਨਾਲ ਹਵਾ ਦੇ ਇਨਡੈਕਸ ਵਿਚ ਕਾਫੀ ਸੁਧਾਰ ਹੋਇਆ। ਲੱਕਡਾਊਨ ਤੋਂ ਬਿਨਾਂ ਇੰਨਾ ਨੂੰ ਰੋਕ ਪਾਉਣਾ ਨਾਮੁਮਕਿਨ ਸੀ। ਹੁਣ ਤਾਂ ਹਵਾ ਇਨ੍ਹਾਂ ਸਾਫ ਹੋ ਗਈ ਹੈ ਕਿ ਹਿਮਾਲਿਆ ਦੇ ਪਹਾੜ ਵੀ ਕਾਫੀ ਦੂਰੀ ਤੋਂ ਨਜ਼ਰ ਆਉਣ ਲੱਗ ਪਏ ਹਨ। ਕਾਰਖਾਨੇ ਬੰਦ ਹੋਣ ਨਾਲ ਸਮੁੰਦਰਾਂ ਅਤੇ ਨਦੀਆਂ ਦਾ ਪਾਣੀ ਵੀ ਸਾਫ ਹੋ ਗਿਆ ਹੈ। ਇਸ ਸੁਧਾਰ ਨੂੰ ਵੇਖਦਿਆਂ ਹਰ ਸਾਲ ਕੁਝ ਦਿਨ ਲੱਕਡਾਊਨ ਕਰਨ ਦੀ ਮੰਗ ਜ਼ੋਰ ਫੜਨ ਲੱਗੀ ਹੈ।

ਸਾਦੇ ਪ੍ਰੋਗਰਾਮ : ਮਜਬੂਰੀ ਵੱਸ ਹੀ ਸਹੀ ਲੋਕਾਂ ਨੇ ਲੱਕਡਾਊਨ ਦੌਰਾਨ ਵਿਆਹ ਬੜੇ ਸਾਦੇ ਤਰੀਕੇ ਨਾਲ ਕੀਤੇ। ਹਜ਼ਾਰਾਂ ਬਰਾਤੀਆਂ ਦੀ ਥਾਂ 'ਤੇ 5-10 ਬਰਾਤੀ ਲਿਜਾ ਕੇ ਵੀ ਵਿਆਹ ਸੰਪੂਰਨ ਹੋਏ। ਆਮ ਹਾਲਤਾਂ ਵਿਚ ਇਨ੍ਹਾਂ ਵਿਆਹਾਂ 'ਤੇ ਕੁਝ ਘੰਟਿਆਂ ਵਿਚ ਹੀ ਲੱਖਾਂ ਰੁਪਏ ਖਰਚ ਹੋਣੇ ਸਨ। ਅਸੀਂ ਲੋਕ ਦਿਖਾਵੇ ਲਈ ਕਰਜ਼ਾ ਚੁੱਕ ਚੁੱਕ ਕੇ ਵਿਆਹਾਂ ਉਤੇ ਫ਼ਜ਼ੂਲ ਖਰਚੀ ਕਰਦੇ ਹਾਂ। ਇਕ ਦਿਨ ਦਾ ਵਿਖਾਵਾ ਸਾਨੂੰ ਸਾਰੀ ਉਮਰ ਲਈ ਕਰਜ਼ ਵਿਚ ਡੋਬ ਦਿੰਦਾ ਹੈ। ਜਦੋਂ ਕਿ ਵਿਆਹ ਸਾਦੇ ਤਰੀਕੇ ਨਾਲ ਵੀ ਹੋ ਸਕਦੇ ਹਨ ਇਹ ਸਮਝਣ ਦੀ ਲੋੜ ਹੈ। ਇਸ ਤੋਂ ਇਲਾਵਾ ਲੋਕ ਮਰਗ ਦੇ ਭੋਗਾਂ ਅਤੇ ਹੋਰ ਪ੍ਰੋਗਰਾਮਾਂ 'ਤੇ ਵੀ ਬਹੁਤ ਖਰਚਾ ਕਰਨ ਲੱਗੇ ਹਨ। ਲੱਕਡਾਊਨ ਦੌਰਾਨ ਉਹ ਵੀ ਕਾਫੀ ਘਟਿਆ ਹੈ। ਇਸ ਰਿਵਾਜ਼ ਨੂੰ ਜਾਰੀ ਰੱਖਣ ਦੀ ਜ਼ਰੂਰਤ ਹੈ।

ਫ਼ਜ਼ੂਲ ਖਰਚੇ ਘਟਾਏ : ਅਸੀਂ ਭਾਰਤੀ ਲੋਕ ਵਧੇਰੇ ਸਮਾਜਿਕ ਹਾਂ। ਜ਼ਰੂਰੀ ਸਮਾਗਮਾਂ ਦੇ ਨਾਲ-ਨਾਲ ਅਸੀਂ ਫਾਲਤੂ ਵਿਚ ਵੀ ਵਧੇਰੇ ਆਉਣ-ਜਾਣ ਰੱਖਦੇ ਹਾਂ। ਖਾਸ ਕਰ ਅੰਨ੍ਹੇਵਾਹ ਧਾਰਮਿਕ ਯਾਤਰਾਵਾਂ ਦਾ ਚਲਨ ਆਮ ਵੇਖਿਆ ਜਾਂਦਾ ਹੈ। ਜਿਨ੍ਹਾਂ ਉਤੇ ਬਹੁਤ ਸਾਰਾ ਸਮਾਂ ਅਤੇ ਪੈਸਾ ਖਰਚ ਹੁੰਦਾ ਹੈ। ਪਰ ਉਨ੍ਹਾਂ ਬਿਨਾਂ ਸਰ ਸਕਦਾ ਹੈ ਇਸ ਲੱਕਡਾਊਨ ਨੇ ਸਾਨੂੰ ਸਿਖਾਇਆ ਹੈ। ਘਰ ਰਹਿ ਕੇ ਘਰ ਦੀਆਂ ਬਣੀਆਂ ਹੋਈਆਂ ਚੀਜ਼ਾਂ ਖਾ ਕੇ ਅਹਿਸਾਸ ਹੋਇਆ ਕਿ ਅਸੀਂ ਬਾਹਰ ਦਾ ਖਾ ਕੇ ਐਵੇਂ ਸਿਹਤ ਅਤੇ ਪੈਸੇ ਦੀ ਬਰਬਾਦੀ ਕਰਦੇ ਰਹੇ। ਇਸ ਨਾਲ ਪੈਸੇ ਦੀ ਦੌੜ ਵਿਚ ਘਰਦਿਆਂ ਤੋਂ ਬਣਾਈਆਂ ਦੂਰੀਆਂ ਵੀ ਘੱਟ ਹੋਈਆਂ ਹਨ। ਆਵਾਜਾਈ ਰੁਕਣ ਨਾਲ ਸੜਕਾਂ 'ਤੇ ਹੁੰਦੇ ਹਾਦਸਿਆਂ ਨਾਲ ਹੋਣ ਵਾਲੀਆਂ ਮੌਤਾਂ ਵਿਚ ਭਾਰੀ ਕਮੀ ਆਈ ਹੈ। ਇਸ ਤੋਂ ਇਲਾਵਾ ਕੁਝ ਲਾਲਚੀ ਡਾਕਟਰਾਂ ਵਲੋਂ ਨਿਰੋਲ ਕਮਾਈ ਲਈ ਕਰਵਾਏ ਜਾਂਦੇ ਟੈਸਟ ਅਤੇ ਦਿਤੇ ਜਾਂਦੇ ਦਵਾਈਆਂ ਦੇ ਬੱਬਿਆਂ ਦੁਆਰਾ ਲੋਕਾਂ ਦੀ ਹੁੰਦੀ ਆਰਥਿਕ ਲੁੱਟ ਵੀ ਰੁਕੀ ਹੈ। ਕਈ ਤਾਂ ਬਿਨਾਂ ਦਵਾਈਆਂ ਤੋਂ ਪਹਿਲਾਂ ਨਾਲੋਂ ਸਿਹਤਮੰਦ ਮਹਿਸੂਸ ਕਰ ਰਹੇ ਹਨ।

ਕੰਮ ਕਰਨ ਦੇ ਤਰੀਕੇ ਬਦਲੇ : ਜਿਵੇਂ ਕਹਿੰਦੇ ਹਨ ਕਿ ਲੋੜ ਕਾਢ ਦੀ ਮਾਂ ਹੈ। ਲੱਕਡਾਊਨ ਕਾਰਨ ਲੋਕ ਬਾਹਰ ਨਹੀਂ ਜਾ ਸਕਦੇ ਸੀ। ਇਸ ਕਰਕੇ ਲੋਕਾਂ ਨੇ ਇੰਟਰਨੈੱਟ ਦੇ ਯੁੱਗ ਵਿਚ ਕੁਝ ਕੰਮ ਘਰ ਬੈਠੇ ਆੱਨਲਾਈਨ ਕਰਨੇ ਸਿੱਖੇ ਅਤੇ ਕੀਤੇ। ਖਾਸ ਤੌਰ 'ਤੇ ਸਕੂਲਾਂ ਦੇ ਅਧਿਆਪਕਾਂ ਵਲੋਂ ਵਿਦਿਆਰਥੀਆਂ ਨੂੰ ਆੱਨਲਾਈਨ ਪੜ੍ਹਾਈ ਕਰਵਾਉਣ ਦੀ ਸ਼ੁਰੂਆਤ ਕੀਤੀ ਗਈ। ਇਸਦੇ ਨਾਲ ਹੀ ਘਰ ਬੈਠੇ ਇੰਟਰਨੈੱਟ 'ਤੇ ਵੀਡੀਓ ਕਾਲ ਰਾਹੀਂ ਡਾਕਟਰੀ ਸਲਾਹ ਵੀ ਲਈ ਜਾਣ ਲੱਗੀ ਹੈ। ਇਸ ਵਾਸਤੇ ਪੇਂਡੂ ਖੇਤਰਾਂ ਲਈ ਪੰਜਾਬ ਸਰਕਾਰ ਨੇ ਈ-ਸੰਜੀਵਨੀ ਸੇਵਾ ਸ਼ੁਰੂ ਕੀਤੀ ਹੈ। ਆੱਨਲਾਈਨ ਸ਼ਾੱਪਿੰਗ ਸਾਈਟਾਂ ਤੋਂ ਇਲਾਵਾ ਛੋਟੇ ਦੁਕਾਨਦਾਰਾਂ ਤੋਂ ਵੀ ਹੁਣ ਫੋਨ 'ਤੇ ਬੁੱਕ ਕਰਵਾ ਕੇ ਘਰੇਲੂ ਸਾਮਾਨ ਮੰਗਵਾਇਆ ਜਾ ਰਿਹਾ ਹੈ। ਭੁਗਤਾਨ ਲਈ ਪੇ.ਟੀ.ਐੱਮ., ਗੂਗਲ ਪੇ ਅਤੇ ਈ-ਬੈਂਕਿੰਗ ਸੇਵਾਵਾਂ ਦੀ ਵਰਤੋਂ ਵੀ ਆਮ ਹੋਣ ਲੱਗ ਪਈ ਹੈ। ਇਨ੍ਹਾਂ ਨਵੇਂ ਰੁਝਾਨਾਂ ਦਾ ਆਉਣ ਵਾਲੇ ਸਮੇਂ ਵਿਚ ਭਰਪੂਰ ਲਾਹਾ ਲਿਆ ਜਾ ਸਕਦਾ ਹੈ। ਭਵਿੱਖ ਵਿਚ ਘਰ ਤੋਂ ਬਹੁਤ ਸਾਰੇ ਆੱਨਲਾਈਨ ਕੰਮਾਂ ਦੀ ਸ਼ੁਰੂਆਤ ਵੱਡੇ ਪੱਧਰ 'ਤੇ ਕਰਕੇ

ਆਵਾਜਾਈ ਦੇ ਖਰਚੇ ਅਤੇ ਭੀੜ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਸਮੇਂ ਦੀ ਬੱਚਤ ਕੀਤੀ ਜਾ ਸਕਦੀ ਹੈ।

ਪਾਖੰਡਵਾਦ ਦਾ ਖਾਤਮਾ : ਖਾਸਕਰ ਸਾਡੇ ਦੇਸ਼ ਵਿਚ ਪਾਖੰਡ ਦਾ ਬਹੁਤ ਬੋਲਬਾਲਾ ਹੈ। ਕਿੰਨੇ ਹੀ ਪਾਖੰਡੀ ਬਾਬੇ ਜਾਂ ਜੋਤਸ਼ੀ ਲੋਕਾਂ ਨੂੰ ਉਨ੍ਹਾਂ ਦਾ ਭਵਿੱਖ ਦੱਸਣ ਅਤੇ ਹਰ ਇਕ ਬਿਮਾਰੀ ਦਾ ਇਲਾਜ ਕਰਨ ਦਾ ਦਾਅਵਾ ਕਰਦੇ ਹਨ। ਪਰ ਨਾ ਤਾਂ ਉਹ ਵਿਆਹਾਂ ਆਦਿ ਦਾ ਸ਼ੁੱਭ ਮਹੂਰਤ ਕੱਢਣ ਸਮੇਂ ਇਸ ਲੱਕਡਾਊਨ ਬਾਰੇ ਅਗਾਹ ਕਰ ਸਕੇ ਅਤੇ ਨਾ ਹੀ ਕੋਰੋਨਾ ਦਾ ਇਲਾਜ ਕਰਨ ਲਈ ਸਾਹਮਣੇ ਆਏ। ਸਗੋਂ ਇਸ ਮੌਕੇ ਲੋਕਾਂ ਦੀ ਰੱਖਿਆ ਕਰਨ ਦੀ ਥਾਂ ਸਭ ਖੁੱਡਾਂ ਵਿਚ ਵੜੇ ਰਹੇ। ਇਸ ਨਾਲ ਬਹੁਤੇ ਲੋਕਾਂ ਨੂੰ ਜ਼ਰੂਰ ਸਮਝ ਆ ਗਈ ਹੋਵੇਗੀ ਕਿ ਇਨ੍ਹਾਂ ਪਾਖੰਡੀਆਂ ਪਿਛੇ ਆਪਣੀ ਕਮਾਈ ਤੇ ਸਮੇਂ ਬਰਬਾਦ ਕਰਨ ਦਾ ਕੋਈ ਲਾਭ ਨਹੀਂ ਹੈ।

ਪਬਲਿਕ ਅਦਾਰਿਆਂ ਦੀ ਸਾਖ ਮਜ਼ਬੂਤ ਹੋਈ : ਪਿਛਲੇ ਸਾਲਾਂ ਵਿਚ ਸਰਕਾਰਾਂ ਪਬਲਿਕ ਅਦਾਰਿਆਂ ਦਾ ਨਿੱਜੀਕਰਨ ਕਰ ਰਹੀਆਂ ਹਨ। ਪਰ ਇਸ ਦੁੱਖ ਦੀ ਘੜੀ ਵਿਚ ਪਬਲਿਕ ਸੈਕਟਰ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਸਿਹਤ, ਪੁਲਿਸ ਅਤੇ ਸਫਾਈ ਕਰਮਚਾਰੀਆਂ ਨੇ ਲੋਕਾਂ ਦੀ ਦਿਨ-ਰਾਤ ਸੇਵਾ ਕੀਤੀ ਜਦੋਂ ਪ੍ਰਾਈਵੇਟ ਅਦਾਰੇ ਲਗਭਗ ਬੰਦ ਹੀ ਰਹੇ। ਇਸ ਨਾਲ ਨਿੱਜੀਕਰਨ ਦੇ ਵਿਰੋਧ ਨੂੰ ਬਲ ਮਿਲੇਗਾ। ਇਸ ਨਾਲ ਜਨਤਾ ਦਾ ਲਗਾਅ ਸਰਕਾਰੀ ਕਰਮਚਾਰੀਆਂ ਅਤੇ ਅਦਾਰਿਆਂ ਨਾਲ ਵਧਿਆ ਹੈ। ਲੋਕਾਂ ਵਲੋਂ ਜਗ੍ਹਾ-ਜਗ੍ਹਾ 'ਤੇ ਸਿਹਤ, ਪੁਲਿਸ ਅਤੇ ਸਫਾਈ ਕਰਮਚਾਰੀਆਂ ਦਾ ਸਨਮਾਨ ਕੀਤਾ ਗਿਆ ਹੈ। ਸਾਡੇ ਦੇਸ਼ ਵਿਚ ਸਿਹਤ ਅਤੇ ਸਿੱਖਿਆ ਖੇਤਰ ਨੂੰ ਪੂਰੀ ਤਰ੍ਹਾਂ ਸਰਕਾਰੀ ਖੇਤਰ ਵਿਚ ਲਿਆਉਣ ਦੀ ਲੋੜ ਹੈ।

ਪੁਰਾਤਨ ਸਭਿਆਚਾਰ ਅਨੁਸਾਰ ਮਿਲਾਪ : ਸਾਡੇ ਸਭਿਆਚਾਰ ਨੇ ਸਾਨੂੰ ਦੂਰੋਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਜਾਂ ਨਮਸਕਾਰ ਕਰਨਾ ਸਿਖਾਇਆ ਸੀ। ਪਰ ਅਸੀਂ ਆਧੁਨਿਕਤਾ ਦੀ ਹੋੜ ਵਿਚ ਹੱਥ ਮਿਲਾਉਣਾ, ਗਲੇ ਮਿਲਣਾ ਰਿਵਾਜ਼ ਬਣਾ ਲਿਆ ਪਰ ਇਸ ਦੌਰ ਨੇ ਸਾਨੂੰ ਮੁੜ ਪੁਰਾਤਨ ਮਿਲਣੀ ਦਾ ਢੰਗ ਅਪਨਾਉਣ ਲਈ ਪ੍ਰੇਰਿਤ ਕੀਤਾ ਹੈ। ਹੁਣ ਸਮਾਜਿਕ ਦੂਰੀ ਦੀ ਪਾਲਣਾ ਕਰਦੇ ਅਸੀਂ ਦੂਰ ਤੋਂ ਹੀ ਫਤਿਹ ਬੁਲਾ ਰਹੇ ਹਾਂ।

ਇਸ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਵੀ ਲੋਕਾਂ ਦੀ ਸੇਵਾ ਵਿਚ ਜੁਟੀਆਂ ਰਹੀਆਂ। ਲੰਗਰ, ਰਾਸ਼ਨ ਆਦਿ ਦੀ ਨਿਰੰਤਰ ਵੰਡ ਕਰਕੇ ਲੋਕਾਂ ਦਾ ਦਿਲ ਜਿੱਤਿਆ ਹੈ। ਜਿਸ ਨਾਲ ਮਾੜੇ ਸਮੇਂ ਵਿਚ ਲੋੜਵੰਦਾਂ ਦੀ ਬਾਂਹ ਫੜਨ ਦੀ ਭਾਵਨਾ ਪੈਦਾ ਹੋਈ।

ਲੱਕਡਾਊਨ ਖਤਮ ਹੋਣ ਤੋਂ ਬਾਅਦ ਜ਼ਿੰਦਗੀ ਦੀ ਗੱਡੀ ਨੂੰ ਲੀਹ 'ਤੇ ਲਿਆਉਣ ਲਈ ਯਤਨ ਕਰਨ ਦੇ ਨਾਲ-ਨਾਲ ਇਸ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਦੀ ਪੜਚੋਲ ਕਰਨ ਅਤੇ ਚੰਗੀਆਂ ਗੱਲਾਂ ਨੂੰ ਪੱਲੇ ਬੰਨ੍ਹ ਕੇ ਜੀਵਨ ਵਿਚ ਅਪਨਾਉਣ ਦੀ ਅੱਜ ਮੁੱਖ ਜ਼ਰੂਰਤ ਹੈ ■

MAGZTER

ਰਣਜੀਤ ਸਿੰਘ ਘੁੰਮਣ
ਪ੍ਰੋਫੈਸਰ ਆਫ ਐਮੀਨੈਂਸ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
98722-20714

ਲੌਕਡਾਊਨ ਮਜ਼ਦੂਰ ਜਮਾਤ ਲਈ ਮੁਸੀਬਤ ਬਣਿਆ

ਕੋਵਿਡ-19 ਮਹਾਂਮਾਰੀ ਅਤੇ ਇਸ ਕਾਰਨ ਲਾਏ ਲੌਕਡਾਊਨ ਕਾਰਨ ਪੈਦਾ ਹੋਣ ਵਾਲੀਆਂ ਸਮਾਜਿਕ-ਆਰਥਿਕ ਗੁੰਝਲਾਂ ਬਾਰੇ ਬੜਾ ਕੁਝ ਲਿਖਿਆ ਜਾ ਚੁੱਕਾ ਹੈ। ਇਸ ਦੇ ਬਾਵਜੂਦ ਇਸ ਮੁੱਦਿਆਂ ਉਤੇ ਅਜੇ ਵੀ ਚਰਚਾ ਜਾਰੀ ਰੱਖਣ ਦੀ ਲੋੜ ਹੈ, ਕਿਉਂਕਿ ਇਸ ਸਭ ਕਾਸੇ ਕਾਰਨ ਜ਼ਿੰਦਗੀ ਅਤੇ ਰੋਜ਼ੀ-ਰੋਟੀ ਦੇ ਸਵਾਲ ਦੀ ਪੈਦਾ ਹੋਈ ਦੁਬਿਧਾ ਗੰਭੀਰ ਚੁਣੌਤੀ ਬਣ ਕੇ ਉੱਭਰੀ ਹੈ। ਇਸ ਕਾਰਨ ਵੱਖੋ-ਵੱਖ ਸੈਕਟਰਾਂ ਨਾਲ ਸਬੰਧਿਤ ਕਾਰੋਬਾਰਾਂ ਸਨਅੱਤਾਂ ਅਤੇ ਵੱਖੋ-ਵੱਖ ਮੁਲਕਾਂ ਵਿਚ ਮਜ਼ਦੂਰਾਂ-ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਜੁਆਬ ਦਿਤੇ ਜਾਣ ਅਤੇ ਵੱਡੀ ਗਿਣਤੀ ਵਿਚ ਲੋਕਾਂ ਦੇ ਰੁਜ਼ਗਾਰ ਖੁੱਸ ਜਾਣ ਦੀਆਂ ਪਹਿਲਾਂ ਹੀ ਬਹੁਤ ਰਿਪੋਰਟਾਂ ਆ ਰਹੀਆਂ ਹਨ। ਇਸ ਤੋਂ ਵੀ ਵਧ ਅਜਿਹੀਆਂ ਰਿਪੋਰਟਾਂ ਗਰੀਬ ਤੇ ਵਿਕਾਸਸ਼ੀਲ ਮੁਲਕਾਂ ਤੋਂ ਜ਼ਿਆਦਾ ਆ ਰਹੀਆਂ ਹਨ, ਜਿਥੇ ਬੜੀ ਵੱਡੀ ਗਿਣਤੀ ਮਜ਼ਦੂਰ ਗ਼ੈਰਜਥੇਬੰਦ ਸੈਕਟਰ ਵਿਚ ਹਨ। ਵੱਖ-ਵੱਖ ਮੁਲਕਾਂ ਵਿਚ ਲੱਖਾਂ ਹੀ ਮਜ਼ਦੂਰਾਂ ਨੇ ਸਰਕਾਰਾਂ ਤੋਂ ਬੇਰੁਜ਼ਗਾਰੀ ਭੱਤਾ ਅਤੇ ਹੋਰ ਸਰਕਾਰੀ ਇਮਦਾਦ ਲੈਣ ਲਈ ਦਰਖ਼ਾਸਤਾਂ ਦਿਤੀਆਂ ਹਨ, ਕਿਉਂਕਿ ਉਨ੍ਹਾਂ ਨੂੰ ਰੁਜ਼ਗਾਰ ਖੁੱਸਣ ਕਾਰਨ ਭੁੱਖਮਰੀ ਵਰਗੀ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਬਿਨਾਂ ਜਿਨ੍ਹਾਂ ਕੋਲ ਰੁਜ਼ਗਾਰ ਹੈ ਵੀ, ਉਨ੍ਹਾਂ ਦੇ ਰੁਜ਼ਗਾਰ ਉਤੇ ਵੀ ਖਤਰੇ ਦੇ ਬੱਦਲ ਮੰਡਰਾ ਰਹੇ ਹਨ, ਕਿਉਂਕਿ ਆਲਮੀ ਅਰਥਚਾਰਾ ਭਿਆਨਕ ਮੰਦਵਾੜੇ ਵੱਲ ਵਧ ਰਿਹਾ ਹੈ।

ਇਹ ਸਹੀ ਹੈ ਕਿ ਭਾਰਤ ਵਰਗੇ ਹੇਠਲੀ-ਮੱਧ ਆਮਦਨ ਵਾਲੇ ਮੁਲਕ (ਜਿਥੇ ਆਬਾਦੀ ਬਹੁਤ ਜ਼ਿਆਦਾ ਹੈ, ਬਹੁ-ਪਾਸਾਰੀ ਗ਼ਰੀਬੀ, ਵੱਡੇ ਪੈਮਾਨੇ 'ਤੇ ਨਾਬਰਾਬਰੀ ਹੈ ਅਤੇ ਸਿਹਤ ਸੇਵਾਵਾਂ ਦੀ ਹਾਲਤ ਬਹੁਤੀ ਚੰਗੀ ਨਹੀਂ) ਵਿਚ ਕੋਰੋਨਾਵਾਇਰਸ ਵਰਗੀ ਮਹਾਂਮਾਰੀ ਦੇ ਟਾਕਰੇ ਲਈ ਲੌਕਡਾਊਨ ਨੂੰ ਸਭ ਤੋਂ ਕਾਰਗਰ ਹਥਿਆਰ ਸਮਝਿਆ ਗਿਆ ਅਤੇ ਇਸ ਦੇ ਇਸ ਪੱਖੋਂ ਚੰਗੇ ਸਿੱਟੇ ਵੀ ਨਿਕਲੇ। ਇਸ ਦੇ ਬਾਵਜੂਦ ਜਾਪਦਾ ਹੈ ਕਿ ਸਰਜੀਕਲ ਸਟਰਾਈਕ ਵਾਂਗ ਅਚਾਨਕ ਲੌਕਡਾਊਨ ਦਾ ਐਲਾਨ ਕੀਤੇ ਜਾਣ ਵੇਲੇ ਸ਼ਾਇਦ ਇਸ ਕਾਰਨ ਖ਼ਾਸਕਰ ਗ਼ੈਰਜਥੇਬੰਦ/ਗੈਰਰਸਮੀ ਸੈਕਟਰਾਂ, ਪਰਵਾਸੀ ਮਜ਼ਦੂਰਾਂ ਅਤੇ ਗਰੀਬ ਲੋਕਾਂ ਲਈ ਪੈਦਾ ਹੋਣ ਵਾਲੀਆਂ ਸਮਾਜਿਕ-ਆਰਥਿਕ ਉਲਝਣਾਂ ਵੱਲ ਕੋਈ ਧਿਆਨ ਨਹੀਂ ਦਿਤਾ ਗਿਆ। ਭਾਰਤ ਵਿਚ ਅੰਦਾਜ਼ਨ 94 ਫੀਸਦੀ ਕਿਰਤੀ ਗੈਰਰਸਮੀ ਰੁਜ਼ਗਾਰ ਵਾਲੇ ਹਨ, ਜਿਨ੍ਹਾਂ ਦਾ ਬੜਾ ਵੱਡਾ ਹਿੱਸਾ ਬਹੁ-ਪਾਸਾਰੀ ਗਰੀਬੀ ਦੀ ਹਾਲਤ ਵਿਚ ਦਿਨ-ਕਟੀ ਲਈ ਮਜਬੂਰ ਹੈ। ਕੌਮਾਂਤਰੀ ਕਿਰਤ ਸੰਸਥਾ (ਆਈ.ਐੱਲ.ਓ.) ਮੁਤਾਬਿਕ ਕਰੀਬ 77 ਫੀਸਦੀ

MAGZTER

ਭਾਰਤੀ ਕਾਮੇ ਅਸੁਰੱਖਿਅਤ ਰੁਜ਼ਗਾਰ ਵਿਚ ਹਨ। ਇਸੇ ਤਰ੍ਹਾਂ ਅਰਜੁਨ ਸੇਨਗੁਪਤਾ ਕਮੇਟੀ ਦੀ ਗ਼ੈਰਜਥੇਬੰਦ ਸੈਕਟਰ ਦੇ ਉੱਦਮਾਂ ਸਬੰਧੀ 2008 ਦੀ ਰਿਪੋਰਟ ਵੀ ਇਹੋ ਖੁਲਾਸਾ ਕਰਦੀ ਹੈ ਕਿ 77 ਫੀਸਦੀ ਭਾਰਤੀ ਲੋਕ ਰੋਜ਼ਾਨਾ ਪ੍ਰਤੀ ਵਿਅਕਤੀ 2 ਅਮਰੀਕੀ ਡਾਲਰ ਤੋਂ ਵੀ ਘੱਟ 'ਤੇ ਗੁਜ਼ਾਰਾ ਕਰਦੇ ਹਨ ਅਤੇ ਉਨ੍ਹਾਂ ਲਈ ਛੋਟਾ ਜਿਹਾ ਮਾਲੀ ਘਾਟਾ ਵੀ ਮਾਰੂ ਸਾਬਿਤ ਹੋ ਸਕਦਾ ਹੈ।

ਇਹੀ ਨਹੀਂ, ਭਾਰਤ ਵਿਚ ਬੀਤੇ 45 ਸਾਲਾਂ ਦੀ ਸਭ ਤੋਂ ਜ਼ਿਆਦਾ ਬੇਰੁਜ਼ਗਾਰੀ ਦਰ (ਸਾਲ 2017-18 ਵਿਚ 6.1 ਫੀਸਦੀ), ਜਿਸ ਦੌਰਾਨ ਨੌਜਵਾਨ ਵਰਗ ਕੁੱਲ ਮਿਲਾ ਕੇ 14 ਫੀਸਦੀ ਬੇਰੁਜ਼ਗਾਰ ਹੋਣ ਅਤੇ ਨਾਲ ਹੀ ਪੇਂਡੂ ਨੌਜਵਾਨ ਮਰਦਾਂ ਦੀ ਬੇਰੁਜ਼ਗਾਰੀ 2011-12 ਦੇ ਮੁਕਾਬਲੇ 2017-18 ਦੌਰਾਨ ਤਿੰਨ ਗੁਣਾ ਵਧ ਕੇ 17.4 ਫੀਸਦੀ ਤਕ ਪੁੱਜ ਜਾਣ ਕਾਰਨ ਬੇਰੁਜ਼ਗਾਰੀ ਦੀ ਸਮੱਸਿਆ ਹੋਰ ਵੀ ਭਿਆਨਕ ਹੋ ਗਈ ਹੈ। ਗੈਰਰਸਮੀ ਰੁਜ਼ਗਾਰ ਦੇ ਸਭ ਤੋਂ ਵੱਡੇ ਸੈਕਟਰ ਖੇਤੀਬਾੜੀ, ਜਿਥੇ ਕੁੱਲ ਕਿਰਤ ਸ਼ਕਤੀ ਦਾ ਕਰੀਬ ਅੱਧਾ ਹਿੱਸਾ ਲੱਗਾ ਹੋਇਆ ਹੈ, ਵਿਚ ਰੁਜ਼ਗਾਰ ਮੌਕੇ ਤੇਜ਼ੀ ਨਾਲ ਘੱਟ ਰਹੇ ਹਨ। ਇਹ ਸਮੱਸਿਆ ਤੇ ਨਾਲ ਹੀ ਵਧ ਰਿਹਾ ਖੇਤੀ ਸੰਕਟ ਮਿਲ ਕੇ ਪੇਂਡੂ ਨੌਜਵਾਨ ਵਰਗ (ਖਾਸਕਰ ਮਰਦਾਂ) ਨੂੰ ਖੇਤੀ ਸੈਕਟਰ ਤੋਂ ਬਾਹਰ ਕੱਢ ਰਹੇ ਹਨ ਅਤੇ ਇਹ ਨੌਜਵਾਨ ਰੁਜ਼ਗਾਰ ਤੇ ਰੋਜ਼ੀ-ਰੋਟੀ ਦੀ ਖਾਤਰ ਪਿੰਡਾਂ ਤੋਂ ਸ਼ਹਿਰਾਂ ਤੇ ਕਸਬਿਆਂ ਨੂੰ ਹਿਜਰਤ ਕਰ ਰਹੇ ਹਨ।

ਇਨ੍ਹਾਂ ਬੇਵੱਸ ਨੌਜਵਾਨਾਂ ਵਿਚੋਂ ਬਹੁਤੇ ਜਿਸਮਾਨੀ ਮਜ਼ਦੂਰੀ ਕਰਨ ਵਾਲੇ ਕਿਰਤੀਆਂ ਵਜੋਂ 14-20 ਸਾਲਾਂ ਦੀ ਉਮਰ ਦੌਰਾਨ ਹੀ ਕਿਰਤ ਮੰਡੀ ਵਿਚ ਦਾਖਲ ਹੋ ਜਾਂਦੇ ਤੇ ਆਪਣੇ ਪਰਿਵਾਰਾਂ ਦੇ ਕਮਾਊ ਜੀਅ ਬਣ ਜਾਂਦੇ ਹਨ। ਹੱਥ ਵਿਚ ਕੋਈ ਹੁਨਰ ਨਾ ਹੋਣ ਤੇ ਕੁੱਲ ਮਿਲਾ ਕੇ ਅਨਪੜ੍ਹ ਹੋਣ ਕਾਰਨ ਉਹ ਆਪਣੀ ਕੰਮ ਕਰਨ ਦੀ ਸਾਰੀ ਹੀ ਉਮਰ ਦੌਰਾਨ ਬਹੁਤਾ ਕਰ ਕੇ ਬੇ-ਹੁਨਰ, ਘੱਟ ਉਜਰਤ ਵਾਲੇ ਅਤੇ ਖਤਰਨਾਕ ਕੰਮਾਂ ਵਿਚ ਫਸੇ ਰਹਿ ਜਾਂਦੇ ਹਨ। ਇਸ ਕਰਕੇ ਸਖ਼ਤ ਮਿਹਨਤ ਦੇ ਬਾਵਜੂਦ ਇਨ੍ਹਾਂ ਵਿਚੋਂ ਬਹੁਤਿਆਂ ਦੀਆਂ ਜੀਣ ਹਾਲਤਾਂ ਵਿਚ ਕੋਈ ਸੁਧਾਰ ਨਹੀਂ ਹੁੰਦਾ। ਉਨ੍ਹਾਂ ਦੀ ਸਿਖਰਲੀ ਕੰਮ-ਉਮਰ 21 ਤੋਂ 30 ਸਾਲਾਂ ਦੌਰਾਨ ਹੁੰਦੀ ਹੈ, ਜਦੋਂ ਉਹ ਆਪਣੇ ਪਰਿਵਾਰਾਂ ਦੇ ਮੁੱਖ ਕਮਾਊ ਜੀਅ ਬਣ ਜਾਂਦੇ ਹਨ ਅਤੇ ਸਖ਼ਤ ਜਿਸਮਾਨੀ ਮਿਹਨਤ ਕਰਦੇ ਹਨ। ਇਸ ਦੌਰਾਨ ਉਨ੍ਹਾਂ ਦਾ ਵਿਆਹ ਹੋ ਜਾਂਦਾ ਹੈ ਤੇ ਉਹ ਆਪਣਾ ਪਰਿਵਾਰ ਸ਼ੁਰੂ ਕਰਦੇ ਹਨ। ਇਸ ਤਰ੍ਹਾਂ 30 ਤੋਂ 40 ਸਾਲਾਂ ਦੀ ਉਮਰ ਦੌਰਾਨ ਮਾੜੀਆਂ ਕੰਮ ਤੇ ਰਿਹਾਇਸ਼ੀ ਹਾਲਤਾਂ (ਨਾਲ ਹੀ ਅਸਵੱਛ ਤੇ ਨਾਕਾਫੀ ਪੋਸ਼ਣ ਤੇ ਮਾੜੀਆਂ ਸਿਹਤ ਸੇਵਾਵਾਂ) ਅਤੇ ਘੱਟ ਕਮਾਈ (ਜਿਸ ਵਿਚੋਂ ਉਨ੍ਹਾਂ ਨੂੰ ਵੱਡਾ ਹਿੱਸਾ ਪਿੱਛੇ ਜੱਦੀ ਘਰਾਂ ਨੂੰ ਵੀ ਭੇਜਣਾ ਪੈਂਦਾ ਹੈ) ਦੌਰਾਨ ਕਰਨੀ ਪੈਂਦੀ ਸਖ਼ਤ ਜਿਸਮਾਨੀ ਮਿਹਨਤ ਉਨ੍ਹਾਂ ਦੀ ਸਿਹਤ ਲਈ ਬਹੁਤ ਭਾਰੀ ਪੈਂਦੀ ਹੈ। ਇਸ ਦੇ ਸਿੱਟੇ ਵਜੋਂ ਉਨ੍ਹਾਂ ਵਿਚੋਂ ਬਹੁਤੇ ਅਕਸਰ ਘਰੀਂ ਪਰਤਣਾ ਸ਼ੁਰੂ ਕਰ ਦਿੰਦੇ ਹਨ, ਜਿਨ੍ਹਾਂ ਨੂੰ ਕਈ ਪੁਰਾਣੀਆਂ ਬਿਮਾਰੀਆਂ ਵੀ ਚਿੰਬੜੀਆਂ ਹੁੰਦੀਆਂ ਹਨ। ਜਦੋਂ ਤਕ ਉਹ 40 ਸਾਲ ਦੀ ਉਮਰ ਤਕ ਅੱਪੜਦੇ ਹਨ, ਉਹ ਸਥਾਨਕ ਪੱਧਰ 'ਤੇ ਘੱਟ ਉਜਰਤਾਂ 'ਤੇ ਰੁਜ਼ਗਾਰ ਮੌਕੇ ਹਾਸਿਲ ਕਰਨਾ ਸ਼ੁਰੂ ਕਰ ਦਿੰਦੇ ਹਨ ਤੇ ਕਮਜ਼ੋਰ ਸਰੀਰਾਂ ਨਾਲ ਮੁੜ ਹੋਰ ਗਰੀਬੀ ਵਿਚ ਗਰਕ ਜਾਂਦੇ ਹਨ। ਫਿਰ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਬੱਚੇ ਰੁਜ਼ਗਾਰ ਦੀ ਤਲਾਸ਼ ਵਿਚ ਸ਼ਹਿਰਾਂ ਨੂੰ ਹਿਜਰਤ ਸ਼ੁਰੂ ਕਰ ਦਿੰਦੇ ਹਨ ਅਤੇ ਗ਼ਰੀਬੀ ਦਾ ਚੱਕਰ ਪੀੜ੍ਹੀ ਦਰ ਪੀੜ੍ਹੀ ਚੱਲਦਾ ਰਹਿੰਦਾ ਹੈ।

ਇਉਂ ਇਨ੍ਹਾਂ ਪਰਵਾਸੀ ਮਜ਼ਦੂਰਾਂ (ਜਿਨ੍ਹਾਂ ਦੀ ਆਬਾਦੀ ਕਰੀਬ ਸਾਢੇ ਤਿੰਨ ਤੋਂ ਚਾਰ ਕਰੋੜ ਹੈ) ਉਤੇ ਲੌਕਡਾਊਨ ਦੀ ਸਭ ਤੋਂ ਭਾਰੀ ਮਾਰ

ਪਈ ਹੈ। ਇਸ ਡਰ, ਬੇਚੈਨੀ ਤੇ ਬੇਯਕੀਨੀ ਦੇ ਹਾਲਾਤ ਦੌਰਾਨ ਉਹ ਆਪਣੇ ਘਰਾਂ ਨੂੰ ਪਰਤਣ ਲਈ ਤਰਸੇ ਹੋਏ ਸਨ। ਦੂਜੇ ਪਾਸੇ ਮੌਕੇ ਦੀਆਂ ਸਰਕਾਰਾਂ ਸ਼ਾਇਦ ਉਨ੍ਹਾਂ ਨੂੰ ਇਹ ਪੱਕਾ ਭਰੋਸਾ ਨਹੀਂ ਦਿਵਾ ਸਕੀਆਂ ਕਿ ਉਹ ਉਨ੍ਹਾਂ ਅਤੇ ਉਨ੍ਹਾਂ ਦੇ (ਪਿੱਛੇ ਜੱਦੀ ਘਰਾਂ ਵਿਚ ਰਹਿੰਦੇ) ਪਰਿਵਾਰਾਂ ਦੀਆਂ ਮਾਮੂਲੀ ਜਿਹੀਆਂ ਜ਼ਰੂਰਤਾਂ ਪੂਰੀਆਂ ਕਰਨਗੀਆਂ। ਜੇ ਸਰਕਾਰ/ਸਰਕਾਰਾਂ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਅਤੇ ਕੋਟਾ ਤੇ ਹੋਰ ਥਾਵਾਂ ਤੋਂ ਵਿਦਿਆਰਥੀਆਂ ਨੂੰ ਵਾਪਸ ਲਿਆ ਸਕਦੀਆਂ ਹਨ (ਜੋ ਯਕੀਨਨ ਸਲਾਹੁਣਯੋਗ ਕਦਮ ਹੈ) ਤਾਂ ਇਨ੍ਹਾਂ ਮਜਬੂਰ ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰ ਪਹੁੰਚਾਉਣ ਦੇ ਢੁਕਵੇਂ ਅਤੇ ਵੇਲੇ ਸਿਰ ਪ੍ਰਬੰਧ ਕਿਉਂ ਨਹੀਂ ਕੀਤੇ ?

ਇੰਝ ਹਾਲਾਤ ਤੋਂ ਮਜਬੂਰ ਅਤੇ ਪਰਦੇਸਾਂ ਵਿਚ ਫਸੇ ਇਨ੍ਹਾਂ ਮਜ਼ਦੂਰਾਂ ਨੇ ਬੇਚੈਨੀ ਵਿਚ ਆਪਣੇ ਘਰਾਂ ਨੂੰ 'ਉਲਟ ਹਿਜਰਤ' ਸ਼ੁਰੂ ਕਰ ਦਿਤੀ, ਉਹ ਵੀ ਪੈਦਲ ਜਾਂ ਮੌਕੇ 'ਤੇ ਬਣੇ ਹੋਰ ਸਾਧਨਾਂ ਨਾਲ। ਉਨ੍ਹਾਂ ਨਾਲ ਛੋਟੇ-ਛੋਟੇ ਬੱਚੇ ਵੀ ਸੈਂਕੜੇ ਕਿਲੋਮੀਟਰ ਪੈਦਲ ਚੱਲਣ ਲਈ ਮਜਬੂਰ ਹਨ। ਉਨ੍ਹਾਂ ਸ਼ਾਇਦ ਪਿਛਾਂਹ ਪਰਿਵਾਰਾਂ ਨੂੰ ਮਿਲਣ ਦੇ ਉਦਰੇਵੇਂ, ਵਧਦੇ ਡਰ, ਬੇਯਕੀਨੀ ਅਤੇ ਸਰਕਾਰੀ ਪ੍ਰਬੰਧ ਵਿਚ ਬੇਭਰੋਸਗੀ ਕਾਰਨ ਵਾਪਸੀ ਦੇ ਬਿਖੜੇ ਪੈਂਡਿਆਂ 'ਤੇ ਤੁਰਨ ਦਾ ਔਖਾ ਫੈਸਲਾ ਕੀਤਾ। ਅਜਿਹੇ ਹੋਰ ਹਜ਼ਾਰਾਂ ਮਜ਼ਦੂਰ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ 'ਤੇ ਇਸ ਉਮੀਦ ਨਾਲ ਇਕੱਤਰ ਹੋ ਰਹੇ ਹਨ ਕਿ ਸਰਕਾਰ ਉਨ੍ਹਾਂ ਨੂੰ ਘਰ ਪਹੁੰਚਾਏਗੀ। ਇਸ ਸਬੰਧੀ ਜੇ ਕੁਝ ਕੀਤਾ ਵੀ ਗਿਆ ਤਾਂ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ ਅਤੇ ਇਹ ਕਾਰਵਾਈ ਕਾਫੀ ਵੀ ਨਹੀਂ ਸੀ।

ਜਿਥੋਂ ਤਕ ਉਨ੍ਹਾਂ ਦੀਆਂ ਰੋਟੀ ਤੇ ਕੱਪੜੇ ਦੀਆਂ ਬੁਨਿਆਦੀ ਲੋੜਾਂ ਦਾ ਸਵਾਲ ਹੈ, ਜ਼ਰੂਰੀ ਹੈ ਕਿ ਉਨ੍ਹਾਂ ਨੂੰ ਸਰਕਾਰ ਕੋਲ ਪਏ ਅਨਾਜ ਦੇ ਕਰੀਬ 650 ਕਰੋੜ ਟਨ ਭੰਡਾਰਾਂ ਵਿਚੋਂ ਖੁਲ੍ਹਦਿਲੀ ਨਾਲ ਮੁਫਤ ਅਨਾਜ ਦਿਤਾ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਨੂੰ ਕੁਝ ਨਕਦ ਪੈਸਾ ਵੀ ਦਿਤਾ ਜਾਣਾ ਚਾਹੀਦਾ ਹੈ। ਨਾਲ ਹੀ ਕੋਰੋਨਾ ਸੰਕਟ ਨਾਲ ਸਿੱਝਣ ਤੋਂ ਇਲਾਵਾ ਮੁਲਕ ਨੂੰ ਛੇਤੀ ਤੋਂ ਛੇਤੀ ਲੌਕਡਾਊਨ ਤੋਂ ਬਾਹਰ ਆਉਣ ਬਾਰੇ ਸੋਚਣਾ ਚਾਹੀਦਾ ਹੈ (ਯਕੀਨਨ ਇਸ ਲਈ ਬਚਾਅ ਪ੍ਰਬੰਧਾਂ ਨਾਲ ਹਰਗਿਜ਼ ਕੋਈ ਸਮਝੌਤਾ ਨਾ ਕੀਤਾ ਜਾਵੇ), ਤਾਂ ਕਿ ਦੇਸ਼ ਭਰ ਵਿਚ ਵੱਖ-ਵੱਖ ਸੈਕਟਰਾਂ 'ਚ ਮਾਲੀ ਸਰਗਰਮੀਆਂ ਸ਼ੁਰੂ ਹੋ ਸਕਣ ਤੇ ਲੋਕਾਂ ਦੀ ਰੋਜ਼ੀ-ਰੋਟੀ ਚੱਲ ਸਕੇ। ਜ਼ਾਹਿਰ ਹੈ ਕਿ ਲੌਕਡਾਊਨ ਲੰਮਾ ਹੋਣ ਦਾ ਸਿੱਟਾ ਭਾਰਤ ਵਿਚ ਕੋਰੋਨਾ ਦੀ ਥਾਂ ਭੁੱਖਮਰੀ ਨਾਲ ਜ਼ਿਆਦਾ ਮੌਤਾਂ ਹੋਣ ਵਜੋਂ ਨਿਕਲ ਸਕਦਾ ਹੈ। ਇਸ ਕਾਰਨ ਹੋਰ ਸਮਾਜਿਕ-ਆਰਥਿਕ ਉਲਝਣਾਂ ਪੈਦਾ ਹੋਣਗੀਆਂ ■

ਧੰਨਵਾਦ ਸਹਿਤ,
ਪੰਜਾਬੀ ਟ੍ਰਿਬਿਊਨ।

MAGZTER

ਕੰਵਲਜੀਤ ਕੌਰ ਜੁਨੇਜਾ
98120-32868



ਕੋਰੋਨਾ ਵਾਇਰਸ ਇਕ ਮਹਾਂਮਾਰੀ

ਕੋਰੋਨਾ ਵਾਇਰਸ ਦਾ ਨਾਂ ਸੁਣਦੇ ਹੀ ਡਰ ਲੱਗਣ ਲੱਗ ਜਾਂਦੈ, ਇਹ ਨਹੀਂ ਇਹਦੇ ਤੋਂ ਪਹਿਲਾਂ ਕਦੇ ਕੋਈ ਮਹਾਂਮਾਰੀ ਫੈਲੀ ਹੀ ਨਹੀਂ ਸੀ, ਅਜਿਹੀਆਂ ਬਹੁਤ ਜਾਨਲੇਵਾ ਬਿਮਾਰੀਆਂ ਫੈਲੀਆਂ ਜਿਹਦੇ 'ਚ ਲੱਖਾਂ ਕਰੋੜਾਂ ਲੋਕ ਸ਼ਿਕਾਰ ਹੋਏ ਮਹਾਂਮਾਰੀਆਂ ਦੇ। 1346 ਤੋਂ 1353 'ਚ ਬਲੈਕ ਡੈੱਥ ਪਲੇਗ ਜਿਹਦੇ 'ਚ 5 ਕਰੋੜ ਦੇ ਲਗਭਗ ਲੋਕ ਸ਼ਿਕਾਰ ਹੋਏ, 1852 'ਚ ਕੱਲੇਰਾ ਫਲੂ ਜਿਹਦੇ 'ਚ 10 ਲੱਖ, ਰਸ਼ੀਅਨ ਫਲੂ 1889 ਜਿਹਦੇ 'ਚ 10 ਲੱਖ, 1910 'ਚ ਕੱਲੇਰਾ ਫਲੂ ਜਿਹਦੇ 'ਚ 8 ਲੱਖ, 1918 'ਚ ਜਿਹਦੇ 'ਚ ਸਪੈਨਿਸ਼ ਫਲੂ ਗਿਣਤੀ 5 ਕਰੋੜ ਦੇ ਲਗਭਗ, 1968 'ਚ ਹਾਂਗਕਾਂਗ ਫਲੂ 'ਚ 10 ਲੱਖ ਦੇ ਕਰੀਬ, 1981 'ਚ ਐਚ.ਆਈ.ਵੀ. ਏਡਜ਼ 2.22 ਕਰੋੜ, 2002 'ਚ ਸਾਰਸ 770, 2005-12 ਐੱਚ.ਆਈ.ਵੀ. 1.24 ਲੱਖ, 2009 ਸਵਾਈਨ ਫਲੂ 2 ਲੱਖ, 2012 ਮਰਸ 850 ਲੱਖ, 2014 ਤੋਂ 2016 ਇਬੋਲਾ 11300, 2016 ਡੇਂਗੂ 38 ਹਜ਼ਾਰ ਇਹ ਫਲੂ ਨੇ ਲੱਖਾਂ ਕਰੋੜਾਂ ਦੀ ਗਿਣਤੀ 'ਚ ਜਾਨ ਲਈ।

ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਚੇਚਕ ਦੀ ਬੀਮਾਰੀ ਫੈਲੀ ਜਿਹਦੇ 'ਚ ਆਪ ਸ਼ਿਮਾਰੀ ਦੇ ਸ਼ਿਕਾਰ ਹੋਏ ਪੀੜਤਾਂ ਦਾ ਇਲਾਜ ਕਰਦੇ-ਕਰਦੇ ਅੱਠ ਵਰ੍ਹਿਆਂ ਦੀ ਉਮਰ 'ਚ ਹੀ ਜੋਤੀ ਜੋਤ ਸਮਾ ਗਏ।

ਸੋ ਇਥੇ ਗੱਲ ਵਰਣਨਯੋਗ ਹੈ ਕਿ ਫਲੂ ਕਿਹੜਾ ਹੈ ਸ਼ੁਰੂ ਤੋਂ ਪਹਿਚਾਣ ਕਰਨੀ ਮੁਸ਼ਕਿਲ ਹੁੰਦੀ ਹੈ ਕਿਉਂਕਿ ਤਕਰੀਬਨ ਸ਼ੁਰੂ-ਸ਼ੁਰੂ ਦੇ ਲੱਛਣ ਜ਼ੁਕਾਮ, ਗਲਾ ਖਰਾਬ ਆਦਿ ਹੁੰਦੀਆਂ ਹਨ ਇਹੀ ਹਾਲ ਕੋਰੋਨਾ ਦਾ ਹੈ। ਸੋ ਇਕ ਕੁਦਰਤੀ ਆਫਤ ਆ ਜਾਣੀ ਹੋਰ ਚੀਜ਼ ਹੈ ਤੇ ਇਕ ਮਾਨਵਤਾ ਦਾ ਕਤਲ ਕਰਨ ਲਈ ਬਣਾਉਣੀ ਅਲੱਗ ਹੈ ਜਿਹੜੀ ਲਾ-ਇਲਾਜ ਹੈ ਤੇ ਜਿਹੜੀ ਇਕ ਪੀੜਤ ਦੇ ਸੰਪਰਕ 'ਚ ਆਉਣ ਨਾਲ ਅੱਗ ਵਾਂਗ ਫੈਲਦੀ ਹੈ।

ਕੋਰੋਨਾ ਵਾਇਰਸ ਦਾ ਨਾਂ ਕੌਣ ਨਹੀਂ ਜਾਣਦਾ, ਨਿੱਕੇ ਬੱਚੇ ਤੋਂ ਲੈ ਕੇ ਵੱਡੀ ਉਮਰ ਦੇ ਬਜ਼ੁਰਗ ਤਕ ਇਸ ਬੀਮਾਰੀ ਦਾ ਜ਼ਿਕਰ ਕਰਦੇ ਹਨ, ਇਸ ਦੀ ਚਪੇਟ ਵਿਚ ਹਰ ਉਮਰ ਭਾਵੇਂ ਬੱਚਾ, ਜਵਾਨ, ਬੁੱਢਾ ਹਰ ਕੋਈ ਆਇਆ। ਇਥੋਂ ਤਕ ਕਿ ਇਲਾਜ ਕਰਨ ਵਾਲੇ ਡਾਕਟਰ, ਨਰਸਾਂ ਵੀ ਇਸ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਹੋਏ, ਟੀ.ਵੀ. ਲਾਉਂਦੇ ਹੀ ਡਰ ਲਗਦੈ, ਹਰ ਚੈਨਲ 'ਤੇ ਖਬਰਾਂ ਤੇ ਇਕੋ ਖਬਰ। ਸੋਚਿਆ ਹੀ ਨਹੀਂ ਸੀ ਕਦੇ ਅਜਿਹਾ ਸਮਾਂ ਵੀ ਆਵੇਗਾ। ਦੋ ਮਹੀਨੇ ਪਹਿਲਾਂ ਦੀ ਹੀ ਤਾਂ ਗੱਲ ਹੈ ਸਭ ਕੁਝ ਬਦਲ ਗਿਆ। ਲੋਕੀ ਘਰਾਂ 'ਚ ਕੈਦ ਹੋ ਗਏ। ਸਕੂਲ, ਕਾਲਜ, ਉਦਯੋਗ ਮਤਲਬ ਨਿੱਕੀ ਤੋਂ ਨਿੱਕੀ ਦੁਕਾਨ ਤੋਂ ਲੈ ਕੇ ਪ੍ਰਾਈਵੇਟ ਕਲੀਨਿਕ ਹਸਪਤਾਲ ਤਕ ਸਭ ਬੰਦ। ਘਰਾਂ ਦੇ ਬਾਹਰ ਖੜ੍ਹੀਆਂ ਗੱਡੀਆਂ ਸ਼ਾਇਦ ਮਾਲਕਾਂ ਤੋਂ ਸਵਾਲ ਕਰਦੀਆਂ ਨੇ ਉਨ੍ਹਾਂ ਦੀ ਲੋੜ ਵੀ ਹੁਣ ਹੈ ਜਾਂ ਨਹੀਂ। ਗਰੀਬ ਗਰੀਬੀ ਨਾਲ ਲੜ ਰਿਹੈ। ਘਰਾਂ 'ਚ ਕੰਮ ਕਰਨ ਵਾਲੀਆਂ ਮਾਈਆਂ ਤੋਂ ਲੈ ਕੇ ਕਈ ਪ੍ਰਾਈਵੇਟ ਕੰਪਨੀਆਂ ਤਕ ਬੰਦ ਹੋ ਗਈਆਂ ਤੇ ਮੁਲਾਜ਼ਮ ਬੇਰੁਜ਼ਗਾਰ ਹੋ ਗਏ। ਇਹ ਵੀ ਪਤਾ ਨਹੀਂ ਕਦੋਂ ਤਕ ਇਹ ਚੱਲੂ। ਕਦੋਂ ਤਕ ਚੀਨ ਦੀ ਕਾਢ ਦਾ ਸ਼ਿਕਾਰ ਭੋਲੀ ਭਾਲੀ ਜਨਤਾ ਹੋਵੇਗੀ। ਜਦ ਤਕ ਸਾਸ ਤਦ ਤਕ ਆਸ ਦੇ ਸਹਾਰੇ ਜ਼ਿੰਦਗੀ ਹਰ ਕੋਈ ਬਸਰ ਕਰ ਰਿਹੈ। ਨਾ ਸਵੇਰ ਦਾ ਪਤਾ ਨਾ ਰਾਤ ਦਾ, ਨਾ ਕਿਹੜਾ ਵਾਰ ਤੇ ਕਿਹੜਾ ਮਹੀਨਾ ਚੜ੍ਹ ਗਿਆ। ਜ਼ਿੰਦਗੀ ਲਗਦੈ ਖੜ੍ਹ ਜਿਹੀ ਗਈ ਐ। ਪਾਣੀ ਵਗਦਾ ਹੀ ਚੰਗਾ ਲਗਦੈ।

ਇਹ ਤਾਂ ਪਤਾ ਲੱਗ ਹੀ ਗਿਆ ਇਹ ਕੁਦਰਤੀ ਵਾਇਰਸ ਨਹੀਂ, ਇਹਨੂੰ ਚੀਨ ਦੇ ਵੂਹਾਨ ਨੇ ਹੀ ਬਣਾਇਆ। ਜਾਪਾਨ ਦੇ ਵਿਗਿਆਨੀ ਪ੍ਰੋਫੈਸਰ ਟਾਸੁਕੁ ਹੋਂਜੋ ਦਾ ਦਾਅਵਾ ਹੈ ਕਿ ਇਸ ਵਾਇਰਸ ਨੂੰ ਬਣਾਇਆ ਗਿਆ ਹੈ, ਉਨ੍ਹਾਂ ਨੇ ਲਿਖਿਆ ਹੈ ਕਿ ਜੇਕਰ ਇਹ ਕੁਦਰਤੀ ਹੁੰਦਾ ਤਾਂ ਪੂਰੀ ਦੁਨੀਆ 'ਚ ਤਬਾਹੀ ਨਾ ਮਚਾਉਂਦਾ ਕਿਉਂਕਿ ਵਿਸ਼ਵ ਦੇ ਹਰ ਖੇਤਰ ਵਿਚ ਵੱਖ-ਵੱਖ ਤਾਪਮਾਨ ਹੁੰਦੇ। ਇਹ ਸਵਿਟਜ਼ਰਲੈਂਡ ਵਰਗੇ ਠੰਡੇ ਦੇਸ਼ ਵਿਚ ਵੀ ਉਸੇ ਤਰ੍ਹਾਂ ਹੀ ਫੈਲਿਆ ਜਿਵੇਂ ਰੇਗਿਸਤਾਨੀ ਖੇਤਰਾਂ ਵਿਚ ਫੈਲ ਰਿਹੈ। ਉਨ੍ਹਾਂ ਲਿਖਿਐ, 'ਮੈਂ 40 ਸਾਲ ਜੀਵ-ਜੰਤੂ ਤੇ ਵਾਇਰਸ 'ਤੇ ਰਿਸਰਚ

MAGZTER

ਕੀਤੀ ਹੈ, ਇਹ ਪੂਰੀ ਤਰ੍ਹਾਂ ਨਕਲੀ ਹੈ, ਚੀਨ ਦੀ ਲੈਬ 'ਚ ਮੈਂ ਚਾਰ ਸਾਲ ਤਕ ਕੰਮ ਕੀਤਾ, ਮੈਂ ਲੈਬ ਦੇ ਸਾਰੇ ਸਟਾਫ ਨੂੰ ਜਾਣਦਾ ਹਾਂ। ਮੈਂ ਤਿੰਨ ਮਹੀਨਿਆਂ ਤੋਂ ਲਗਾਤਾਰ ਉਨ੍ਹਾਂ ਨੂੰ ਫੋਨ ਕਰ ਰਿਹਾ ਹਾਂ ਪਰ ਸਭ ਦੇ ਫੋਨ ਬੰਦ ਹਨ। ਹੁਣ ਪਤਾ ਲਗਾ ਹੈ ਕਿ ਸਭ ਟੈਕਨੀਸ਼ੀਅਨਾਂ ਦੀ ਮੌਤ ਹੋ ਚੁੱਕੀ ਹੈ।'

ਉਨ੍ਹਾਂ ਕਿਹਾ ਚੀਨ ਝੂਠ ਬੋਲ ਰਿਹਾ ਹੈ ਕਿ ਇਹ ਬਣਾਇਆ ਨਹੀਂ ਗਿਆ। ਜੇ ਉਹਦੀਆਂ ਗੱਲਾਂ ਝੂਠ ਹੋਈਆਂ ਤਾਂ ਸਰਕਾਰ ਉਹਦਾ ਨੋਬੇਲ ਪੁਰਸਕਾਰ ਵਾਪਸ ਲੈ ਸਕਦੀ ਹੈ, ਇਹ 100 ਫੀਸਦੀ ਚਮਗਾਦੜ ਤੋਂ ਨਹੀਂ ਫੈਲਿਆ, ਉਨ੍ਹਾਂ ਇਥੋਂ ਤਕ ਕਹਿ ਦਿਤਾ ਕਿ ਉਹ ਜੋ ਬੋਲ ਰਿਹੈ ਉਹ ਸੱਚ ਹੈ ਤੇ ਜੇ ਕਿਧਰੇ ਉਹ ਮਰ ਵੀ ਗਿਆ ਤੇ ਉਹਦੀਆਂ ਇਹ ਗੱਲਾਂ ਝੂਠ ਨਿਕਲੀਆਂ ਤਾਂ ਸਰਕਾਰ ਉਹਦਾ ਇਹ ਪੁਰਸਕਾਰ ਵਾਪਸ ਲੈ ਸਕਦੀ ਹੈ।

ਹੁਣ ਲਗਦੈ ਕੋਈ ਕਸਰ ਨਹੀਂ ਰਹਿ ਜਾਂਦੀ ਤੇ ਹੁਣ ਤਾਂ ਖੁੱਲ੍ਹਮ ਖੁੱਲ੍ਹੀ ਗੱਲ ਸਾਹਮਣੇ ਆ ਗਈ ਹੈ ਕਿ ਇਹ ਕਰਤੂਤ ਚੀਨ ਨੇ ਹੀ ਕੀਤੀ ਹੈ। ਚੀਨ ਨੂੰ ਸ਼ਕਤੀਸ਼ਾਲੀ ਮੁਲਕ ਬਣਨ ਦਾ ਸ਼ੌਕ ਸੀ ਤਾਂ ਸ਼ੂਗਰ, ਬਲੱਡ ਪ੍ਰੈਸ਼ਰ, ਕੈਂਸਰ ਦੀ ਵੈਕਸੀਨੇਸ਼ਨ 'ਤੇ ਖੋਜ ਕਰਦਾ ਜਿਹਦੇ ਰਾਹੀਂ ਉਹ ਮਹਾਨ ਸ਼ਕਤੀਸ਼ਾਲੀ ਦੇਸ਼ ਅਖਵਾਉਂਦਾ। ਹਰ ਚੀਜ਼ ਵਪਾਰ ਨਹੀਂ ਹੁੰਦੀ ਕਿ ਮਹਾਂਮਾਰੀ ਫੈਲਾ ਕੇ ਕਿੱਟਾਂ ਤੇ ਵੈਂਟੀਲੇਟਰ ਪ੍ਰਭਾਵਿਤ ਦੇਸ਼ਾਂ ਨੂੰ ਮੁਹੱਈਆ ਕਰਵਾ ਦਿਉ। ਹੋਰ ਤਾਂ ਹੋਰ ਕਿੱਟਾਂ ਵੀ ਚੀਨ ਨੇ ਨਕਲੀ ਭੇਜ ਕੇ ਆਪਣੇ ਘਿਨਾਉਣੇ ਰੂਪ 'ਚ ਹੋਰ ਹਿੱਸਾ ਪਾਇਆ। ਇਹੋ ਜਿਹੇ ਦੇਸ਼ ਨੂੰ ਵਿਕਸਿਤ ਦੇਸ਼ ਨਹੀਂ ਮਾਨਵਤਾ ਦਾ ਕਾਤਲ ਦੇਸ਼ ਕਹਿਣ 'ਚ ਕੋਈ ਬੁਰਾਈ ਨਹੀਂ।

ਇਟਲੀ ਦਾ ਪ੍ਰਧਾਨ ਮੰਤਰੀ ਲੋਕਾਂ ਨੂੰ ਮਰਦੇ ਵੇਖ ਕੇ ਰੋ ਪਿਆ, ਉਹਨੇ ਹੱਥ ਖੜ੍ਹੇ ਕਰ ਦਿਤੇ। ਬ੍ਰਿਟੇਨ, ਰੂਸ, ਅਮਰੀਕਾ, ਇਜ਼ਰਾਈਲ ਕਿਹੜਾ ਦੇਸ਼ ਇਹਦਾ ਸ਼ਿਕਾਰ ਨਹੀਂ ਹੋਇਆ, ਇਹ ਤਾਂ ਸ਼ੁਕਰ ਹੈ ਭਾਰਤ ਨੇ ਸਮੇਂ 'ਤੇ ਲੌਕਡਾਊਨ ਲਾ ਦਿਤਾ। ਨਹੀਂ ਤਾਂ ਭਾਰਤ ਦੀ ਗਿਣਤੀ ਬਾਕੀ ਦੇਸ਼ਾਂ ਨਾਲੋਂ ਕਿਤੇ ਵਧੇਰੇ ਹੋਣੀ ਸੀ। ਅਮਰੀਕਾ ਦੇ ਰਾਸ਼ਟਰਪਤੀ ਨੇ ਜੋ ਵਾਇਰਸ ਨੂੰ ਚਾਈਨੀਜ਼ ਵਾਇਰਸ ਨਾਂ ਦਿਤਾ ਤਾਂ ਕੁਝ ਗਲਤ ਨਹੀਂ ਕੀਤਾ। ਇੰਨਾ ਤਾਕਤ ਦਾ ਨਸ਼ਾ ਕੀ ਹੋਇਆ ਕਿ ਤਬਾਹੀ ਮਚਾ ਕੇ ਰਖ ਦਿਤੀ। ਕਰੋੜਾਂ ਬੰਦਿਆਂ ਦੀਆਂ ਹਾਅਵਾਂ ਚੀਨ ਨੂੰ ਬਰਬਾਦ ਕਰ ਦੇਣਗੀਆਂ। ਉਹਨੇ ਆਪਣੀ ਚੌਧਰ ਦੇ ਸ਼ੌਕ ਲਈ ਲੋਕਾਂ ਨੂੰ ਘਰੋਂ ਬੇਘਰ ਕਰ ਦਿਤਾ। ਮਜ਼ਦੂਰ ਸੜਕਾਂ 'ਤੇ ਆ ਗਏ। ਆਵਾਜਾਈ ਦੇ ਸਾਧਨ ਬੰਦ ਹੋ ਗਏ, ਜੋ ਜਿਥੇ ਰਹਿ ਗਿਆ ਉਥੇ ਹੀ ਰਹਿ ਗਿਆ। ਕੋਈ ਭੁੱਖ ਨਾਲ ਖੁਦਕੁਸ਼ੀ ਕਰ ਰਿਹੈ, ਕੋਈ ਪਟੜੀ 'ਤੇ ਥੱਕਿਆ ਹਾਰਿਆ ਪੈ ਗਿਆ, ਤੇ ਕੁਝ ਬਦਕਿਸਮਤ ਪਟੜੀ 'ਤੇ ਹੀ ਜ਼ਿੰਦਗੀ ਨੂੰ ਅਲਵਿਦਾ ਕਰ ਗਏ।

ਸ਼ਹਿਰ ਸੁੰਨੇ, ਪਾਰਕ ਬੇਰੌਣਕ, ਬਾਜ਼ਾਰ ਜਿਵੇਂ ਮਾਤਮ ਛਾ ਗਿਆ ਹੋਵੇ। ਧਾਰਮਿਕ ਸਥਾਨ ਜਿਵੇਂ ਪ੍ਰਮਾਤਮਾ ਹੀ ਨਾਰਾਜ਼ ਹੋ ਗਿਆ ਹੋਵੇ, ਸਭ ਕੁਝ ਤਾਂ ਬਦਲ ਜਿਹਾ ਗਿਆ, ਦੋ ਮਹੀਨੇ ਪਹਿਲਾਂ ਦੀ ਜ਼ਿੰਦਗੀ ਸੁਫਨਾ ਜਿਹੀ ਲੱਗ ਰਹੀ ਐ, ਪ੍ਰਮਾਤਮਾ ਕਰੇ ਹੁਣ ਦੀ ਜ਼ਿੰਦਗੀ ਜੋ ਜੀਅ ਰਹੇ ਹਾਂ, ਇਹ ਸੁਫਨਾ ਬਣ ਜਾਏ ਤੇ ਪਹਿਲਾਂ ਵਰਗਾ ਜੀਵਨ ਪਰਤ ਆਵੇ। ਇਹੋ ਜਿਹੀਆਂ ਮਾੜੀਆਂ ਕਾਢਾਂ ਕੱਢ ਕੇ, ਮਨੁੱਖਤਾ ਦੇ ਉਤੇ ਜ਼ੁਲਮ ਕਰਕੇ ਵੱਡਾ ਨਹੀਂ ਕੋਈ ਬਣ ਜਾਂਦਾ। ਏਡੇ ਜ਼ਾਲਮ ਨਾ ਬਣਿਆ ਜਾਏ ਕਿ ਕਦੇ ਆਪ ਨੂੰ ਬਿਪਤਾ ਪੈ ਜਾਏ ਤਾਂ ਕੋਈ ਹਮਦਰਦੀ ਨਾ ਦਿਖਾ ਕੇ ਜਸ਼ਨ ਮਨਾਏ। ਘਰਾਂ 'ਚ ਘਰੇਲੂ ਹਿੰਸਾ ਚਰਮ 'ਤੇ ਹੈ ਜੋ ਟੀ.ਵੀ. ਆਦਿ 'ਤੇ ਦਿਖਾਈ ਨਹੀਂ ਜਾਂਦੀ ਹੈ। ਅੰਦਰ ਹੀ ਦੱਬੀ ਰਹਿ ਜਾਂਦੀ ਹੈ।

> **"ਹੁਣ ਲਗਦੈ ਕੋਈ ਕਸਰ ਨਹੀਂ ਰਹਿ ਜਾਂਦੀ ਤੇ ਹੁਣ ਤਾਂ ਖੁੱਲ੍ਹਮ ਖੁੱਲ੍ਹੀ ਗੱਲ ਸਾਹਮਣੇ ਆ ਗਈ ਹੈ ਕਿ ਇਹ ਕਰਤੂਤ ਚੀਨ ਨੇ ਹੀ ਕੀਤੀ ਹੈ। ਚੀਨ ਨੂੰ ਸ਼ਕਤੀਸ਼ਾਲੀ ਮੁਲਕ ਬਣਨ ਦਾ ਸ਼ੌਕ ਸੀ ਤਾਂ ਸ਼ੂਗਰ, ਬਲੱਡ ਪ੍ਰੈਸ਼ਰ, ਕੈਂਸਰ ਦੀ ਵੈਕਸੀਨੇਸ਼ਨ 'ਤੇ ਖੋਜ ਕਰਦਾ ਜਿਹਦੇ ਰਾਹੀਂ ਉਹ ਮਹਾਨ ਸ਼ਕਤੀਸ਼ਾਲੀ ਦੇਸ਼ ਅਖਵਾਉਂਦਾ। ਹਰ ਚੀਜ਼ ਵਪਾਰ ਨਹੀਂ ਹੁੰਦੀ ਕਿ ਮਹਾਂਮਾਰੀ ਫੈਲਾ ਕੇ ਕਿੱਟਾਂ ਤੇ ਵੈਂਟੀਲੇਟਰ ਪ੍ਰਭਾਵਿਤ ਦੇਸ਼ਾਂ ਨੂੰ ਮੁਹੱਈਆ ਕਰਵਾ ਦਿਉ। ਹੋਰ ਤਾਂ ਹੋਰ ਕਿੱਟਾਂ ਵੀ ਚੀਨ ਨੇ ਨਕਲੀ ਭੇਜ ਕੇ ਆਪਣੇ ਘਿਨਾਉਣੇ ਰੂਪ 'ਚ ਹੋਰ ਹਿੱਸਾ ਪਾਇਆ। ਇਹੋ ਜਿਹੇ ਦੇਸ਼ ਨੂੰ ਵਿਕਸਿਤ ਦੇਸ਼ ਨਹੀਂ ਮਾਨਵਤਾ ਦਾ ਕਾਤਲ ਦੇਸ਼ ਕਹਿਣ 'ਚ ਕੋਈ ਬੁਰਾਈ ਨਹੀਂ।"**

ਰੁਝੇਵੇਂ ਵਾਲੀ ਜ਼ਿੰਦਗੀ ਤਾਂ ਗਲ ਪਾਇਆ ਸੋਹਣਾ ਗਹਿਣਾ ਹੁੰਦੀ ਹੈ, ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦੈ ਤੇ ਬਿਨਾਂ ਵਜ੍ਹਾ ਕੁਝ ਨਾ ਕੁਝ ਅਜਿਹਾ ਕਰਦਾ ਰਹਿੰਦੈ ਕਿ ਜਿਹਦੇ ਨਤੀਜੇ ਭਿਆਨਕ ਨਿਕਲ ਆਉਂਦੇ ਨੇ। ਜੇ ਕਿਸੇ ਨੂੰ ਕੁਝ ਚੰਗਾ ਨਹੀਂ ਦਿਤਾ ਜਾ ਸਕਦਾ ਤਾਂ ਭੈੜਾ ਪਰੋਸਣਾ ਕਿਥੋਂ ਦੀ ਸਿਆਣਪ ਹੈ? ਹਾਲੇ ਵੀ ਰੱਜ ਨਹੀਂ ਆਇਆ, ਵੱਡੀਆਂ ਤਾਕਤਾਂ ਵਿਸ਼ਵ ਯੁੱਧ ਦੀਆਂ ਤਿਆਰੀਆਂ 'ਚ ਲੱਗ ਰਹੀਆਂ ਨੇ, ਇਹ ਕੋਰੋਨਾ ਦਾ ਇਲਾਜ ਹੈ ਜਾਂ ਬਲਦੀ 'ਤੇ ਤੇਲ ਪਾਉਣਾ। ਇਹ ਬਦਲਾ ਲੈਣ ਦਾ ਤਰੀਕਾ ਨਹੀਂ। ਚਪੇਟ 'ਚ ਆਏ ਦੇਸ਼ ਇਕੱਤਰ ਹੋ ਜਾਣ ਤੇ ਚੀਨ ਤੋਂ ਮੂੰਹ ਮੋੜ ਲੈਣ ਤੇ ਆਪ-ਇਕਮੁੱਠਤਾ ਦਿਖਾ ਕੇ ਆਪਣੇ 'ਤੇ ਨਿਰਭਰ ਹੋਣ ਦਾ ਸਬਕ ਸਿੱਖਣ। ਉਹਨੇ ਤਾਂ ਇੰਟਰਨੈੱਟ ਵੀ ਆਪਣਾ ਬਣਾਇਆ ਹੋਇਐ। ਇੰਨਾ ਕੁ ਭਰੋਸਾ ਹੈ ਉਹਨੂੰ ਬਾਕੀਆਂ 'ਤੇ। ਤੇ ਸਾਡੇ ਵਰਗੇ ਮੁਲਕ 'ਚ ਹਰ ਪੰਜ ਮਿੰਟ ਬਾਅਦ ਟਿਕ-ਟੱਕ ਵਰਗੇ ਵਟਸਐਪ ਹੀ ਸਾਹ ਨਹੀਂ ਲੈਂਦੇ। ਜੇ ਹੁਣ ਨਹੀਂ ਸਿਖਿਆ ਤਾਂ ਕਦੋਂ ਸਿਖਣੈ। ਗਵਾਂਢੀਆਂ ਦੇ ਘਰੋਂ ਭਾਵੇਂ ਉਨ੍ਹਾਂ ਦੀ ਭਾਵਨਾ ਭੈੜੀ ਨਾ ਹੋਵੇ ਪੱਟੇ ਜੋਗੀ ਮੰਗੀ ਦਹੀਂ ਵੀ ਕੌੜੀ ਨਿਕਲ ਆਵੇ ਤਾਂ ਅਗਾਂਹ ਤੋਂ ਲੈਣ ਲਈ ਗੁਰੇਜ਼ ਕੀਤਾ ਜਾਂਦੈ ਤੇ ਆਸ ਪਾਸ ਦੇ ਪੰਜ ਘਰਾਂ 'ਚ ਸੁਨੇਹਾ ਪਹੁੰਚ ਜਾਂਦੈ ਤਾਂ ਇਹ ਤਾਂ ਇਕ ਜਾਨਲੇਵਾ ਮਹਾਂਮਾਰੀ ਫੈਲੀ ਹੈ। ਸਬਕ ਸਿਖਣ ਦੀ ਲੋੜ ਹੈ। ਡਬਲਿਊ.ਐੱਚ.ਓ. ਵਰਗੀਆਂ ਸੰਸਥਾਵਾਂ ਨੂੰ ਕਾਰਜ ਜਿਨ੍ਹਾਂ 'ਤੇ ਦੁਨੀਆ ਨੂੰ ਵਿਸ਼ਵਾਸ ਹੈ ਤੇ ਜਿਸ ਕਾਰਜ ਲਈ ਇਹ ਬਣਾਈਆਂ ਗਈਆਂ ਹਨ, ਸੁਚੇਤ ਹੋਣ ਦੀ ਲੋੜ ਹੈ ਤੇ ਕੋਈ ਰਿਸਰਚ ਤੋਂ ਪਹਿਲਾਂ ਇਸ ਸੰਸਥਾ ਨੂੰ ਅਵਗਤ ਕਰਾਉਣਾ ਕਰਤੱਵ ਹੈ ਤੇ ਜੇ ਉਹ ਕਰਤੱਵ ਨਹੀਂ ਸਮਝਦੇ ਤਾਂ ਅਜਿਹੀ ਰਿਸਰਚ ਜੋ ਮਨੁੱਖਤਾ ਦੇ ਉਤੇ ਹਮਲਾ ਹੈ, ਤੋਂ ਹੱਕ ਖੋਹ ਲੈਣਾ ਚਾਹੀਦਾ ਹੈ। ਗੱਲਾਂ ਸਖ਼ਤ ਜ਼ਰੂਰ ਹਨ ਪਰ ਸੱਚੀਆਂ ਹਨ।

ਹੁਣ ਸਿੱਟਾ ਇਹੀ ਨਿਕਲਦਾ ਹੈ ਕਿ ਅਜੇ ਇਹਦੀ ਕੋਈ ਦਵਾਈ ਤਿਆਰ ਨਹੀਂ ਹੋਈ, ਆਪਣਾ ਧਿਆਨ ਆਪ ਰਖਣਾ ਹੀ ਦਵਾਈ ਹੈ। ਘਰੋਂ ਜ਼ਰੂਰਤ ਤੋਂ ਬਿਨਾਂ ਬਾਹਰ ਨਾ ਨਿਕਲੋ, ਵਾਰ-ਵਾਰ ਹੱਥ ਧੋਵੋ...ਸਬਜ਼ੀਆਂ, ਫਰੂਟ ਬਲੀਚਿੰਗ ਪਾਊਡਰ ਜਾਂ ਲੂਣ ਵਾਲੇ ਪਾਣੀ ਵਿਚ ਧੋ ਕੇ ਅੰਦਰ ਲਿਆਉ ਤੇ ਬਾਹਰੋਂ ਆ ਕੇ ਕੱਪੜੇ ਬਦਲੋ, ਚੱਪਲ ਬਦਲੋ, ਮਾਸਕ ਲਾ ਕੇ ਰੱਖੋ। ਬੱਚੇ, ਬਜ਼ੁਰਗਾਂ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰਖੋ। ਬਾਕੀ ਹਦਾਇਤਾਂ ਸਰਕਾਰ ਵਲੋਂ ਸਮੇਂ-ਸਮੇਂ 'ਤੇ ਦਿਤੀਆਂ ਜਾਂਦੀਆਂ ਹਨ। ਉਨ੍ਹਾਂ ਦਾ ਪਾਲਣ ਕਰਨ 'ਚ ਹੀ ਭਲਾਈ ਹੈ, ਜ਼ਰੂਰਤਮੰਦ ਦੀ ਸੇਵਾ ਦੇ ਸਮਰੱਥ ਹੋ ਤਾਂ ਜ਼ਰੂਰ ਕਰੋ। ਪਤਾ ਨਹੀਂ ਕਿਸ ਦੀ ਦੁਆ ਕੰਮ ਕਰ ਜਾਣੀ ਹੈ। ਡਾਕਟਰ, ਨਰਸਾਂ, ਸਫਾਈ ਕਰਮਚਾਰੀ, ਪੁਲਿਸ, ਮੀਡੀਆ ਦਾ ਸਨਮਾਨ ਕਰੋ ਜੋ ਜ਼ਿੰਦਗੀ ਦਾ ਜੋਖਮ ਲੈ ਕੇ ਤੁਹਾਡੇ ਨਾਲ ਖੜ੍ਹੇ ਹਨ, ਉਨ੍ਹਾਂ ਦੇ ਵੀ ਪਰਿਵਾਰ ਹਨ। ਉਨ੍ਹਾਂ ਦਾ ਸਨਮਾਨ ਕਰੋ, ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕਰੋ।

ਬਾਕੀ ਅਫਸੋਸ ਨਹੀਂ ਹੁੰਦਾ ਜਦ ਕੁਦਰਤ ਕਹਿਰ ਢਾ ਦਏ ਪਰ ਜਦ ਆਪਣੇ ਆਪ ਨੂੰ ਤਾਕਤਵਰ ਕਹਾਉਣ ਲਈ ਮਨੁੱਖਤਾ ਦੇ ਖਾਤਮੇ ਲਈ ਜਾਣ-ਬੁੱਝ ਕੇ ਕੀਤਾ ਉਪਾਅ ਸਾਹਮਣੇ ਆ ਜਾਏ ਤਾਂ ਸਿਰਫ਼ ਤੇ ਸਿਰਫ਼ ਮਨ 'ਚੋਂ ਹਾਅਵਾਂ ਨਿਕਲਦੀਆਂ ਹਨ ਦੁਆਵਾਂ ਨਹੀਂ। ਬਾਕੀ ਇਹ ਗੱਲ ਤਾਂ ਹੈ ਸਾਨੂੰ ਇਸ ਬੀਮਾਰੀ ਨਾਲ ਜਿਉਣ ਦੀ ਆਦਤ ਪਾ ਲੈਣੀ ਚਾਹੀਦੀ ਹੈ, ਅਜੇ ਇਸ ਦਾ ਕੋਈ ਇਲਾਜ ਨਹੀਂ ਤੇ ਇਹ ਆਪਣੇ ਹੱਥ ਵਿਚ ਹੈ ਕਿ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਕਿਵੇਂ ਰਖਣੈ।■

MAGZTER

ਬੀਰ ਦਵਿੰਦਰ ਸਿੰਘ,
ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ।
98140-33362

ਪ੍ਰਵਾਸੀ ਮਜ਼ਦੂਰਾਂ ਦੇ ਕਾਫ਼ਲਿਆਂ ਦਾ ਦਰਦ

ਹਮਵਤਨ, ਪ੍ਰਵਾਸੀ ਮਜ਼ਦੂਰਾਂ ਦੇ ਕੁਰਲਾਉਂਦੇ ਕਾਫ਼ਲਿਆਂ ਦਾ ਦਰਦ ਬਿਆਨ ਕਰਨ ਸਮੇਂ, ਉਨ੍ਹਾਂ ਦੇ ਘਰਾਂ ਨੂੰ ਵਾਪਸ ਪਰਤਣ ਦੇ ਦੁਰਗੇਧ ਪੈਂਡਿਆਂ ਦੇ ਮੰਜ਼ਰ ਵੇਖ ਕੇ, ਮੈਂ ਅਤੇ ਮੇਰੀ ਕਲਮ ਅੱਥਰੂ-ਅੱਥਰੂ ਹਾਂ। ਇਸ ਦਰਦ ਨੇ ਮੇਰੇ ਜ਼ਿਹਨ ਵਿਚ ਇਕ ਅਜੀਬ ਕੁਰਲਾਹਟ ਛੇੜ ਦਿਤੀ ਹੈ। ਮੈਂ ਜਦੋਂ ਟੈਲੀਵਿਜ਼ਨ ਉਤੇ ਇਨ੍ਹਾਂ ਮਜ਼ਦੂਰਾਂ ਦੇ ਲਹੂ ਦੀਆਂ ਪੈੜਾਂ ਵੇਖਦਾ ਹਾਂ ਤਾਂ ਮੇਰੇ ਜਜ਼ਬਾਤ ਆਪ ਮੁਹਾਰੇ ਵਹਿ ਤੁਰਦੇ ਨੇ, ਪਰ ਵਗਦੇ ਹੰਝੂਆਂ ਦਾ ਇਹ ਲੂਣਾ ਪਾਣੀ ਬੇਮਾਇਨਾ ਨਹੀਂ, ਇਸ ਦੇ ਪਿਛੇ ਚੇਤਿਆਂ ਵਿਚ ਸਮਾਏ, ਅਤੀਤ ਦੇ ਝੁੰਘੇ ਜ਼ਖ਼ਮਾਂ ਦੀ ਦਾਸਤਾਂ ਵੀ ਸ਼ਾਮਿਲ ਹੈ :

ਇਹ ਅੱਥਰੂ ਲੂਣਾ ਪਾਣੀ ਨਹੀਂ,
ਇਹ ਡੂੰਘਾ ਦਰਦ ਹਯਾਤੀ ਦਾ।
ਇਹ ਥੰਮ੍ਹਿਆਂ ਵੀ ਫਿਰ ਰੁਕਦਾ ਨਹੀਂ,
ਜਦ ਆਪ ਮੁਹਾਰੇ ਵਗ ਪੈਂਦਾ।

ਵਕਤ ਦੀ ਸਿਤਮਗਰੀ ਦੇਖੋ, ਕੁਝ ਸ਼ਬਦ, ਲਕਬ ਬਣ ਕੇ ਹਾਲਾਤ ਦੀ ਕੁੱਖ 'ਚੋਂ ਆਪਣੇ-ਆਪ ਜਨਮ ਲੈ ਲੈਂਦੇ ਹਨ ਤੇ ਬਦਨਸੀਬੀਆਂ ਦੀ, ਨਾ ਕਹੀ ਜਾਣ ਵਾਲੀ ਦਾਸਤਾਂ ਦੇ ਸਿਰਲੇਖ ਬਣ ਕੇ, ਸਾਡੇ ਮਨਾਂ ਵਿਚ ਉੱਕਰੇ ਜਾਂਦੇ ਹਨ। ਜਿਵੇਂ ਪਾਕਿਸਤਾਨੀ ਸ਼ਰਨਾਰਥੀ, ਪਨਾਹਗੀਰ ਜਾਂ ਰਫ਼ਿਊਜ਼ੀ, ਇਹ ਸਾਰੇ ਸ਼ਬਦ ਮੇਰੇ ਸਮਕਾਲੀ ਹਾਣੀਆਂ ਦੀ ਸੰਬੋਧਨ ਸ਼ਬਦਾਵਲੀ ਵਿਚ 1954-55 ਦੇ ਲਾਗੇ-ਚਾਗੇ ਪ੍ਰਵੇਸ਼ ਕਰ ਗਏ ਸਨ। ਜਦੋਂ ਮੈਂ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ, ਖਾਲਸਾ ਹਾਈ ਸਕੂਲ ਦੀ ਛੇਵੀਂ ਜਮਾਤ ਵਿਚ ਪ੍ਰਵੇਸ਼ ਕੀਤਾ ਤਾਂ ਮੇਰੀ ਪਹਿਚਾਣ ਇਨ੍ਹਾਂ ਸ਼ਬਦਾਂ ਨਾਲ ਹੋਈ, ਮੈਨੂੰ ਮੇਰੇ ਜਮਾਤੀ ਅਕਸਰ ਇਹ ਸਵਾਲ ਪੁੱਛਦੇ, ਤੁਸੀਂ ਦੇਸੀ ਹੋ ਜਾਂ ਰਫ਼ਿਊਜ਼ੀ ? ਜਾਂ ਇੰਜ ਵੀ ਆਖਦੇ ਸਨ ਕਿ ਲੋਕਲ ਹੋ ਜਾਂ ਪਾਕਿਸਤਾਨ ਤੋਂ ਉੱਜੜ ਕੇ ਆਏ ਹੋ ? ਮੇਰੀ ਛੇਵੀਂ ਜਮਾਤ ਵਿਚ ਜੋ ਮੈਥੋਂ ਵੱਡੀ ਉਮਰ ਦੇ ਵਿਦਿਆਰਥੀ ਸਨ, ਉਨ੍ਹਾਂ ਸਾਰਿਆਂ ਦੇ ਪਰਿਵਾਰ ਪਾਕਿਸਤਾਨੋਂ ਉੱਜੜ ਕੇ ਆਏ ਸਨ। ਜਦੋਂ ਉਨ੍ਹਾਂ ਨੂੰ ਕੋਈ ਰਫ਼ਿਊਜ਼ੀ ਆਖ ਦਿੰਦਾ ਜਾਂ ਪਾਕਿਸਤਾਨੀ ਆਖ ਦਿੰਦਾ, ਉਨ੍ਹਾਂ ਦੇ ਮੁਰਝਾਏ ਚਿਹਰਿਆਂ ਦੀ ਉਦਾਸੀ ਦਾ ਦਰੇਗ ਝੱਲਿਆ ਨਹੀਂ ਸੀ ਜਾਂਦਾ, ਕਦੇ-ਕਦੇ ਤਾਂ ਉਨ੍ਹਾਂ ਨੇ ਬੜੇ ਤਰਸ ਭਰੇ ਲਹਿਜ਼ੇ ਨਾਲ ਕਹਿਣਾ, 'ਯਾਰ ਸਾਡੇ ਨਾਮ ਵੀ ਤੇ ਹੈਨ, ਨਾਮ ਨਾਲ ਕੁਆ ਲਿਆ ਕਰੋ, ਇੰਝ ਜਿੱਚ ਨਹੀਂ ਜੇ ਕਰੀ ਦਾ, ਕਦੇ ਅਸੀਂ ਵੀ ਖਾਂਦੇ-ਪੀਂਦੇ ਘਰਾਂ ਵਾਲੇ ਸਾਂ, ਵਕਤ ਦੀ ਮਾਰ ਦਾ ਕਿਸ ਨੂੰ ਪਤਾ ਹੁੰਦਾ, ਸਾਨੂੰ ਕਿਹੜਾ ਪਤਾ ਸੀ ਕਿ ਮੁਲਕ ਦੇ ਆਜ਼ਾਦ ਹੁੰਦਿਆਂ ਹੀ ਅਸੀਂ ਰਫ਼ਿਊਜ਼ੀ ਹੋ ਜਾਣਾ, ਇਸ ਵਕਤ ਨੇ ਵੀ ਕਿਹੜਾ ਸਦਾ ਖਲ੍ਹੋ ਰਹਿਣਾਂ।' ਸਾਡੇ ਸਰਹੰਦ ਦੇ ਇਲਾਕੇ ਵਿਚ ਵੱਡੀ ਗਿਣਤੀ ਵਿਚ ਲੋਕ ਜ਼ਿਲ੍ਹਾ ਸਿਆਲਕੋਟ, ਗੁਜਰਾਂਵਾਲਾ, ਸ਼ੇਖੂਪੁਰਾ, ਲਾਇਲਪੁਰ, ਰਾਵਲਪਿੰਡੀ, ਹੋਤੀ ਮਰਦਾਨ, ਪੋਠੋਹਾਰ ਤੇ ਪਿਸ਼ਾਵਰ ਦੇ ਇਲਾਕੇ ਵਿਚੋਂ ਆਏ ਸਨ। ਇਸ ਲਈ ਉਨ੍ਹਾਂ ਦੀ ਜ਼ੁਬਾਨੀ ਸੁਣੀ, ਕਾਫ਼ਲਿਆਂ ਦੇ ਦਰਦਾਂ ਦੀਆਂ ਦਾਸਤਾਨਾਂ ਅੱਜ ਵੀ ਮੇਰੀ ਸੋਝੀ ਨੂੰ ਲਹੂ-ਲੁਹਾਣ ਕਰ ਦਿੰਦੀਆਂ ਹਨ :

ਨਾ ਪੂਛ ਹਾਲ ਕਿਸੀ ਭੀ ਉਦਾਸ ਚਿਹਰੇ ਕਾ,
ਯਹਾਂ ਹਰੇਕ ਸ਼ਖ਼ਸ ਕੀ, ਅਪਨੀ ਅਲੱਗ ਕਹਾਣੀ ਹੈ।

ਕੋਰੋਨਾ ਮਹਾਂਮਾਰੀ ਦੇ ਕਹਿਰ ਨੇ ਜਿਥੇ ਪੂਰੀ ਦੁਨੀਆ ਵਿਚ ਕੁਹਰਾਮ ਮਚਾਇਆ ਹੋਇਆ ਹੈ, ਉਥੇ ਹੀ ਇਸ ਨੇ ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਦੀ ਅਖੌਤੀ ਆਭਾ ਦਾ ਭਾਂਡਾ ਵੀ ਭੰਨ ਸੁੱਟਿਆ ਹੈ। ਭਾਰਤ ਵਿਚ ਵੀ ਇਸ ਮਹਾਂਮਾਰੀ ਦੌਰਾਨ, 'ਮੇਰਾ ਦੇਸ਼ ਮਹਾਨ' ਦੇ ਝੂਠੇ ਦਾਅਵਿਆਂ ਦੇ ਮੁਲੰਮੇ ਉਤਰ ਗਏ, ਲੱਖਾਂ ਮਜ਼ਦੂਰਾਂ ਦੇ ਪੈਰਾਂ ਦੇ ਛਾਲਿਆਂ ਨੇ ਅਸਲੀ 'ਭਾਰਤ ਦਰਸ਼ਨ' ਦੇ ਸੱਚ ਨੂੰ ਪ੍ਰਗਟ ਕਰ ਦਿਤਾ। ਜਦੋਂ ਬਿਜਲਈ ਮਾਧਿਅਮਾਂ ਰਾਹੀਂ ਘੋਰ ਨਿਰਾਸ਼ਾ ਦੇ ਆਲਮ ਵਿਚ ਆਪਣੇ ਘਰਾਂ ਨੂੰ ਵਾਪਸ ਪਰਤ ਰਹੇ, ਬੇਵੱਸ ਹਮਵਤਨ ਮਜ਼ਦੂਰਾਂ ਦੇ ਕਾਫ਼ਲਿਆਂ ਦੀਆਂ ਲਹੂ ਭਿੱਜੀਆਂ ਪੈੜਾਂ ਨੂੰ ਅੱਖੀਂ ਵੇਖਿਆ ਅਤੇ ਉਨ੍ਹਾਂ ਦੀ ਪੀੜਾ ਦੀ ਵੇਦਨਾ ਕੰਨੀ ਸੁਣੀ ਤਾਂ ਭਾਰਤ ਦੇਸ਼ ਦੀ ਮਹਾਨਤਾ ਉਤੇ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਗਿਆ ਅਤੇ ਮੈਂ ਇਸ ਨੰਗੇ ਸੱਚ ਸਾਹਮਣੇ ਸ਼ਰਮਸਾਰ ਹੋਇਆ, ਭਾਰਤ ਦੀ ਮਹਾਨਤਾ ਦੇ ਢੋਲ-ਨਗਾਰੇ ਵਜਾਉਣ ਵਾਲੇ ਹੁਕਮਰਾਨਾਂ ਦੀ ਜ਼ਹਿਨੀਅਤ ਦਾ ਵਿਸ਼ਲੇਸ਼ਣ ਕਰ ਰਿਹਾ ਸਾਂ। ਮੇਰੇ ਸਾਹਮਣੇ ਇਕ ਤਰਫ਼ ਤਾਂ ਇਨ੍ਹਾਂ ਹਮਵਤਨ ਮਜ਼ਦੂਰਾਂ ਦੇ ਕਾਫ਼ਲਿਆਂ ਦੇ ਅਣਕਹੇ ਦਰਦਾਂ ਦੀ ਕੁਰਲਾਹਟ ਸੀ, ਦੂਜੀ ਤਰਫ਼ ਮੇਰੇ ਕੰਨਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੇ ਸਭ ਤੋਂ ਵੱਡੇ ਸਟੇਡੀਅਮ ਦੀ ਫ਼ਸੀਲ ਤੋਂ ਭਾਰਤ ਦੇ ਅਰਥਚਾਰੇ ਨੂੰ 50 ਖਰਬ ਤਕ ਅਪੜਾਉਣ ਦੇ ਦਾਅਵੇ ਗੂੰਜ ਰਹੇ ਸਨ। ਫਿਰ ਸੋਚਦਾ ਹਾਂ ਕਿ ਕੀ ਕਿਸੇ ਦੇਸ਼ ਦੀ ਰਾਜਨੀਤੀ ਦੇ ਨਿਜ਼ਾਮ ਦਾ ਜ਼ਹੂਰ ਏਨਾ ਬੇਸ਼ਰਮ ਤੇ ਨਿਲੱਜ ਵੀ ਹੋ ਸਕਦਾ ਹੈ ? ਭਾਰਤੀ ਮਜ਼ਦੂਰਾਂ ਦੇ ਟੱਬਰਾਂ ਦੀ ਕੁਰਲਾਹਟ ਸਮੁੱਚੀ ਮਾਨਵਤਾ ਨੂੰ ਸ਼ਰਮਸਾਰ ਕਰ ਰਹੀ ਹੈ। ਕਾਸ਼! ਕੋਈ ਇਨ੍ਹਾਂ ਹਮਵਤਨ ਕਾਮਿਆਂ ਦੇ ਠੰਢੇ-ਸਾਹਾਂ ਦੀ ਵੇਦਨਾ ਦੀ ਥਾਹ ਪਾ ਸਕੇ।

ਦੇਸ਼ ਦੇ ਹਾਕਮੋ; ਭਾਰਤ ਦੇ ਵਿਕਾਸ ਨੂੰ ਅੰਬਾਨੀਆਂ ਤੇ ਅਡਾਨੀਆਂ ਦੇ ਉੱਚੇ ਬੁਰਜਾਂ ਦੇ ਝਰੋਖਿਆਂ ਵਿਚ ਖਲ੍ਹੋ ਕੇ ਨਾ ਵੇਖੋ, ਜ਼ਰਾ ਸੱਚ ਦੇ ਨੇੜੇ ਆ ਕੇ ਖੜ੍ਹੇ ਹੋਵੋ, ਦੇਸ਼ ਦੀ ਆਜ਼ਾਦੀ ਦੇ ਨੰਗੇ ਸੱਚ ਦੇ ਰੂਬਰੂ ਹੋਣ ਦਾ ਹੌਂਸਲਾ ਤਾਂ ਕਰੋ, ਦੇਸ਼ ਦੀ ਆਜ਼ਾਦੀ ਦੀ ਅਸਲ ਸੱਚਾਈ ਤਾਂ ਇਹ ਹੈ ਕਿ

ਰੌਸ਼ਨੀ ਬਾਂਟ ਲੀ ਉੱਭਰੇ ਹੂਏ ਮੀਨਾਰੋਂ ਨੇ,
ਪਸ਼ਤ ਖੱਡੋਂ ਕੇ ਮੁਕੱਦਰ ਮੇਂ ਵਹੀ ਰਾਤ ਰਹੀ।

ਜਦੋਂ ਦੇਸ਼ ਦੀਆਂ ਨੀਲੀਆਂ ਸੜਕਾਂ 'ਤੇ ਮਜ਼ਦੂਰਾਂ ਦੇ ਮਾਸੂਮ ਬੱਚਿਆਂ ਨੂੰ ਛਾਲਿਆਂ ਵਿੰਨੇ ਪੈਰਾਂ ਨਾਲ ਪੱਥਾਂ ਭਾਰ ਕਿਸੇ ਅਸਗਾਹ ਮੰਜ਼ਲ ਵੱਲ ਵਿਲਕਦਿਆਂ ਤੁਰੇ ਜਾਂਦੇ ਵੇਖਦਾ ਹਾਂ ਤਾਂ ਉਨ੍ਹਾਂ ਮਾਸੂਮਾਂ ਦੇ ਪੱਥਾਂ ਦਾ ਭਾਰ ਮੇਰੀ ਹਯਾਤੀ ਤੋਂ ਸਹਾਰ ਨਹੀਂ ਹੁੰਦਾ ਤੇ ਮੈਂ ਧੀਰਜ ਖੋ ਬੈਠਦਾ ਹਾਂ। ਦਰਦ ਵੀ ਕਈ ਵਾਰੀ ਬੇਦਰਦ ਤੇ ਪ੍ਰਾਏ ਹੋ ਜਾਂਦੇ ਹਨ। ਇਹ ਦਰਦ, ਇਕ ਲੰਮੀ ਚੀਖ ਬਣਕੇ ਪੂਰੀ ਫਿਜ਼ਾ ਵਿਚ ਪਸਰ ਕਿਉਂ ਨਹੀਂ ਜਾਂਦੇ, ਤਾਂ ਕਿ ਹਰ ਦਰਦਮੰਦ ਇਨਸਾਨ ਦੀ ਰੂਹ ਕੁਰਲਾ ਉੱਠੇ।

ਇਹ ਦੇਸ਼ ਦੀ ਆਜ਼ਾਦੀ ਦੇ 73 ਵਰ੍ਹਿਆਂ ਬਾਅਦ ਦੇ ਮੰਜ਼ਰ ਹਨ ਕਿ ਕੋਰੋਨਾ ਮਹਾਂਮਾਰੀ ਤੋਂ ਭੈਭੀਤ ਤੇ ਸਹਿਮੇ ਹੋਏ, ਘਰਾਂ ਨੂੰ ਪਰਤ ਰਹੇ ਬੇਵੱਸ ਮਜ਼ਦੂਰਾਂ ਦੀ ਕੁੱਲ ਜਾਇਦਾਦ, ਕੇਵਲ ਇਕ ਗੱਠੜੀ ਤਕ ਸਿਮਟ ਕੇ ਰਹਿ ਗਈ ਹੈ। ਮੇਰੇ ਦੇਸ਼ ਦੇ ਇਨ੍ਹਾਂ ਭੁੱਖੇ-ਭਾਣੇ ਚੱਲ ਰਹੇ ਮਜ਼ਦੂਰਾਂ ਦੇ ਸੌਂਕੜੇ ਕੋਹਾਂ ਦੇ ਸਫ਼ਰ ਦੇ ਅੱਟਣਾ ਦੀ ਗਾਥਾ, ਕਾਂਗੋ, ਲਾਇਬੇਰੀਆਂ, ਸਰਬੀਆ, ਰਵਾਂਡਾ, ਯੁਗਾਂਡਾ ਜਾਂ ਮਾਲੀ ਦੇ ਮਜ਼ਦੂਰਾਂ ਦੀ ਹਾਲਤ ਨਾਲੋਂ ਕੋਈ ਵੱਖਰੀ ਨਹੀਂ ਜਾਪ ਰਹੀ। ਦੇਸ਼ ਦੀਆਂ ਲੱਖਾਂ ਰੇਲ ਗੱਡੀਆਂ ਦਾ ਤਾਣਾ-ਬਾਣਾ, ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਦੇ ਖੌਫ਼ਨਾਕ ਸਫ਼ਰ ਵਿਚ ਬੇਮਾਇਨਾ ਹੋ ਨਿਬੜਿਆ। ਅਫ਼ਸੋਸ ਇਸ ਗੱਲ ਦਾ ਹੈ ਕਿ ਜਦੋਂ ਤਕ ਦੇਸ਼ ਦੇ ਹਾਕਮਾਂ ਦੀ ਜ਼ਮੀਰ ਦੀ ਅੱਖ ਖੁੱਲ੍ਹੀ, ਤਦ ਤਕ ਬਹੁਤ ਦੇਰ ਹੋ ਚੁੱਕੀ ਸੀ। ਦੁਸ਼ਯੰਤ ਕੁਮਾਰ ਦਾ ਇਹ ਸ਼ੇਅਰ ਸਮੇਂ ਦੀਆਂ ਹਕੂਮਤਾਂ ਦੀ ਲਾਪ੍ਰਵਾਹੀ ਤੇ ਕਠੋਰਤਾ ਵਿਰੁੱਧ, ਹਿੰਮਤ ਨਾਲ ਲਾਮਬੰਦ ਹੋਣ ਦੀ ਪ੍ਰੇਰਨਾ ਕਰਦਾ ਹੈ :

ਪਕ ਗਈ ਹੈਂ ਆਦਤੇਂ, ਬਾਤੋਂ ਸੇ ਸਰ ਹੋਗੀ ਨਹੀਂ।'
ਕੋਈ ਹੰਗਾਮਾ ਕਰੋ, ਅਬ ਐਸੇ ਗੁਜ਼ਰ ਹੋਗੀ ਨਹੀਂ ■

MAGZTER

ਡਾ. ਰਣਜੀਤ ਸਿੰਘ

ਵਾਤਾਵਰਣ ਦੀ ਸੰਭਾਲ ਸਾਰਿਆਂ ਦੀ ਜ਼ਿੰਮੇਵਾਰੀ

ਕੋਰੋਨਾ ਦੇ ਡਰੋਂ ਲਾਕਡਾਊਨ ਕਾਰਨ ਵਾਤਾਵਰਣ ਸ਼ੁੱਧ ਹੋਇਆ ਹੈ। ਇਸ ਤੋਂ ਸਿੱਧ ਹੋਇਆ ਕਿ ਮਨੁੱਖ ਨੇ ਹੀ ਆਪਣੀਆਂ ਗਲਤੀਆਂ ਕਾਰਨ ਵਾਤਾਵਰਣ ਨੂੰ ਪ੍ਰਦੂਸ਼ਿਤ ਕੀਤਾ ਹੈ। ਕੁਦਰਤ ਨੇ ਸੰਸਾਰ ਵਿਚ ਜੀਵਾਂ ਦੇ ਜੀਵਨ ਲਈ ਹਵਾ, ਪਾਣੀ ਅਤੇ ਧਰਤੀ ਦੀ ਬਖਸ਼ਿਸ਼ ਕੀਤੀ। ਇਨ੍ਹਾਂ ਤਿੰਨਾਂ ਤੋਂ ਬਗੈਰ ਜੀਵਨ ਅਸੰਭਵ ਹੈ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

"ਪਵਣ ਗੁਰੂ, ਪਾਣੀ ਪਿਤਾ, ਮਾਤਾ ਧਰਤ ਮਹਤੁ"

ਗੁਰੂ ਜੀ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿਤਾ ਹੈ। ਜੀਵ ਦੀ ਉਤਪੱਤੀ ਅਤੇ ਇਸ ਨੂੰ ਚਲਾਉਣ ਲਈ ਪਾਣੀ ਦੀ ਲੋੜ ਹੈ। ਅਸਲ ਵਿਚ ਸਭ ਤੋਂ ਪਹਿਲਾਂ ਜੀਵਨ ਦੀ ਉਤਪੱਤੀ ਪਾਣੀ ਵਿਚ ਹੀ ਹੋਈ ਸੀ। ਪਾਣੀ ਤੋਂ ਬਗੈਰ ਕੋਈ ਵੀ ਜੰਤੂ ਜਿੰਦਾ ਨਹੀਂ ਰਹਿ ਸਕਦਾ।

ਇਸੇ ਤਰ੍ਹਾਂ ਹਵਾ ਦੀ ਮਹੱਤਤਾ ਹੈ। ਹਰੇਕ ਜੀਵ ਸਾਹ ਲੈਂਦਾ ਹੈ। ਜਦੋਂ ਤਕ ਸਵਾਸ ਚਲਦੇ ਹਨ ਜੀਵ ਅਤੇ ਬਨਸਪਤੀ ਜਿੰਦਾ ਹੈ। ਮਨੁੱਖੀ ਜੀਵਨ ਲਈ ਆਕਸੀਜਨ ਦੀ ਲੋੜ ਹੈ ਤੇ ਉਹ ਆਪਣੇ ਅੰਦਰੋਂ ਕਾਰਬਨ ਡਾਈਆਕਸਾਈਡ ਬਾਹਰ ਕੱਢਦਾ ਹੈ। ਪੌਦਿਆਂ ਦੀ ਖੁਰਾਕ ਕਾਰਬਨ-ਡਾਈਆਕਸਾਈਡ ਹੈ। ਉਹ ਸੂਰਜ ਦੀ ਰੋਸ਼ਨੀ ਵਿਚ ਇਸੇ ਦੀ ਵਰਤੋਂ ਆਪਣੇ ਭੋਜਨ ਦੇ ਰੂਪ ਵਿਚ ਕਰਦੇ ਹਨ ਤੇ ਆਕਸੀਜਨ ਬਾਹਰ ਕੱਢਦੇ ਹਨ। ਧਰਤੀ ਸੱਚਮੁੱਚ ਸਾਰੇ ਪ੍ਰਾਣੀਆਂ ਅਤੇ ਬਨਸਪਤੀ ਦੀ ਮਾਂ ਹੈ। ਧਰਤੀ ਜੀਵਾਂ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਕਰਦੀ ਹੈ। ਮਨੁੱਖ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਧਰਤੀ ਕੋਲੋਂ ਹੀ ਪ੍ਰਾਪਤ ਹੁੰਦੇ ਹਨ। ਧਰਤੀ ਦੇ ਪੌਦੇ ਅਤੇ ਰੁੱਖ ਹੀ ਹਵਾ ਦੀ ਸ਼ੁੱਧਤਾ ਬਣਾਈ ਰੱਖਦੇ ਹਨ। ਧਰਤੀ ਦੀ ਹਿੱਕ ਵਿਚੋਂ ਹੀ ਸਾਰੀਆਂ ਕੀਮਤੀ ਧਾਤਾਂ ਜਿਵੇਂ ਕਿ ਹੀਰੇ, ਜਵਾਹਰ, ਸੋਨਾ-ਚਾਂਦੀ, ਕਾਂਸੀ, ਪਿੱਤਲ, ਲੋਹਾ ਆਦਿ ਪ੍ਰਾਪਤ ਹੁੰਦੇ ਹਨ। ਇਸੇ ਤਰ੍ਹਾਂ ਮਨੁੱਖੀ ਕਾਰ ਵਿਕਾਰ ਨੂੰ ਚਲਾਉਣ ਲਈ ਕੋਲਾ ਤੇ ਪੈਟਰੋਲ ਵੀ ਇਸੇ ਵਿਚੋਂ ਪ੍ਰਾਪਤ ਹੁੰਦੇ ਹਨ। ਕੁਦਰਤ ਨੇ ਆਪਣੀ ਕਾਇਨਾਤ ਦੀ ਸਾਂਭ ਸੰਭਾਲ ਲਈ ਇਨ੍ਹਾਂ ਤਿੰਨਾਂ ਦੀ ਲੋੜ ਅਨੁਸਾਰ ਬਖਸ਼ਿਸ਼ ਕੀਤੀ ਹੈ। ਇਨ੍ਹਾਂ ਦਾ ਸੰਤੁਲਨ ਬਣਾਈ ਰੱਖਣ ਲਈ ਵੀ ਇਕ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸੇ ਕਰਕੇ ਲੋਕੀ ਧਰਤੀ ਨੂੰ ਮਾਤਾ ਸਮਝਦੇ ਹਨ। ਇਹੋ ਮੋਹ ਹੀ ਆਪਸੀ ਪਿਆਰ, ਸਤਿਕਾਰ ਤੇ ਭਾਈਚਾਰੇ ਦਾ ਆਧਾਰ ਬਣਦਾ ਹੈ। ਇਨਸਾਨ ਕਿਤੇ ਵੀ ਚਲਾ ਜਾਵੇ ਆਪਣੀ ਮਾਂ ਅਤੇ ਆਪਣੀ ਮਿੱਟੀ ਦਾ ਮੋਹ ਕਦੇ ਨਹੀਂ ਭੁੱਲਦਾ।

ਸਮੇਂ ਨਾਲ ਮਨੁੱਖੀ ਗਿਆਨ ਵਿਗਿਆਨ ਵਿਚ ਚੋਖਾ ਵਾਧਾ ਹੋਇਆ ਹੈ ਜਿਸ ਸਦਕਾ ਮਨੁੱਖ ਨੇ ਵਿਕਾਸ ਦੀਆਂ ਬੜੀ ਤੇਜ਼ੀ ਨਾਲ ਪੁਲਾਂਘਾਂ ਪੁੱਟੀਆਂ ਹਨ। ਇਸ ਗਿਆਨ ਵਿਗਿਆਨ ਦੀ ਸਦੀ ਵਿਚ ਨਵੇਂ ਗਿਆਨ ਸਹਾਰੇ ਮਨੁੱਖ ਧਰਤੀ, ਪਾਣੀ ਤੇ ਹਵਾ ਦੀ ਮਹੱਤਤਾ ਤੋਂ ਵਧੇਰੇ ਜਾਗਰੂਕ ਹੋਣਾ ਚਾਹੀਦਾ ਸੀ ਪਰ ਅਫਸੋਸ ਹੈ ਹੋ ਇਸ ਦੇ ਉਲਟ ਰਿਹਾ ਹੈ। ਜਿਥੇ ਪਿਛਲੀ ਸਦੀ ਦਾ ਮਨੁੱਖ ਵਿਗਿਆਨ ਵਿਚ ਪਿਛੇ ਸੀ ਪਰ ਉਹ ਇਨ੍ਹਾਂ ਦੀ ਮਹੱਤਤਾ ਤੋਂ ਜਾਣੂ ਸੀ। ਇਨ੍ਹਾਂ ਤਿੰਨਾਂ ਦੀ ਪਵਿੱਤਰਤਾ ਨੂੰ ਬਣਾਈ ਰੱਖਣ ਲਈ ਉਹ ਹਮੇਸ਼ਾ ਯਤਨਸ਼ੀਲ ਰਹਿੰਦਾ ਸੀ। ਇਸੇ ਕਰਕੇ ਇਨ੍ਹਾਂ ਦੀ ਪੂਜਾ ਕੀਤੀ ਜਾਂਦੀ ਸੀ। ਕੁਦਰਤ ਨੇ ਸਾਰੀਆਂ ਮਨੁੱਖੀ ਲੋੜਾਂ ਦੀ ਪੂਰਤੀ ਦਾ ਪ੍ਰਬੰਧ ਕੀਤਾ ਹੋਇਆ ਹੈ। ਪਹਿਲਾਂ ਇਨਸਾਨ ਇਸ ਤੋਂ ਜਾਣੂ ਸਨ ਤੇ ਆਪਣੀ ਹਰ ਲੋੜ ਇਥੋਂ ਹੀ ਪੂਰੀ ਕਰਦੇ ਸਨ। ਹਰੇਕ ਬਿਮਾਰੀ ਦੇ ਇਲਾਜ ਲਈ ਜੜ੍ਹੀ ਬੂਟੀਆਂ ਦੀ ਭਰਮਾਰ ਸੀ ਪਰ ਹੁਣ ਨਵੀਂ ਇਲਾਜ ਪ੍ਰਣਾਲੀ ਵਿਚ ਇਨ੍ਹਾਂ ਦੀ ਅਣਦੇਖੀ ਕਰਕੇ ਰਸਾਇਣਾਂ ਦੀ ਵਰਤੋਂ ਸ਼ੁਰੂ ਕਰ ਦਿਤੀ ਹੈ। ਧਰਤੀ ਪਾਣੀ ਦੀ ਪਵਿੱਤਰਤਾ ਨੂੰ ਤਬਾਹ ਕਰਨ ਲਈ ਅਸੀਂ ਕੋਈ ਕਸਰ ਬਾਕੀ ਨਹੀਂ ਛੱਡੀ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਛੋਟੇ ਹੁੰਦੇ ਸਾਂ ਤਾਂ ਖੇਤਾਂ ਵਿਚ ਕੰਮ ਕਰਦਿਆਂ ਜੋਕਰ ਖੁਰਪੇ, ਦਾਤਰੀ ਜਾਂ ਕਹੀ ਨਾਲ ਹੱਥ-ਪੈਰ ਉਤੇ ਜ਼ਖ਼ਮ ਹੋ ਜਾਣਾ, ਪੈਰ ਵਿਚ ਹੱਲ ਦਾ ਫਾਲਾ ਵਜ ਜਾਣਾ ਤਾਂ ਝੱਟ ਮਿੱਟੀ ਦੀ ਮੁੱਠੀ ਉਤੇ ਪਾ ਦਿਤੀ ਜਾਂਦੀ ਸੀ। ਜਿਸ ਨਾਲ ਖੂਨ ਹੀ ਵਗਣਾ ਬੰਦ ਨਹੀਂ ਸੀ ਹੁੰਦਾ ਸਗੋਂ ਜ਼ਖ਼ਮ ਵੀ ਆਪੇ ਹੀ ਠੀਕ ਹੋ ਜਾਂਦਾ ਸੀ। ਹੁਣ ਅਸੀਂ ਮਿੱਟੀ ਦੀ ਪਵਿੱਤਰਤਾ ਨੂੰ ਇਤਨਾ ਵਿਗਾੜ ਦਿਤਾ ਹੈ ਕਿ ਜ਼ਖ਼ਮ ਉਤੇ ਮਿੱਟੀ ਨਾਲ ਇਹ ਹੋਰ ਖਰਾਬ ਹੋ ਜਾਂਦਾ ਹੈ ਤੇ ਸਾਰੇ ਸਰੀਰ ਵਿਚ ਜ਼ਹਿਰ ਫੈਲਣ ਦਾ ਡਰ ਬਣ ਜਾਂਦਾ ਹੈ।

ਪਾਣੀ ਦੀ ਪਵਿੱਤਰਤਾ ਦਾ ਵੀ ਇਹੋ ਹਾਲ ਸੀ ਆਪਣੇ ਆਪ ਨੂੰ ਸ਼ੁੱਧ ਕਰਨ ਲਈ ਪਾਣੀ ਦਾ ਛਿੱਟਾ ਮਾਰਿਆ ਜਾਂਦਾ ਸੀ। ਦਰਿਆਵਾਂ ਤੇ ਚਸ਼ਮਿਆਂ ਦੇ ਪਾਣੀ ਨੂੰ ਅੰਮ੍ਰਿਤ ਸਮਝਿਆ ਜਾਂਦਾ ਸੀ। ਗੰਗਾ ਜਲ ਹਰੇਕ ਘਰ ਵਿਚ ਸ਼ੁੱਧਤਾ ਲਈ ਰੱਖਿਆ ਜਾਂਦਾ ਸੀ ਪਰ ਹੁਣ ਸਾਡੇ ਨਦੀਆਂ ਨਾਲੇ ਇਤਨੇ ਪਲੀਤ ਹੋ ਗਏ ਹਨ ਕਿ ਇਨ੍ਹਾਂ ਵਿਚ ਜੀਵ-ਜੰਤੂਆਂ ਨੂੰ ਵੀ ਸਾਹ ਲੈਣਾ ਔਖਾ ਹੋ ਗਿਆ ਹੈ। ਧਰਤੀ ਦੀ ਕੁੱਖ ਵਿਚ ਪਏ ਪਾਣੀ ਨੂੰ ਗੰਧਲਾ ਕਰ ਦਿਤਾ ਹੈ। ਅਸੀਂ ਭੁੱਲ ਗਏ ਹਾਂ ਕਿ ਨਾਨਕੁ ਇਹ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ॥ (1283) ਹਵਾ ਨੂੰ ਪ੍ਰਦੂਸ਼ਿਤ ਕਰਨ ਵਿਚ ਵੀ ਅਸੀਂ ਕੋਈ ਕਸਰ ਨਹੀਂ ਛੱਡੀ। ਆਪਣੇ ਸੁੱਖ ਆਰਾਮ ਦੀ ਖਾਤਰ ਅਸੀਂ ਹਵਾ ਗੰਧਲੀ ਕਰ ਦਿਤੀ ਹੈ ਅਤੇ ਆਲਮੀ ਤਪਸ਼ ਵਿਚ ਵਾਧਾ ਕਰ ਰਹੇ ਹਾਂ। ਕਈ ਥਾਂਵੀਂ ਤਾਂ ਸਾਹ ਲੈਣਾ ਵੀ ਔਖਾ ਹੋ ਗਿਆ ਹੈ। ਇੰਝ ਅਸੀਂ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਹੇ ਹਾਂ। ਪਹਿਲਾਂ ਲੋਕਾਂ ਵਿਚ ਸਬਰ ਸੰਤੋਖ ਸੀ ਉਹ ਸੱਚ ਉਤੇ ਪਹਿਰਾ ਦਿੰਦੇ ਸਨ, ਇਕ-ਦੂਜੇ ਦੀ ਮਦਦ ਕਰਨਾ ਆਪਣਾ ਧਰਮ ਸਮਝਦੇ ਸਨ। ਬਾਕੀ ਜੀਵ-ਜੰਤੂਆਂ ਦਾ ਵੀ ਖਿਆਲ ਰੱਖਿਆ ਜਾਂਦਾ ਸੀ। ਇਥੋਂ ਤਕ ਕਿ ਕਣਕ ਦੀ ਵਾਢੀ ਕਰਦੇ ਸਮੇਂ ਖੇਤ ਦੀ ਇਕ ਨੁੱਕਰੇ ਪੰਛੀਆਂ ਲਈ ਫਸਲ ਖੜ੍ਹੀ ਰਹਿਣ ਦਿਤੀ ਜਾਂਦੀ ਸੀ। ਪਸ਼ੂ-ਪੰਛੀਆਂ ਦੇ ਪੀਣ ਲਈ ਪਾਣੀ ਦਾ ਪ੍ਰਬੰਧ ਕੀਤਾ ਜਾਂਦਾ ਸੀ। ਹੁਣ ਤਾਂ ਅਸੀਂ ਪੰਛੀਆਂ ਨੂੰ ਆਲ੍ਹਣੇ ਬਣਾਉਣ ਲਈ ਰੁੱਖ ਹੀ ਨਹੀਂ ਰਹਿਣ ਦਿਤੇ ਅਤੇ ਜੰਗਲਾਂ ਦੀ ਇਸ ਤਰ੍ਹਾਂ ਤਬਾਹੀ ਕੀਤੀ ਹੈ ਕਿ ਜੰਗਲੀ ਜੀਵਾਂ ਦਾ ਰਹਿਣਾ ਔਖਾ ਹੋ ਗਿਆ ਹੈ। ਪਸ਼ੂ-ਪੰਛੀਆਂ ਦੀਆਂ ਬਹੁਤ ਸਾਰੀਆਂ ਜਾਤੀਆਂ ਅਲੋਪ ਹੋ ਰਹੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮਨੁੱਖ ਨੇ ਹਵਾ, ਪਾਣੀ ਅਤੇ ਧਰਤੀ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਦਿਤਾ ਹੈ, ਕੁਦਰਤੀ ਵਸੀਲਿਆਂ ਦੀ ਬੇਰਹਿਮੀ ਨਾਲ ਹੋ ਰਹੀ ਵਰਤੋਂ ਭਵਿੱਖ ਵਿਚ ਮਨੁੱਖੀ ਜੀਵਨ ਨੂੰ ਮੁਸ਼ਕਿਲ ਕਰ ਦੇਵੇਗੀ ਪਰ ਜੋਕਰ ਹੁਣ ਵੀ ਸੰਭਲਿਆ ਜਾਵੇ ਤਾਂ ਬਹੁਤ ਕੁਝ ਸੁਧਾਰਿਆ ਜਾ ਸਕਦਾ ਹੈ। ਇਥੋਂ ਦੇ ਨਾਗਰਿਕਾਂ ਨੂੰ ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਕਰਨ ਦੀ ਲੋੜ ਹੈ। ਧਰਤੀ ਉਤੇ ਹੋ ਰਹੀ ਬੇਰਹਿਮੀ ਨਾਲ ਰੁੱਖਾਂ ਦੀ ਕਟਾਈ ਨੂੰ ਰੋਕਿਆ ਜਾਵੇ। ਨਵੇਂ ਰੁੱਖ ਲਗਾਉਣਾ ਅਤੇ ਉਨ੍ਹਾਂ ਦੀ ਰਾਖੀ ਕਰਨਾ ਹਰੇਕ ਨਾਗਰਿਕ ਆਪਣਾ ਫਰਜ਼ ਸਮਝੇ। ਪਾਣੀਆਂ ਨੂੰ ਗੰਦਾ ਕਰਨ ਤੋਂ ਸੰਕੋਚ ਕਰੀਏ। ਕਾਰਖਾਨਿਆਂ, ਘਰਾਂ ਅਤੇ ਹੋਰ ਗੰਦਗੀ ਨੂੰ ਵਗਦੇ ਪਾਣੀਆਂ ਵਿਚ ਨਾ ਪਾਇਆ ਜਾਵੇ। ਪਲਾਸਟਿਕ ਦੀ ਹੋ ਰਹੀ ਵਰਤੋਂ ਨੂੰ ਰੋਕਿਆ ਜਾਵੇ। ਸੀਵਰੇਜ ਦੇ ਪਾਣੀ ਨੂੰ ਸ਼ੁੱਧ ਕਰਨਾ ਜ਼ਰੂਰੀ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਖੇਤ ਵਿਚ ਰਸਾਇਣਾਂ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਵੇ ਤਾਂ ਜੋ ਧਰਤੀ, ਪਾਣੀ ਤੇ ਹਵਾ ਨੂੰ ਗੰਧਲਾ ਹੋਣ ਤੋਂ ਰੋਕਿਆ ਜਾ ਸਕੇ। ਪੰਜ ਜੂਨ ਨੂੰ ਸਾਰੇ ਸੰਸਾਰ ਵਿਚ ਅੰਤਰ-ਰਾਸ਼ਟਰੀ ਵਾਤਾਵਰਣ ਦਿਵਸ ਮਨਾਇਆ ਜਾਂਦਾ ਹੈ। ਆਉ ਇਸ ਦਿਨ ਸਾਰੇ ਪ੍ਰਣ ਕਰੀਏ ਕਿ ਆਪਾਂ ਹਵਾ, ਪਾਣੀ ਅਤੇ ਧਰਤੀ ਨੂੰ ਗੰਦਾ ਕਰਨ ਦਾ ਕੋਈ ਵੀ ਯਤਨ ਨਹੀਂ ਕਰਾਂਗੇ ਸਗੋਂ ਇਸ ਦੀ ਰਾਖੀ ਲਈ ਪੂਰੇ ਯਤਨ ਕਰਾਂਗੇ ■

MAGZTER

ਡਾ. ਰਾਜੀਵ ਖੋਸਲਾ
79860-36776

ਇਕ ਵਿਸ਼ਲੇਸ਼ਣ 20 ਲੱਖ ਕਰੋੜ ਰੁਪਏ ਦੇ ਆਰਥਿਕ ਪੈਕੇਜ ਦਾ

ਸਰਕਾਰ ਦੁਆਰਾ ਐਲਾਨਿਆ 20 ਲੱਖ ਕਰੋੜ ਰੁਪਏ ਦਾ ਪੈਕੇਜ ਵੱਡੇ ਤੌਰ 'ਤੇ ਅੰਤਰਰਾਸ਼ਟਰੀ ਰੇਟਿੰਗ ਏਜੰਸੀਆਂ, ਭਾਰਤੀ ਕਾਰੋਬਾਰੀਆਂ, ਅਰਥਸ਼ਾਸਤਰੀਆਂ ਅਤੇ ਸਿਆਸਤਦਾਨਾਂ ਦੀਆਂ ਸਕਾਰਾਤਮਕ ਭਾਵਨਾਵਾਂ ਨੂੰ ਪ੍ਰੇਰਿਤ ਕਰਨ ਵਿਚ ਅਸਫਲ ਰਿਹਾ ਹੈ। ਜਿਥੇ ਸਾਬਕਾ ਵਿੱਤ ਮੰਤਰੀ ਪੀ.ਚਿਦੰਬਰਮ ਨੇ ਅਸਲ ਆਰਥਿਕ ਪੈਕੇਜ ਦੇ ਕੁੱਲ ਘਰੇਲੂ ਉਤਪਾਦ ਦੇ ਕੇਵਲ 0.9% (1.86 ਲੱਖ ਕਰੋੜ ਰੁਪਏ ਹੋਣ ਦਾ ਦਾਅਵਾ ਕੀਤਾ, ਉਥੇ ਹੀ ਅੰਤਰਰਾਸ਼ਟਰੀ ਰੇਟਿੰਗ ਸੰਸਥਾਵਾਂ ਮੋਰਗਨ ਸਟੇਨਲੀ (0.7%), ਨੋਮੁਰਾ (0.9%), ਸਿਟੀ ਬੈਂਕ (1%) ਅਤੇ ਐਚ.ਐਸ.ਬੀ.ਸੀ. (1%) ਨੇ ਵੀ ਭਾਰਤ ਦੇ ਇਸ ਪੈਕੇਜ ਨੂੰ ਵੱਡੀਆਂ ਅਰਥਵਿਵਸਥਾਵਾਂ ਜਿਵੇਂ ਜਪਾਨ (9.13%), ਇੰਗਲੈਂਡ (5.20%), ਜਰਮਨੀ (5.11%) ਅਤੇ ਅਮਰੀਕਾ (4.57%) ਦੇ ਸਾਹਮਣੇ ਨਾਕਾਫੀ ਕਰਾਰ ਦਿਤਾ। ਵਪਾਰਕ ਭਾਵਨਾਵਾਂ ਦੇ ਸੂਚਕ ਸਟਾਕ ਮਾਰਕਿਟ ਨੂੰ ਵੀ ਇਹ ਪੈਕੇਜ ਹੁੰਗਾਰਾ ਦੇਣ ਵਿਚ ਅਸਮਰੱਥ ਹੀ ਸਾਬਿਤ ਹੋਇਆ ਹੈ। ਮਾੜੇ ਆਰਥਿਕ ਹਾਲਾਤਾਂ ਤੋਂ ਮਜਬੂਰ ਸਰਕਾਰ 20 ਲੱਖ ਕਰੋੜ ਜਿਹੀਆਂ ਚਾਲਬਾਜ਼ੀਆਂ ਦਾ ਸਹਾਰਾ ਲੈਣ ਲਈ ਮਜਬੂਰ ਹੋਈ ਹੈ।

ਚਾਲ ਦੀ ਮਜਬੂਰੀ

ਦਰਅਸਲ ਸਰਕਾਰ ਨੇ ਬਜਟ 2020-21 ਦੌਰਾਨ ਇਸ ਸਾਲ ਹੋਣ ਵਾਲੇ ਘਾਟੇ ਦਾ ਅਨੁਮਾਨ 8 ਲੱਖ ਕਰੋੜ ਰੁਪਏ ਦਾ ਲਗਾਇਆ ਸੀ। ਪ੍ਰੰਤੂ ਅਚਾਨਕ ਹੋਈ ਤਾਲਾਬੰਦੀ ਦੀ ਘੋਸ਼ਣਾ ਕਾਰਨ ਜਦੋਂ ਆਰਥਿਕ ਗਤੀਵਿਧੀਆਂ ਪੂਰੀ ਤਰ੍ਹਾਂ ਨਾਲ ਰੁਕ ਗਈਆਂ ਤਾਂ ਸਰਕਾਰ ਦੇ ਮਾਲੀਏ 'ਤੇ ਵੀ ਇਸਦਾ ਨਕਾਰਾਤਮਕ ਅਸਰ ਪਿਆ ਤੇ ਇਹ ਘਾਟਾ ਵਧ ਕੇ 12.2 ਲੱਖ ਕਰੋੜ ਰੁਪਏ ਹੋ ਗਿਆ। ਇਸ ਦੇ ਨਾਲ ਹੀ 1.7 ਲੱਖ ਕਰੋੜ ਦੇ ਸਰਕਾਰ ਦੇ ਪਹਿਲੇ ਪੈਕੇਜ ਨੇ ਘਾਟੇ ਨੂੰ ਲਗਭਗ 14 ਲੱਖ ਕਰੋੜ 'ਤੇ ਪਹੁੰਚਾ ਦਿਤਾ। ਮਾੜੇ ਵਿੱਤੀ ਹਾਲਾਤਾਂ ਨੇ ਸਰਕਾਰ ਨੂੰ ਅਜਿਹੀ ਚਾਲ ਚੱਲਣ ਲਈ ਮਜਬੂਰ ਕੀਤਾ ਜਿਸ ਨਾਲ ਕਿ ਸਰਕਾਰ ਦੀ ਸਾਖ ਵੀ ਬਚੀ ਰਹੇ ਅਤੇ ਨਾਲ ਹੀ ਘਾਟੇ ਨੂੰ ਵੀ ਕਾਬੂ ਕੀਤਾ ਜਾ ਸਕੇ। ਇਸ ਸਾਰੇ ਘਟਨਾਕ੍ਰਮ ਵਿਚ ਬਲੀ ਦਾ ਬੱਕਰਾ ਬਣੇ ਭਾਰਤੀ ਬੈਂਕ।

ਕੋਵਿਡ ਦੀ ਸਮੱਸਿਆ ਆਉਣ ਤੋਂ ਪਹਿਲਾਂ ਹੀ ਬੈਂਕ ਤਾਂ 9-9.5 ਲੱਖ ਕਰੋੜ ਰੁਪਏ ਦੇ ਐੱਨ.ਪੀ.ਏ. ਨਾਲ ਸੰਘਰਸ਼ ਕਰ ਰਹੇ ਸਨ ਅਤੇ ਸਰਕਾਰ ਨੇ ਉਨ੍ਹਾਂ ਨੂੰ ਬਚਾਉਣ ਲਈ ਰਲੇਵਿਆਂ ਦਾ ਸਹਾਰਾ ਲਿੱਤਾ ਸੀ। 20 ਲੱਖ ਕਰੋੜ ਦੇ ਪੈਕੇਜ ਦੀ ਘੋਸ਼ਣਾ ਤੋਂ ਪਹਿਲਾਂ ਹੀ ਆਰ.ਬੀ.ਆਈ. ਨੇ ਬੈਂਕਾਂ ਨੂੰ ਨਿਰਦੇਸ਼ ਦਿਤੇ ਸਨ ਕਿ ਉਹ ਕੋਈ ਲਾਭਾਂਸ਼ ਨਾ ਵੰਡਣ ਅਤੇ ਮੁਅੱਤਲ ਕੀਤੀ ਵਿਆਜ ਅਤੇ ਕਿਸ਼ਤ ਦੀ ਅਦਾਇਗੀ ਦੀ ਰਕਮ ਦਾ ਪ੍ਰਬੰਧ ਵੀ ਆਪਣੇ ਹੀ ਖਾਤਿਆਂ ਵਿਚੋਂ ਕਰਨ। ਸਰਕਾਰ ਨੇ ਦੁਬਾਰਾ ਪੈਕੇਜ ਦੀ ਸਾਰੀ ਜ਼ਿੰਮੇਵਾਰੀ ਬੈਂਕਾਂ ਉਤੇ ਪਾ ਕੇ, ਜਿਸ ਵਿਚ ਸਿੱਧੇ ਤੌਰ 'ਤੇ ਆਮ ਲੋਕਾਂ ਦਾ ਪੈਸਾ ਜਮ੍ਹਾ ਹੈ, ਆਪਣੇ ਆਪ ਨੂੰ ਵੱਡੇ ਘਰਾਣਿਆਂ 'ਤੇ ਟੈਕਸ ਲਾ ਕੇ ਪ੍ਰਭਾਵਿਤ ਜਨਤਾ ਨੂੰ ਲਾਭ ਪਹੁੰਚਾਉਣ ਵਾਲੀ ਪ੍ਰਕ੍ਰਿਆ ਤੋਂ ਮੁਕਤ ਕੀਤਾ ਹੈ। ਵਿੱਤ ਮੰਤਰੀ ਦੁਆਰਾ ਜਾਰੀ ਕੀਤੇ ਕੁਝ ਰਾਹਤ ਉਪਾਵਾਂ ਦਾ ਵਿਸ਼ਲੇਸ਼ਣ ਹੇਠ ਬਿਆਨ ਕੀਤਾ ਗਿਆ ਹੈ।

MAGZTER

ਵੱਡੇ ਨੰਬਰਾਂ ਦਾ ਯਥਾਰਥਵਾਦ

ਵਿੱਤ ਮੰਤਰੀ ਨੇ ਆਪਣੇ ਪੰਜ ਦਿਨਾਂ ਦੀਆਂ ਘੋਸ਼ਣਾਵਾਂ ਵਿਚ ਪਹਿਲੇ ਦਿਨ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ 3.5 ਲੱਖ ਕਰੋੜ ਰੁਪਏ ਦੀ ਵੰਡ ਕੀਤੀ ਜਿਸ ਨਾਲ ਕਿ 45 ਲੱਖ ਇਕਾਈਆਂ ਕੰਮ ਮੁੜ ਚਾਲੂ ਕਰਨ ਦੀ ਹਾਲਤ ਵਿਚ ਆ ਜਾਣਗੀਆਂ। ਇਹ ਪੈਸਾ ਇਨ੍ਹਾਂ ਇਕਾਈਆਂ ਨੂੰ ਬੈਂਕਾਂ ਦੁਆਰਾ ਕਰਜ਼ ਦੇ ਰੂਪ ਵਿਚ ਮੁਹੱਈਆ ਹੋਵੇਗਾ ਤੇ ਗਾਰੰਟੀ ਸਰਕਾਰ ਦੁਆਰਾ ਦਿਤੀ ਜਾਵੇਗੀ। ਵੱਡਾ ਸਵਾਲ ਇਥੇ ਇਹ ਖੜ੍ਹਾ ਹੁੰਦਾ ਹੈ ਕਿ ਦੇਸ਼ ਵਿਚ ਕੁੱਲ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਗਿਣਤੀ ਲਗਭਗ 6.5 ਕਰੋੜ ਹੈ ਅਤੇ ਸਰਕਾਰ ਨੇ 6 ਕਰੋੜ ਇਕਾਈਆਂ ਨੂੰ ਭੁਲਾ ਹੀ ਦਿਤਾ ਹੈ। ਦੂਜਾ ਭਾਰਤ ਵਿਚ ਇਸ ਵੇਲੇ ਕਿਸੇ ਵੀ ਉਦਯੋਗ-ਧੰਦੇ ਲਈ ਸਮੱਸਿਆ ਕਰਜ਼ ਤੋਂ ਵਧੇਰੇ ਮੰਗ ਦੀ ਹੈ। ਜਦੋਂ ਸਰਕਾਰ ਨੇ 1.45 ਲੱਖ ਕਰੋੜ ਦਾ ਸਿੱਧਾ ਪੈਕੇਜ ਪਿਛਲੇ ਸਾਲ ਵੱਡੇ ਕਾਰਪੋਰੇਟਾਂ ਨੂੰ ਦੇ ਕੇ ਅਜ਼ਮਾ ਲਿਆ ਹੈ ਕਿ ਅਰਥਵਿਵਸਥਾ ਦਾ ਚੱਕਰ ਬਿਨਾਂ ਮੰਗ ਦੇ ਨਹੀਂ ਘੁੰਮ ਸਕਦਾ ਤਾਂ ਹੁਣ ਬੇਰੁਜ਼ਗਾਰ ਹੋਏ ਲੋਕਾਂ ਦੀ ਮੰਗ ਦੇ ਹੋਰ ਘਟਣ ਦੀ ਸੂਰਤ ਵਿਚ ਛੋਟੇ ਅਤੇ ਦਰਮਿਆਨੇ ਉੱਦਮਾਂ ਨੂੰ ਅਸਿੱਧੇ ਤੌਰ 'ਤੇ ਕਰਜ਼ ਮੁਹੱਈਆ ਕਰਾਉਣਾ ਕਿਹੜਾ ਤਰਕਸ਼ੀਲ ਉਪਰਾਲਾ ਹੈ? ਸਰਕਾਰ ਦੀ ਪ੍ਰਭੂਸੱਤਾ ਗਾਰੰਟੀ ਦੇਣ ਕਾਰਨ ਜੇਕਰ ਬੈਂਕ ਵਿੱਤੀ ਤੌਰ 'ਤੇ ਚੰਗੀਆਂ ਇਕਾਈਆਂ ਨੂੰ ਕਰਜ਼ਾ ਲੈਣ ਲਈ ਮਜਬੂਰ ਵੀ ਕਰਦੇ ਹਨ, ਤਾਂ ਵੀ ਵਿਕਰੀ ਅਤੇ ਮੁਨਾਫੇ ਨਾ ਹੋਣ ਕਾਰਨ ਇਨ੍ਹਾਂ ਇਕਾਈਆਂ ਦੇ ਵਿਆਜ ਵਾਪਸ ਨਾ ਕਰਨ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਤੋਂ ਵੀ ਅੱਗੇ ਜੇ ਅਜਿਹੀਆਂ ਇਕਾਈਆਂ ਅਸਫਲ ਹੋ ਜਾਂਦੀਆਂ ਹਨ ਤਾਂ ਕਰਜ਼ ਮਾਫ਼ੀ ਦਾ ਵਿੱਤੀ ਬੋਝ ਵੀ ਬਿਮਾਰ ਬੈਂਕਾਂ ਅਤੇ ਸਰਕਾਰ 'ਤੇ ਹੀ ਪਵੇਗਾ।

ਨੇਕ ਦਿਲ ਵਿੱਤ ਮੰਤਰੀ ਅਤੇ ਭਾਰਤ ਸਰਕਾਰ ਨੇ ਤਾਲਾਬੰਦੀ ਦੇ ਲਗਭਗ 50 ਦਿਨਾਂ ਬਾਅਦ 8 ਕਰੋੜ ਪ੍ਰਵਾਸੀਆਂ ਜੋ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਨਹੀਂ ਆਉਂਦੇ (ਭਾਵ ਜਿਨ੍ਹਾਂ ਕੋਲ ਰਾਸ਼ਨ ਕਾਰਡ ਨਹੀਂ ਹਨ) ਲਈ ਪ੍ਰਤੀ ਵਿਅਕਤੀ ਮੁਫਤ 5 ਕਿਲੋ ਅਨਾਜ (ਕਣਕ ਜਾਂ ਚੌਲ) ਅਤੇ 1 ਕਿਲੋ ਚਨੇ ਦੇਣ ਦੀ ਘੋਸ਼ਣਾ ਕੀਤੀ ਜਿਸਦੀ ਲਾਗਤ 3500 ਕਰੋੜ ਦੱਸੀ ਗਈ ਹੈ। ਇਸ ਤੱਥ ਦਾ ਡੂੰਘਾ ਵਿਸ਼ਲੇਸ਼ਣ ਦੱਸਦਾ ਹੈ ਕਿ ਪ੍ਰਤੀ ਪ੍ਰਵਾਸੀ 438 ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਮਈ ਤੇ ਜੂਨ ਦੇ ਲਈ ਇਹ ਰਾਸ਼ੀ 219 ਰੁਪਏ ਪ੍ਰਤੀ ਮਹੀਨਾ ਬਣਦੀ ਹੈ। ਜੇਕਰ ਚਨੇ ਦਾ ਬਾਜ਼ਾਰ ਦਾ ਮੁੱਲ 69 ਰੁਪਏ ਕਿਲੋ ਲਾਇਆ ਜਾਵੇ ਤਾਂ 5 ਕਿਲੋ ਕਣਕ ਜਾਂ ਚੌਲ 30 ਰੁਪਏ ਕਿਲੋ ਬਣਦੇ ਹਨ। ਮਹੀਨੇ ਦੇ 5 ਕਿਲੋ ਕਣਕ ਜਾਂ ਚੌਲ ਅਤੇ 1 ਕਿਲੋ ਚਨੇ ਦਾ ਮਤਲਬ ਹੈ ਪ੍ਰਤੀ ਦਿਨ ਕਣਕ ਜਾਂ ਚੌਲ ਦੀ 167 ਗ੍ਰਾਮ ਅਤੇ ਚਨੇ ਦੀ 33 ਗ੍ਰਾਮ ਖਪਤ ਕਿਉਂਕਿ ਘੱਟੋ-ਘੱਟ ਅਸੀਂ ਇਕ ਦਿਨ ਵਿਚ 2 ਵਾਰ ਰੋਟੀ ਖਾਂਦੇ ਹਾਂ ਇਸਦਾ ਮਤਲਬ ਹੈ ਹਰ ਵੇਲੇ ਕਣਕ ਜਾਂ ਚੌਲ ਦੀ 83 ਗ੍ਰਾਮ ਅਤੇ ਚਨੇ ਦੀ 17 ਗ੍ਰਾਮ ਅਤੇ ਕੁੱਲ ਮਿਲਾ ਕੇ 100 ਗ੍ਰਾਮ ਖਪਤ। ਇਹ ਖਪਤ ਮਿਡ ਡੇ ਮੀਲ ਸਕੀਮ ਤਹਿਤ ਕਲਾਸ 1 ਤੋਂ 5 ਤਕ ਮਿਲਣ ਵਾਲੇ ਵਿਦਿਆਰਥੀਆਂ ਦੇ 175 ਗ੍ਰਾਮ ਖਾਣੇ ਤੋਂ ਵੀ ਘੱਟ ਹੈ। ਇਕ ਹੋਰ ਹਿਸਾਬ ਨਾਲ 219 ਰੁਪਏ ਦੀ ਇਹ ਰਾਸ਼ੀ ਬਣਦੀ ਹੈ 7.30 ਰੁਪਏ ਪ੍ਰਤੀ ਦਿਨ ਜੋ 27 ਰੁਪਏ ਦੇ ਪੇਂਡੂ ਖੇਤਰ ਲਈ ਕਰਾਰ ਕੀਤੇ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਮਾਪਦੰਡਾਂ ਤੋਂ ਵੀ ਬਹੁਤ ਘੱਟ ਹੈ।

ਅਜਿਹਾ ਹੀ ਬੇਰਹਿਮ ਮਜ਼ਾਕ ਸਰਕਾਰ ਨੇ ਮਨਰੇਗਾ ਹੇਠ ਵੀ ਗਰੀਬ ਲੋਕਾਂ ਨਾਲ ਕੀਤਾ ਹੈ। ਭਾਵੇਂ ਸਰਕਾਰ ਨੇ ਮਨਰੇਗਾ ਤਹਿਤ 40000 ਕਰੋੜ ਰੁਪਏ ਹੋਰ (61500 ਕਰੋੜ ਬਜਟ ਦੇ) ਅਲਾਟ ਕੀਤੇ ਹਨ, ਪਰ ਬੇਰੁਜ਼ਗਾਰ ਹੋਏ ਮਜ਼ਦੂਰਾਂ ਦੇ ਵਾਪਸ ਆਪਣੇ ਪਿੰਡਾਂ ਵੱਲ ਮੁੜਨ ਦੇ ਰੁਝਾਨ ਨੂੰ ਮੱਦੇਨਜ਼ਰ ਰੱਖਦੇ ਹੋਏ ਕੁੱਲ 101500 ਕਰੋੜ ਰੁਪਏ ਦੀ ਇਹ ਰਕਮ ਬਹੁਤ ਹੀ ਨਾਕਾਫੀ ਹੈ। ਪਹਿਲਾਂ ਹੀ ਅਨੁਮਾਨਾਂ ਅਨੁਸਾਰ ਮਨਰੇਗਾ ਅਧੀਨ 14 ਕਰੋੜ ਜੌਬਕਾਰਡ ਧਾਰਕਾਂ ਨੂੰ 100 ਦਿਨਾਂ ਦਾ ਰੁਜ਼ਗਾਰ ਦੇਣ ਲਈ 3 ਲੱਖ ਕਰੋੜ ਰੁਪਏ ਦੀ ਜ਼ਰੂਰਤ ਹੈ ਅਤੇ ਹੁਣ ਤਾਂ ਕਾਮਿਆਂ ਦੀ ਗਿਣਤੀ ਵੱਡੀ ਮਾਤਰਾ ਵਿਚ ਵਧਣ ਦਾ ਵੀ ਖ਼ਦਸ਼ਾ ਹੈ। ਇਸ ਤੋਂ ਇਲਾਵਾ ਸਰਕਾਰ ਨੇ ਕੋਵਿਡ ਕਾਰਨ ਸ਼ਹਿਰਾਂ ਵਿਚ ਰਹਿ ਰਹੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਵੀ ਕੋਈ ਪ੍ਰਬੰਧ ਨਹੀਂ ਕੀਤਾ ਹੈ। ਇਹੋ ਜਿਹੇ ਤਰਕਹੀਣ ਉਪਾਅ ਖੇਤੀਬਾੜੀ ਅਤੇ ਇਸ ਨਾਲ ਹੋਰ ਖੇਤਰਾਂ ਲਈ ਵੀ ਚੁੱਕੇ ਗਏ ਹਨ।

ਸਰਕਾਰ ਨੇ ਕੋਵਿਡ ਕਾਰਨ ਸ਼ਹਿਰਾਂ ਵਿਚ ਰਹਿ ਰਹੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਵੀ ਕੋਈ ਪ੍ਰਬੰਧ ਨਹੀਂ ਕੀਤਾ ਹੈ। ਇਹੋ ਜਿਹੇ ਤਰਕਹੀਣ ਉਪਾਅ ਖੇਤੀਬਾੜੀ ਅਤੇ ਇਸ ਨਾਲ ਹੋਰ ਖੇਤਰਾਂ ਲਈ ਵੀ ਚੁੱਕੇ ਗਏ ਹਨ। ਜਿਥੇ ਵਿਸ਼ਵ-ਵਿਆਪੀ ਸਰਕਾਰਾਂ ਇਸ ਮੁਸੀਬਤ ਦੀ ਘੜੀ ਵਿਚ ਲੋਕਾਂ ਦੀ ਭਲਾਈ ਲਈ ਸਰਗਰਮੀ ਨਾਲ ਸਿਹਤ ਖੇਤਰ ਨੂੰ ਮਜ਼ਬੂਤ ਕਰਨ ਵੱਲ ਜੁਟੀਆਂ ਹੋਈਆਂ ਹਨ, ਉਥੇ ਹੀ ਮੋਦੀ ਸਰਕਾਰ ਇਸ ਅਵਸਰ ਨੂੰ ਦੇਸ਼ ਨੂੰ ਨਿੱਜੀਕਰਨ ਵੱਲ ਧੱਕਣ ਅਤੇ ਕਰਜ਼ਿਆਂ 'ਤੇ ਚੱਲਣ ਵਾਲੀ ਆਰਥਿਕਤਾ ਬਣਾਉਣ ਲਈ ਉਤਾਰੂ ਹੈ।

ਸਮੁੱਚੇ ਪੈਕੇਜ ਦਾ ਵਿਸ਼ਲੇਸ਼ਣ ਕਰਕੇ ਇਹ ਜਾਣਨਾ ਔਖਾ ਨਹੀਂ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਜਨਤਕ ਖੇਤਰ ਨੂੰ ਨਿੱਜੀ ਹੱਥਾਂ ਵਿਚ ਵੇਚ ਕੇ ਆਪ ਮੂਕ ਦਰਸ਼ਕ ਬਣਕੇ ਤਮਾਸ਼ਾ ਦੇਖਣ ਵੱਲ ਸੇਧਿਤ ਹਨ ■

MAGZTER

ਬਲਰਾਜ ਸਿੰਘ ਸਿੱਧੂ, ਐੱਸ.ਪੀ.
95011-00062

ਸਮੇਂ ਅਤੇ ਪੈਸੇ ਦੀ ਬਰਬਾਦੀ . . .

ਪੰਜਾਬ ਦਾ ਕਿਸਾਨ ਪਹਿਲਾਂ ਹੀ ਸਖ਼ਤ ਆਰਥਿਕ ਮੰਦਹਾਲੀ ਵਿਚੋਂ ਗੁਜ਼ਰ ਰਿਹਾ ਹੈ। ਖੇਤੀ ਦੇ ਖਰਚੇ ਵਧਦੇ ਜਾ ਰਹੇ ਹਨ ਤੇ ਆਮਦਨ ਘਟਦੀ ਜਾ ਰਹੀ ਹੈ। ਬਾਕੀ ਕਸਰ ਬੇਮੌਸਮੀ ਬਾਰਸ਼ਾਂ ਪੂਰੀ ਕਰ ਦਿੰਦੀਆਂ ਹਨ। ਇਸ ਸਾਲ ਤਾਂ ਕੋਰੋਨਾ ਦੇ ਕਹਿਰ ਕਾਰਨ ਝੋਨਾ ਲਗਾਉਣ ਵਾਲੀ ਪਰਵਾਸੀ ਲੇਬਰ ਵੀ ਨਹੀਂ ਆਈ। ਪਰ ਅਜਿਹੇ ਹਾਲਾਤ ਵਿਚ ਵੀ ਲੱਖੀ ਚੜ੍ਹੀ ਤੋਂ ਬੇਵਿਕਰ ਪੇਂਡੂ ਨੌਜਵਾਨ ਪੀੜ੍ਹੀ ਖੇਤਾਂ ਵਿਚ ਕੰਮ ਕਰਨ ਦੀ ਬਜਾਏ ਕਬੂਤਰਬਾਜ਼ੀ, ਕੁੱਤਿਆਂ ਦੀ ਲੜਾਈ ਅਤੇ ਟਰੈਕਟਰ ਟੋਚਨ ਮੁਕਾਬਲਿਆਂ ਵਿਚ ਰੁੱਝੀ ਹੋਈ ਹੈ। ਕਿਸੇ ਕਿਸਾਨ ਦੇ ਲੜਕੇ ਨੂੰ ਸ਼ਾਇਦ ਹੀ ਮੱਝ-ਗਾਂ ਜਾਂ ਕਣਕ-ਝੋਨੇ ਦੀਆਂ ਕਿਸਮਾਂ ਬਾਰੇ ਪਤਾ ਹੋਵੇ ਪਰ ਕਬੂਤਰਾਂ ਤੇ ਕੁੱਤਿਆਂ ਦੀਆਂ ਕਿਸਮਾਂ ਫਰਨ ਫਰਨ ਗਿਣਾ ਦੇਣਗੇ।

ਕੋਈ ਜ਼ਮਾਨਾ ਸੀ ਜਦੋਂ ਕਬੂਤਰਬਾਜ਼ ਦੀ ਨਲਾਇਕ ਸਮਝ ਕੇ ਸ਼ਾਦੀ ਨਹੀਂ ਸੀ ਹੁੰਦੀ। ਕਬੂਤਰਬਾਜ਼ ਪਰਿਵਾਰ ਦੀ ਖੇਤੀਬਾੜੀ ਵਿਚ ਮਦਦ ਕਰਨ ਦੀ ਬਜਾਏ ਸਾਰਾ ਦਿਨ ਕਬੂਤਰਾਂ ਦੀਆਂ ਬਾਜ਼ੀਆਂ ਪਵਾਉਣ ਵਿਚ ਰੁੱਝੇ ਰਹਿੰਦੇ ਹਨ। ਧੁੱਪ-ਛਾਂ ਦੀ ਪ੍ਰਵਾਹ ਕੀਤੇ ਬਗੈਰ ਸਿਖਰ ਦੁਪਹਿਰੇ ਕਬੂਤਰਾਂ ਪਿਛੇ ਹਾਅ ਹਾਅ ਕਰਦੇ ਗਲ੍ਹੀਆਂ ਕੱਛਦੇ ਫਿਰਦੇ ਹਨ। ਜੇ ਪਿਉ ਪੱਠੇ ਵੱਢਣ ਨੂੰ ਕਹੇ ਤਾਂ ਗਰਮੀ ਲੱਗਦੀ ਹੈ ਪਰ ਕਬੂਤਰਬਾਜ਼ੀ ਵੇਲੇ ਸਭ ਕੁਝ ਭੁੱਲ ਜਾਂਦਾ ਹੈ। ਸ਼ਾਮ ਤਕ ਅੱਖਾਂ ਦੇ ਡੇਲੇ ਲਾਲ ਹੋ ਕੇ ਬਾਹਰ ਆਉਣ ਵਾਲੇ ਹੋ ਜਾਂਦੇ ਹਨ। ਦੁਧਾਰੂ ਜਾਨਵਰਾਂ ਦੀਆਂ ਐਨੀਆਂ ਨਵੀਆਂ ਨਸਲਾਂ ਤਾਂ ਖੇਤੀਬਾੜੀ ਯੂਨੀਵਰਸਿਟੀਆਂ ਵਾਲੇ ਨਹੀਂ ਕੱਢ ਸਕੇ। ਜਿੰਨੀਆਂ ਕਬੂਤਰਬਾਜ਼ਾਂ ਨੇ ਕਬੂਤਰਾਂ ਦੀਆਂ ਕੱਢ ਮਾਰੀਆਂ ਹਨ। ਕਿਸਮਾਂ ਦੇ ਨਾਮ ਵੀ ਬੜੇ ਨਵਾਬਾਂ ਵਰਗੇ ਰੱਖੇ ਹੋਏ ਹਨ, ਜਿਵੇਂ ਟੈਡੀ, ਗੋਲਡਨ, ਕਮੱਗਰ, ਡੱਬ ਵਾਲੇ, ਜੈਲਦਾਰ, ਮੋਤੀਆਂ ਵਾਲੇ ਜੌਂਸਰੇ, ਦਬਾਸ, ਫੁੱਲਸਰੇ, ਬਟੇਰੇ, ਪੋਤੀ ਵਾਲੇ, ਰਾਮਪੁਰੀ ਅਤੇ ਕਾਲਸਰੇ ਆਦਿ। ਟੈਡੀ ਪਾਕਿਸਤਾਨ ਦੀ ਨਸਲ ਹੈ ਜੋ ਬਹੁਤ ਮਹਿੰਗੀ ਵਿਕਦੀ ਹੈ। ਨਸਲ ਮੁਤਾਬਿਕ ਕਬੂਤਰ ਦਾ ਰੇਟ ਕੁਝ ਸੌ ਰੁਪਏ ਤੋਂ ਲੈ ਕੇ ਹਜ਼ਾਰਾਂ ਤਕ ਪਹੁੰਚ ਸਕਦਾ ਹੈ। ਬਾਜ਼ੀ (ਮੁਕਾਬਲਾ) ਸਵੇਰੇ ਛੇ ਤੋਂ ਲੈ ਕੇ, ਜਦ ਤਕ ਇਕ ਪਾਰਟੀ ਦੇ ਕਬੂਤਰ ਥੱਕ ਕੇ ਬੈਠ ਨਾ ਜਾਣ, ਚੱਲਦੀ ਹੈ ਤੇ ਇਸ 'ਤੇ ਲੱਖਾਂ ਰੁਪਏ ਦੀਆਂ ਸ਼ਰਤਾਂ ਲੱਗਦੀਆਂ ਹਨ। ਸ਼ਰਤ ਦੀ ਰਕਮ ਮੁਕਾਬਲੇ ਤੋਂ ਪਹਿਲਾਂ ਰੈਫਰੀਆਂ ਕੋਲ ਜਮ੍ਹਾਂ ਕਰਵਾਉਣੀ ਪੈਂਦੀ ਹੈ। ਬੇਈਮਾਨੀ ਕਰਨ 'ਤੇ ਲੜਾਈਆਂ ਤੇ ਕਤਲ ਤਕ ਹੋ ਜਾਂਦੇ ਹਨ। ਆਪ ਭਾਵੇਂ ਭੁੱਖੇ ਰਹਿ ਜਾਣ, ਪਰ ਕਬੂਤਰਾਂ ਨੂੰ ਬਾਦਾਮ, ਛੋਲੇ, ਬਾਜਰਾ, ਕਣਕ, ਚੋਲਾਂ ਦੀਆਂ ਕਣੀਆਂ, ਸਰ੍ਹੋਂ, ਤੋਰੀਆਂ, ਜਵਾਰ ਅਤੇ ਹਰੀ ਮੂੰਗੀ ਆਦਿ ਦੀ ਸ਼ਾਹੀ ਖੁਰਾਕ ਖਵਾਈ ਜਾਂਦੀ ਹੈ। ਕਬੂਤਰਾਂ ਵਾਸਤੇ ਮਕਾਨ ਦੀ ਛੱਤ 'ਤੇ ਸਪੈਸ਼ਲ ਕਮਰੇ ਉਸਾਰੇ ਜਾਂਦੇ ਹਨ। ਬਾਜ਼ੀਆਂ ਜ਼ਿਆਦਾਤਰ ਅਪ੍ਰੈਲ ਤੋਂ ਲੈ ਕੇ ਅਗਸਤ ਤਕ ਚੱਲਦੀਆਂ ਹਨ। ਮੁਕਾਬਲਾ ਜਿੱਤਣ ਦੀ ਲਾਲਸਾ ਹੇਠ ਕਈ ਬੇਈਮਾਨ ਵਿਅਕਤੀ ਬਾਜ਼ੀ ਤੋਂ ਪਹਿਲਾਂ ਕਬੂਤਰਾਂ ਨੂੰ ਭੁੱਕੀ ਦਾ ਪਾਣੀ ਤੇ ਏਵਿਲ ਦੀਆਂ ਗੋਲੀਆਂ ਵਰਗੇ ਸਿੰਥੈਟਿਕ ਨਸ਼ੇ ਖਵਾਉਂਦੇ ਹਨ।

ਜੇ ਸ਼ਾਮ ਨੂੰ ਕਿਸੇ ਪਿੰਡ ਦੁਆਲੇ ਗੇੜਾ ਮਾਰਿਆ ਜਾਵੇ ਤਾਂ 10-15 ਹੋਣਹਾਰ ਵਿਹਲੜ ਨੌਜਵਾਨ ਆਪਣੇ ਪਿਟਬੁੱਲ, ਪਾਕਿਸਤਾਨੀ ਬੁਲੀ, ਅਮਰੀਕਨ ਬੁਲੀ ਅਤੇ ਰੋਟਵੈਲਰ ਵਰਗੇ ਲੜਾਕੇ ਕੁੱਤਿਆਂ ਨੂੰ ਸੈਰ ਕਰਵਾਉਂਦੇ ਜ਼ਰੂਰ ਹੀ ਮਿਲ ਜਾਣਗੇ। ਕੁੱਤਿਆਂ ਦੇ ਰੇਟ ਵੀ ਹੈਰਾਨ ਕਰਨ ਵਾਲੇ ਹਨ। ਮਾੜੇ ਤੋਂ ਮਾੜੇ ਕੁੱਤੇ ਦਾ ਬੱਚਾ ਵੀ ਦਸ ਹਜ਼ਾਰ ਤੋਂ ਘੱਟ ਦਾ ਨਹੀਂ ਹੁੰਦਾ। ਮੱਝ-ਗਾਂ ਨੂੰ ਪਾਲਣਾ ਹੋਵੇ ਤਾਂ ਪੱਠੇ ਪਾਉਣੇ ਪੈਂਦੇ ਹਨ, ਪਾਣੀ ਪਿਆਉਣਾ, ਦੁੱਧ ਚੋਣਾ ਤੇ ਗੋਹਾ ਸੁੱਟਣਾ ਪੈਂਦਾ ਹੈ, ਪਰ ਕੁੱਤੇ ਨਾਲ ਐਨੀ ਮਿਹਨਤ ਕਰਨ ਦੀ ਜ਼ਰੂਰਤ ਨਹੀਂ। ਇਸ ਕਾਰਨ ਅੱਜਕਲ੍ਹ ਕਿਸਾਨਾਂ ਦੇ ਬਹੁਤੇ ਲਾਡਲੇ ਦੁਧਾਰੂ ਪਸ਼ੂ ਰੱਖਣ ਦੀ ਬਜਾਏ ਕੁੱਤਾ ਪਾਲਣਾ ਜ਼ਿਆਦਾ ਪਸੰਦ ਕਰਦੇ ਹਨ। ਪੰਜਾਬ ਸਰਕਾਰ ਨੇ ਚਾਹੇ ਕੁੱਤਿਆਂ ਦੀ ਲੜਾਈ 'ਤੇ ਬੈਨ ਲਗਾਇਆ ਹੋਇਆ ਹੈ, ਪਰ ਇਹ ਲੜਾਈਆਂ ਧੜੱਲੇ ਨਾਲ ਕਰਵਾਈਆਂ ਜਾ ਰਹੀਆਂ ਹਨ। ਜਿਸ ਵੀ ਕੁੱਤੇ ਦੇ ਕੰਨ ਕੱਟੇ ਹੋਣ, ਸਮਝੋ ਲੜਾਈ ਲਈ ਵਰਤਿਆ ਜਾ ਰਿਹਾ ਹੈ। ਕੁੱਤਿਆਂ ਤੋਂ ਲੜਾਈ ਕਰਵਾਉਣੀ ਬਹੁਤ ਹੀ ਅਣਮਨੁੱਖੀ ਤੇ ਘਿਣਾਉਣਾ ਕਾਰਾ ਹੈ। ਕੁੱਤੇ ਲਹੂ ਲੁਹਾਨ ਹੋ ਜਾਂਦੇ ਹਨ ਤੇ ਕਈ ਵਾਰ ਮਰ ਵੀ ਜਾਂਦੇ ਹਨ। ਇਸ ਲੜਾਈ 'ਤੇ ਵੀ ਸ਼ਰਤਾਂ ਲੱਗਦੀਆਂ ਹਨ।

ਟਰੈਕਟਰ ਟੋਚਨ ਮੁਕਾਬਲੇ ਇਕ ਹੋਰ ਬੁਰਾਈ ਜੋ ਪੇਂਡੂ ਪੰਜਾਬ ਨੂੰ ਬੁਰੀ ਤਰ੍ਹਾਂ ਨਾਲ ਆਪਣੀ ਗਿਰਫਤ ਵਿਚ ਲੈ ਚੁੱਕੀ ਹੈ। ਬੈਂਕਾਂ ਤੋਂ ਕਰਜ਼ੇ 'ਤੇ ਲਏ ਦਸ-ਦਸ ਲੱਖ ਦੇ ਟਰੈਕਟਰ ਖੇਤੀਬਾੜੀ ਲਈ ਵਰਤਣ ਦੀ ਬਜਾਏ ਇਸ ਫਜ਼ੂਲ ਦੇ ਕੰਮ ਨਾਲ ਤੋੜੇ ਜਾ ਰਹੇ ਹਨ। ਟਰੈਕਟਰ ਦੀ ਤਾਕਤ ਵਧਾਉਣ ਲਈ ਘਾਗ ਮਿਸਤਰੀਆਂ ਦੀ ਸੇਵਾ ਲਈ ਜਾਂਦੀ ਹੈ। ਇੰਜਣ ਦਾ ਤੇਲ ਵਧਾਇਆ ਜਾਂਦਾ ਹੈ, ਟਾਇਰਾਂ ਵਿਚ ਪਾਣੀ ਅਤੇ ਰਿੰਮਾਂ ਨਾਲ ਵਾਧੂ ਭਾਰ ਬੰਨ੍ਹਿਆ ਜਾਂਦਾ ਹੈ ਤਾਂ ਕਿ ਟਰੈਕਟਰ ਦੀ ਪਕੜ ਬਣੀ ਰਹੇ ਕਿਉਂਕਿ ਮੁਕਾਬਲੇ ਵਾਲੇ ਦੋਵੇਂ ਟਰੈਕਟਰ ਤਕਰੀਬਨ ਬਰਾਬਰ ਤਾਕਤ ਦੇ ਹੁੰਦੇ ਹਨ, ਇਸ ਲਈ ਉਨ੍ਹਾਂ ਦਾ ਬੇਥਵ੍ਹਾ ਜ਼ੋਰ ਲੱਗਣ ਕਾਰਨ ਧੂੰਆਂ ਨਿਕਲ ਜਾਂਦਾ ਹੈ। ਕਈ ਵਾਰ ਗਰਮ ਹੋ ਕੇ ਇੰਜਣ ਖਰਾਬ ਹੋ ਜਾਂਦਾ ਹੈ। ਕਈ ਵਾਰ ਟਰੈਕਟਰ ਉਲਟ ਜਾਂਦਾ ਹੈ ਤੇ ਕਈ ਵਾਰ ਤਾਂ ਦੋ ਟੋਟੇ ਹੀ ਹੋ ਜਾਂਦਾ ਹੈ। ਲੱਖਾਂ ਦਾ ਨੁਕਸਾਨ ਕਰਵਾ ਕੇ 51000 ਰੁਪਏ ਇਨਾਮ ਤੇ ਸਸਤੀ ਜਿਹੀ ਸ਼ੀਲਡ ਲੈ ਕੇ ਫੁੱਲੇ ਨਹੀਂ ਸਮਾਉਂਦੇ ਜਿਵੇਂ ਕਾਰਗਿਲ ਦੀ ਜੰਗ ਜਿੱਤ ਲਈ ਹੋਵੇ। ਪਿਉ ਵਿਚਾਰੇ ਢਿੱਡ ਨੂੰ ਗੰਢਾਂ ਦੇ ਕੇ ਬੈਂਕ ਦੀਆਂ ਕਿਸ਼ਤਾਂ ਲਾਹੁੰਦੇ ਮਰ ਜਾਂਦੇ ਹਨ।

ਜੇ ਆਪ ਅਕਲ ਨਹੀਂ ਤਾਂ ਸੇਠਾਂ ਵੱਲ ਹੀ ਵੇਖ ਲੈਣਾ ਚਾਹੀਦਾ ਹੈ, ਕਦੇ ਕਿਸੇ ਸ਼ਹਿਰੀਏ ਨੇ ਕਾਰਾਂ ਦਾ ਟੋਚਨ ਮੁਕਾਬਲਾ ਕੀਤਾ ਹੈ? ਪਤਾ ਨਹੀਂ ਕੁਦਰਤ ਨੇ ਅਜਿਹੇ ਸਾਰੇ ਅਵੱਲੇ ਸ਼ੌਕ ਪੰਜਾਬੀਆਂ ਨੂੰ ਹੀ ਕਿਉਂ ਚੰਬੋੜੇ ਹਨ? ਪਾਕਿਸਤਾਨ ਪੰਜਾਬ ਦਾ ਵੀ ਇਹੋ ਹਾਲ ਹੈ। ਬਾਕੀ ਸਾਰੇ ਭਾਰਤ ਜਾਂ ਵਿਦੇਸ਼ਾਂ ਵਿਚ ਕਦੇ ਕਿਸੇ ਨੇ ਅਜਿਹੇ ਨਿਕੰਮਿਆਂ ਵਾਲੇ ਕੰਮ ਨਹੀਂ ਕੀਤੇ। ਖੇਤੀਬਾੜੀ ਦਾ ਕੰਮ ਬੁੱਢੇ ਬਾਪ ਦੇ ਸਿਰ ਛੱਡ ਕੇ ਆਪ ਅਜਿਹੇ ਕਾਰਿਆਂ ਵਿਚ ਪੈਸਾ ਤੇ ਸਮਾਂ ਬਰਬਾਦ ਕਰਨਾ ਨੌਜਵਾਨਾਂ ਨੂੰ ਸੋਭਦਾ ਨਹੀਂ। ਅਜੇ ਵੀ ਸਮਾਂ ਹੈ ਸੰਭਲ ਜਾਉ, ਨਹੀਂ ਤਾਂ ਇਨ੍ਹਾਂ ਵਿਨਾਸ਼ਕਾਰੀ ਹਰਕਤਾਂ ਨੇ ਪਹਿਲਾਂ ਹੀ ਬਰਬਾਦੀ ਦੀ ਕਗਾਰ 'ਤੇ ਪਹੁੰਚੇ ਹੋਏ ਪੰਜਾਬ ਨੂੰ ਬਿਲਕੁਲ ਹੀ ਖਤਮ ਕਰ ਦੇਣਾ ਹੈ ■

ਕੋਰੋਨਾ ਦੌਰਾਨ ਜ਼ਿੰਦਗੀ ਨੂੰ ਨਵੀਆਂ ਰਾਹਾਂ ਦੇਣ ਵਾਲਿਆਂ ਦੀ ਕਹਾਣੀ

ਮੰਦੀ ਦੌਰਾਨ ਵੀ ਕਮਾਏ ਕਰੋੜਾਂ

ਕੋਰੋਨਾ ਕਾਲ ਵਿਚ ਜਦੋਂ ਨੌਕਰੀਆਂ ਜਾ ਰਹੀਆਂ ਹਨ, ਅਜਿਹੇ ਵਿਚ ਉੱਤਰਾਖੰਡ ਦੇ ਹਰਸ਼ਪਾਲ ਸਿੰਘ ਚੌਧਰੀ ਦੀ ਕਹਾਣੀ ਕਿਸੇ ਆਦਰਸ਼ ਤੋਂ ਘੱਟ ਨਹੀਂ ਹੈ। ਸਾਲ 2007 ਦੀ ਸੰਸਾਰਕ ਮੰਦੀ ਵਿਚ ਉਨ੍ਹਾਂ ਦੀ ਨੌਕਰੀ ਛੁਟ ਗਈ ਸੀ। ਹੁਣ ਉਨ੍ਹਾਂ ਨੂੰ 6700 ਰੁਪਏ ਤਨਖਾਹ ਮਿਲਦੀ ਸੀ ਪਰ ਹਰਸ਼ਪਾਲ ਨਿਰਾਸ਼ ਨਹੀਂ ਹੋਏ। ਉਨ੍ਹਾਂ ਨੇ ਪਤਨੀ ਦੇ ਗਹਿਣੇ ਵੇਚਕੇ 2 ਲੱਖ ਰੁਪਏ ਜੋੜੇ ਅਤੇ ਹਰਬਲ ਉਤਪਾਦ ਬਣਾਉਣ ਦੀ ਇਕ ਛੋਟੀ ਫੈਕਟਰੀ ਸ਼ੁਰੂ ਕੀਤੀ। ਅੱਜ ਇਨ੍ਹਾਂ ਦੀ ਕੰਪਨੀ ਦੀ ਔਸਤ ਆਮਦਨ 100 ਕਰੋੜ ਰੁਪਏ ਤਕ ਪਹੁੰਚ ਗਈ ਹੈ। ਇਨ੍ਹਾਂ ਨੇ ਆਪਣੇ ਪੂਰੇ ਪਿੰਡ ਨੂੰ ਰੁਜ਼ਗਾਰ ਦਿਤਾ ਹੈ।

ਹਰਸ਼ਪਾਲ ਉੱਤਰਾਖੰਡ ਦੇ ਛੋਟੇ ਕਿਸਾਨ ਪਰਿਵਾਰ ਤੋਂ ਹਨ। ਮਾਇਕ੍ਰੋਬਾਇਓਲੋਜੀ ਅਤੇ ਫੂਡ ਸੈਂਪਲਿੰਗ ਦੀ ਪੜ੍ਹਾਈ ਕਰਨ ਤੋਂ ਬਾਅਦ 1994 ਵਿਚ ਉਨ੍ਹਾਂ ਨੇ ਹੈਲਥ ਕੇਅਰ ਅਤੇ ਫੂਡ ਸੈਂਪਲਿੰਗ ਸੈਕਟਰ ਵਿਚ ਨੌਕਰੀ ਸ਼ੁਰੂ ਕੀਤੀ ਸੀ। ਸੋਨੀਪਤ ਵਿਚ ਉਨ੍ਹਾਂ ਦੀ ਨੌਕਰੀ ਠੀਕ ਚਲ ਰਹੀ ਸੀ ਕਿ 2006 ਵਿਚ ਮੰਦੀ ਆ ਗਈ। ਉਨ੍ਹਾਂ ਦੇ ਅਨੁਸਾਰ ਉਦੋਂ ਉਨ੍ਹਾਂ ਕੋਲ ਪੈਸੇ ਨਹੀਂ ਸੀ ਪਰ ਉਹ ਸਟਾਰਟਅੱਪ ਸ਼ੁਰੂ ਕਰਨਾ ਚਾਹੁੰਦੇ ਸੀ। ਉਨ੍ਹਾਂ ਨੇ ਆਪਣੀ ਪਤਨੀ ਬੀਨਾ ਦੇ ਗਹਿਣੇ ਵੇਚ ਕੇ ਦੋ ਲੱਖ ਰੁਪਏ ਜੋੜੇ। ਇਨ੍ਹਾਂ ਪੈਸਿਆਂ ਨਾਲ ਗੁਜਰਾਤ ਦੇ ਨਵਸਾਰੀ ਵਿਚ ਇਕ ਛੋਟੀ ਜਿਹੀ ਫੈਕਟਰੀ ਲਗਾਈ। ਬੀਨਾ ਇਸ ਦਾ ਕੰਮ ਦੇਖਣ ਲੱਗੀ ਅਤੇ ਉਨ੍ਹਾਂ ਨੇ ਨੌਕਰੀ ਜਾਰੀ ਰਖੀ। ਪਹਿਲਾ ਆਰਡਰ ਅਮਰੀਕਾ ਤੋਂ ਅਨਾਰ ਦੇ ਜੂਸ ਨਾਲ 2 ਕਿਲੋ ਪਾਊਡਰ ਤਿਆਰ ਕਰਨ ਦਾ ਮਿਲਿਆ। ਇਸ ਦੌਰਾਨ ਉਨ੍ਹਾਂ ਦੀ ਨੌਕਰੀ ਚਲੀ ਗਈ। ਉਹ ਫੈਕਟਰੀ ਦੇ ਕੰਮ ਵਿਚ ਲੱਗ ਗਏ ਅਤੇ ਹਰਬਲ ਉਤਪਾਦਨ ਐਬਸਟ੍ਰੈਕਟ ਸ਼ੁਰੂ ਕੀਤਾ। ਟ੍ਰੇਡਿੰਗ ਦੇ ਲਈ ਅੰਬੇ ਫਾਈਟੋਐਸਟ੍ਰੈਕਟਸ ਕੰਪਨੀ ਸ਼ੁਰੂ ਕੀਤੀ। ਕੰਮ ਵਧਣ ਲੱਗਿਆ ਤਾਂ ਵੱਡੀ ਫੈਕਟਰੀ ਦੀ ਲੋੜ ਮਹਿਸੂਸ ਹੋਣ ਲੱਗੀ। ਜ਼ਮੀਨ ਖਰੀਦਣ ਦੇ ਲਈ ਦੋ ਕਰੋੜ ਰੁਪਏ ਦੀ ਲੋੜ ਸੀ। ਇੰਨਾ ਪੈਸਾ ਨਹੀਂ ਸੀ ਇਸ ਲਈ ਉਨ੍ਹਾਂ ਨੇ ਉੱਤਰਾਖੰਡ ਵਿਚ ਪੌੜੀ ਗੜਵਾਲ ਦੇ ਆਪਣੇ ਪਿੰਡ ਜਾਮਰਿਆ ਵਿਚ ਜੱਦੀ ਜ਼ਮੀਨ 'ਤੇ ਫੈਕਟਰੀ ਲਗਾਉਣ ਦਾ ਫੈਸਲਾ ਕੀਤਾ। ਪਿੰਡ ਵਿਚ ਦੋ ਕਰੋੜ ਦੀਆਂ ਮਸ਼ੀਨਾਂ ਲਗਾਈਆਂ। ਇਸ ਇਲਾਕੇ ਵਿਚ ਇਹ ਪਹਿਲੀ ਫੈਕਟਰੀ ਸੀ। 2012 ਵਿਚ ਫੈਕਟਰੀ ਤਿਆਰ ਹੋ ਗਈ। ਕੱਚੇ ਮਾਲ ਦੇ ਲਈ ਪਿੰਡ ਦੇ ਲੋਕਾਂ ਨੂੰ ਹੀ ਟ੍ਰੇਨਿੰਗ ਦਿਤੀ। ਛੇ ਲੋਕਾਂ ਤੋਂ ਸ਼ੁਰੂ ਫੈਕਟਰੀ ਵਿਚ ਹੁਣ 100 ਲੋਕ ਹਨ। ਜ਼ਿਆਦਾਤਰ ਲੋਕ ਪਿੰਡ ਦੇ ਹੀ ਹਨ।

ਉਧਾਰ ਲੈ ਕੇ ਕੀਤਾ ਸਫ਼ਲ ਬਿਜ਼ਨਸ

2007 ਦੀ ਆਰਥਿਕ ਮੰਦੀ ਵਿਚ ਕਾਨਪੁਰ ਦੀ ਸੋਮਿਆ ਗੁਪਤਾ ਦੇ ਵੀ ਸੁਪਨੇ ਟੁੱਟੇ ਸੀ। ਉਦੋਂ 19 ਸਾਲ ਦੀ ਸੋਮਿਆ ਨੇ 65 ਲੱਖ ਰੁਪਏ ਖਰਚ ਕਰਕੇ ਅਮਰੀਕਾ ਵਿਚ ਪਾਇਲਟ ਦੀ ਟ੍ਰੇਨਿੰਗ ਪੂਰੀ ਕੀਤੀ ਸੀ। ਪਰ ਲੱਖਾਂ ਕੋਸ਼ਿਸ਼ਾਂ ਤੋਂ ਬਾਅਦ ਵੀ ਨੌਕਰੀ ਨਹੀਂ ਮਿਲੀ। ਇਸ ਲਈ ਜਿੰਮ ਰਿਸੈਪਸ਼ਨਿਸਟ ਤੋਂ ਲੈ ਕੇ ਕੱਲ ਸੈਂਟਰ ਤਕ ਵਿਚ ਕੰਮ ਕੀਤਾ। ਫਿਰ ਉਧਾਰ ਲੈ ਕੇ ਕੱਪੜਿਆਂ ਦਾ ਆਪਣਾ ਬਿਜ਼ਨਸ ਸ਼ੁਰੂ ਕੀਤਾ। ਅੱਜ ਉਨ੍ਹਾਂ ਦੀ ਕੰਪਨੀ ਵਿਚ 35 ਕਰਮਚਾਰੀ ਕੰਮ ਕਰਦੇ ਹਨ ਅਤੇ ਉਨ੍ਹਾਂ ਦੇ ਡਿਜ਼ਾਈਨ ਕੀਤੇ ਲਗਭਗ 10 ਹਜ਼ਾਰ ਕੱਪੜੇ ਰੋਜ਼ ਵਿਕਦੇ ਹਨ। ਸੋਮਿਆ ਦੇ ਅਨੁਸਾਰ 2006 ਵਿਚ ਉਸਦਾ ਕਰੀਅਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਹੋ ਗਿਆ। ਟ੍ਰੇਨਿੰਗ ਤੋਂ ਬਾਅਦ ਨੌਕਰੀ ਮਿਲਣਾ ਤੈਅ ਸੀ ਪਰ ਅਚਾਨਕ ਪੂਰੀ ਇੰਡਸਟਰੀ ਅਨਿਸ਼ਚਿਤਤਾ ਦੇ ਘੇਰੇ ਵਿਚ ਆ ਗਈ। ਇਸ ਦਾ ਕਾਰਣ ਸੀ ਅਮਰੀਕਾ ਦਾ ਸਬ-ਪ੍ਰਾਈਮ ਮੋਰਗੇਜ ਡਿਫਾਲਟ, ਜਿਸਦੇ ਕਾਰਣ ਲੇਹਮਨ ਬਰਦਰਜ਼ ਵਰਗੇ ਵੱਡੇ ਬੈਂਕ ਅਤੇ ਅਮਰੀਕਨ ਇੰਸ਼ੋਰੈਂਸ ਗਰੁੱਪ ਦਿਵਾਲੀਆ ਹੋ ਗਈਆਂ ਸਨ। ਉਨ੍ਹਾਂ ਦੇ ਅਨੁਸਾਰ 2008 ਦਾ ਪੂਰਾ ਸਾਲ ਉਨ੍ਹਾਂ ਨੇ ਨੌਕਰੀ ਦੀ ਭਾਲ ਵਿਚ ਬਿਤਾ ਦਿਤਾ। ਆਖਰ ਉਨ੍ਹਾਂ ਨੇ 5000 ਰੁਪਏ ਮਹੀਨੇ ਦੀ ਨੌਕਰੀ ਜਿੰਮ ਵਿਚ ਰਿਸੈਪਸ਼ਨਿਸਟ ਦੇ ਤੌਰ 'ਤੇ ਸ਼ੁਰੂ ਕੀਤੀ। ਕੁਝ ਦਿਨਾਂ ਬਾਅਦ ਹੀ ਇਕ ਕੱਲ ਸੈਂਟਰ ਜੁਆਇਨ ਕਰ ਲਿਆ। ਰਾਤ ਸਮੇਂ ਉਹ ਇਥੇ ਕੰਮ ਕਰਦੀ ਅਤੇ ਦਿਨ ਵਿਚ ਦੂਜੀ ਨੌਕਰੀ ਦੀ ਭਾਲ। ਇਸ ਵਿਚਕਾਰ ਉਨ੍ਹਾਂ ਦੀ ਮੁਲਾਕਾਤ ਰਾਬਰਟੋ ਕਵਾਲੀ ਅਤੇ ਗੱਟਿਅਰ ਵਰਗੇ ਬ੍ਰਾਂਚ ਦੇ ਕੱਪੜਿਆਂ ਦਾ ਆਯਾਤ-ਨਿਰਯਾਤ ਦਾ ਕੰਮ ਕਰਨ ਵਾਲੀ ਇਕ ਔਰਤ ਨਾਲ ਹੋਈ। ਉਨ੍ਹਾਂ ਨੇ ਉਨ੍ਹਾਂ ਤੋਂ 20 ਡ੍ਰੈਸਾਂ ਉਧਾਰ ਲਈਆਂ ਅਤੇ ਘਰ ਵਿਚ ਦੋਸਤਾਂ ਦੇ ਲਈ ਇਨ੍ਹਾਂ ਕੱਪੜਿਆਂ ਦੀ ਸੇਲ ਲਗਾਈ। ਇਕ ਘੰਟੇ ਵਿਚ 100 ਫੀਸਦੀ ਦਾ ਲਾਭ ਕਮਾਇਆ। ਇਹ 2009 ਦੀ ਗੱਲ ਹੈ। ਉਨ੍ਹਾਂ ਨੇ ਕੱਲ ਸੈਂਟਰ ਦੀ ਨੌਕਰੀ ਛੱਡ ਦਿਤੀ ਅਤੇ ਕੱਪੜਿਆਂ ਦੇ ਵਪਾਰ ਵਿਚ ਆ ਗਈ। ਸਨੈਪਡੀਲ, ਫਲਿੱਪਕਾਰਟ ਅਤੇ ਦੂਜੇ ਛੋਟੇ-ਵੱਡੇ ਆੱਨਲਾਈਨ ਪਲੇਟਫਾਰਮ 'ਤੇ ਕੱਪੜੇ ਵੇਚਣ ਦੀ ਜੱਦੋਂ ਜਹਿਦ ਸ਼ੁਰੂ ਕਰ ਦਿਤੀ। ਅੱਜ ਉਨ੍ਹਾਂ ਦੀ ਕੰਪਨੀ 10 ਹਜ਼ਾਰ ਡ੍ਰੈਸਾਂ ਹਰ ਰੋਜ਼ ਵੇਚਦੀ ਹੈ। ਕੰਪਨੀ ਦਾ ਕੰਮ ਅਜੇ ਅਮਰੀਕਾ ਤੋਂ ਚਲ ਰਿਹਾ ਹੈ ਅਤੇ ਕੈਨੇਡਾ ਅਤੇ ਯੂਰਪ ਵਿਚ ਬਿਜ਼ਨਸ ਸ਼ੁਰੂ ਕੀਤਾ ਹੈ ■

MAGZTER

ਜਗਸੀਰ ਜੀਦਾ
094173-33203

ਵਿਅੰਗ

ਲੰਮੀਆਂ ਵਾਟਾਂ ਦੂਰ,
ਪੈਦਲ ਤੁਰ ਗਏ ਐ।
ਧਰਤੀ ਦੇ ਮਜ਼ਦੂਰ,
ਪੈਦਲ ਤੁਰ ਗਏ ਐ।

ਹੱਡੀਆਂ ਦੀ ਮੁੱਠ ਸਹਿਮੀ,
ਜਿੰਦ ਨਿਮਾਣੀ ਐ।
ਉਜੜੇ ਦੇਸ਼ ਗਰਾਂ,
ਅੰਨ ਨਾ ਪਾਣੀ ਐ।
ਸੁਪਨੇ ਚਕਨਾਚੂਰ,
ਪੈਦਲ ਤੁਰ ਗਏ ਐ।

ਕੋਰੋਨਾ ਵਾਇਰਸ ਦਹਿਸ਼ਤ,
ਦਿਲ ਦਹਿਲਾ ਦਿਤੇ।
ਅੱਭੜਵਾਹੇ ਬੂਹੇ,
ਭੇੜ ਕੇ ਲਾ ਦਿਤੇ।
ਜ਼ਿੰਦਗੀ ਹੈ ਬੇ-ਨੂਰ,
ਪੈਦਲ ਤੁਰ ਗਏ ਐ।

ਜ਼ਿੰਦਗੀ ਦਾ ਬੋਝਾ ਖਾਲੀ,
ਗਠੜੀ ਗੱਟੇ ਦੀ।
ਚੱਪਲਾਂ ਪੈਰੀਂ ਟੁੱਟੀਆਂ,
ਠੋਕਰ ਵੱਟੇ ਦੀ।
ਜ਼ਖ਼ਮੀ ਜਿੰਦ ਬਲੂਰ,
ਪੈਦਲ ਤੁਰ ਗਏ ਐ।

ਸਿਰਜਣਹਾਰੇ ਹੱਥ ਤੇ,
ਸੋਚ ਵਿਹੂਣੇ ਲੋਕ।
ਹੱਕਾਂ ਦੇ ਲਈ ਜੁੜਕੇ,
ਬਣਕੇ ਦੂਣੇ ਲੋਕ।
ਤੋੜਨ ਫੇਰ ਗਰੂਰ,
ਪੈਦਲ ਤੁਰ ਗਏ ਐ।

ਭੁੱਖੇ ਢਿੱਡਾਂ 'ਤੇ ਜੜ ਦਿਓ ਤਾਲੇ,
ਹਕੂਮਤਾਂ ਨੇ ਹੱਲ ਲੱਭਿਆ।

ਉੱਚੇ ਭਵਨਾਂ 'ਚ ਪਹੁੰਚ ਗਿਆ ਕੋਰੋਨਾ,
ਲੋਕ-ਲੱਗਾ ਭੁੱਖੇ ਢਿੱਡ ਨੂੰ।

ਮੂੰਹ ਖੋਲ੍ਹਣਾ ਖਜ਼ਾਨੇ ਦਾ ਕੋਰੋਨਾ ਲਈ,
ਠੇਕੇ ਦੀ ਸ਼ਰਾਬ ਵੇਚ ਕੇ।

ਠੇਕੇ ਖੋਲ੍ਹਣ ਦੀ ਦਿਓ ਸਾਨੂੰ ਆਗਿਆ,
ਕੋਰੋਨਾ ਨਾਲ ਯੁੱਧ ਲੜਾਂਗੇ।

ਫ਼ੌਜੀ ਮੰਗੇ ਮਨਜ਼ੂਰੀ ਠੇਕੇ ਖੋਲ੍ਹਣੇ।
ਸ਼ਾਹ ਜੀ ਖ਼ਜ਼ਾਨਾ ਸੱਖਣਾ।

'ਸੈਨੇਟਾਈਜ਼ਰ ਦਾ ਧੁੱਪ ਵਾਲਾ ਟੀਕਾ'
'ਮਰੀਕਾ 'ਚ ਟਰੰਪ' ਖੋਜਦਾ।

ਚਮਗਿੱਦੜਾਂ ਦੇ ਸੂਪ ਨਾਲੋਂ ਸਸਤਾ,
ਗਊ ਮੂਤ ਇੰਡੀਆ ਦਾ।

ਸਾਡੇ ਬੱਚਿਆਂ ਨੂੰ ਲੋੜ ਨਹੀਂ ਕਿਤਾਬਾਂ ਦੀ।
ਘਰਾਂ 'ਚ ਸ਼ਰਾਬ ਪਹੁੰਚ ਗਈ।

ਪੈਦਾ ਕਰਾਂਗੇ ਪੰਜਾਬ 'ਚ ਖਿਡਾਰੀ,
ਠੇਕੇ ਦੀ ਸ਼ਰਾਬ ਵੇਚ ਕੇ ■

ਸੋਟਾ ਆਪਣੀ ਪੀਹੜੀ ਦੇ ਥੱਲੇ ਫੇਰ ਲੈ
"ਜੀਦਿਆ ਨਾ ਮਾਰ ਬੋਲੀਆਂ"।

MAGZTER

ਅਰਵਿੰਦਰ ਸਿੰਘ
94179-85058

ਨਿੰਦਉ ਮੋ ਕਉ ਲੋਗੁ ਨਿੰਦਉ

"ਕੋਰੋਨਾ ਬਨਾਮ ਇਨਸਾਨੀਅਤ"

ਕੋਰੋਨਾ ਦੇ ਦੈਂਤ ਨੇ ਪੂਰੀ ਦੁਨੀਆ ਵਿਚ ਕਰੀਬ ਢਾਈ ਲੱਖ ਲੋਕਾਂ ਦੀ ਬਲੀ ਲੈ ਲਈ ਹੈ ਅਤੇ ਹਾਲੇ ਵੀ ਇਸ ਦਾ ਕਹਿਰ ਲਗਾਤਾਰ ਜਾਰੀ ਹੈ। ਇਸ ਮਹਾਂਮਾਰੀ ਦੌਰਾਨ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੂੰ ਦੇਖ ਕੇ ਲੱਗਿਆ ਕਿ ਹਾਲੇ ਵੀ ਸਾਡੇ ਵਿਚ ਇਨਸਾਨੀਅਤ ਬਾਕੀ ਹੈ, ਉਥੇ ਹੀ ਕੁਝ ਘਟਨਾਵਾਂ ਨੇ ਇਨਸਾਨੀਅਤ ਨੂੰ ਸ਼ਰਮਸਾਰ ਵੀ ਕੀਤਾ ਹੈ।

ਇਨ੍ਹਾਂ ਵਿਚੋਂ ਸਭ ਤੋਂ ਨਿੰਦਣਯੋਗ ਘਟਨਾ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਪਦਮਸ਼੍ਰੀ ਭਾਈ ਨਿਰਮਲ ਸਿੰਘ ਜੀ ਦੇ ਇਸ ਬਿਮਾਰੀ ਕਾਰਨ ਹੋਏ ਅਕਾਲ ਚਲਾਣੇ ਉਪਰੰਤ ਵਾਪਰੀ ਜਦੋਂ ਉਨ੍ਹਾਂ ਦੇ ਮ੍ਰਿਤਕ ਸਰੀਰ ਦਾ ਅੰਤਿਮ ਸਸਕਾਰ ਵੇਰਕਾ ਪਿੰਡ ਦੇ ਵਾਸੀਆਂ ਨੇ ਆਪਣੇ ਪਿੰਡ ਦੇ ਸ਼ਮਸ਼ਾਨ ਘਾਟ ਵਿਚ ਕਰਨ 'ਤੇ ਭਾਰੀ ਵਿਰੋਧ ਕੀਤਾ। ਇਸ ਕਾਰਨ ਡਾਕਟਰਾਂ ਦੀ ਟੀਮ ਨੂੰ ਅੱਧੀ ਰਾਤ ਦੇ ਸਮੇਂ ਕਿਸੇ ਹੋਰ ਜਗ੍ਹਾ ਲਿਜਾ ਕੇ ਭਾਈ ਸਾਹਿਬ ਦੇ ਮ੍ਰਿਤਕ ਸਰੀਰ ਦਾ ਅੰਤਿਮ ਸਸਕਾਰ ਕਰਨਾ ਪਿਆ। ਸਾਰੀ ਉਮਰ ਪੰਥ ਨੂੰ ਸਮਰਪਿਤ ਕਰਨ ਵਾਲੀ ਇਸ ਮਹਾਨ ਸ਼ਖ਼ਸੀਅਤ ਦੀ ਆਤਮਾ ਨੂੰ ਇਸ ਘਟਨਾ ਕਾਰਨ ਕਿੰਨੀ ਤਕਲੀਫ ਹੋਈ ਹੋਵੇਗੀ, ਇਸ ਦਾ ਬਿਆਨ ਸ਼ਬਦਾਂ ਵਿਚ ਕਰਨਾ ਸੰਭਵ ਨਹੀਂ ਹੋ ਸਕਦਾ। ਉਨ੍ਹਾਂ ਤੋਂ ਪਹਿਲਾਂ ਨਵਾਂ ਸ਼ਹਿਰ ਦੇ ਪ੍ਰਵਾਸੀ ਬਜ਼ੁਰਗ ਬਲਦੇਵ ਸਿੰਘ ਜਿਨ੍ਹਾਂ ਦੀ ਇਸ ਬੀਮਾਰੀ ਕਾਰਨ ਪੰਜਾਬ ਵਿਚ ਪਹਿਲੀ ਮੌਤ ਹੋਈ ਸੀ, ਉਨ੍ਹਾਂ ਦੀਆਂ ਸਸਕਾਰ ਉਪਰੰਤ ਅਸਥੀਆਂ ਕਈ ਦਿਨ ਸ਼ਮਸ਼ਾਨ ਘਾਟ ਵਿਚ ਹੀ ਰੁਲਦੀਆਂ ਰਹੀਆਂ। ਉਨ੍ਹਾਂ ਦੀ ਮੌਤ ਉਪਰੰਤ ਕਈ ਲੋਕਾਂ ਵਲੋਂ ਉਹਨਾਂ ਬਾਰੇ ਮਾੜਾ ਬੋਲਿਆ ਗਿਆ ਤੇ ਉਹਨਾਂ ਨੂੰ ਇਹ ਬੀਮਾਰੀ ਪੰਜਾਬ ਵਿਚ ਲਿਆਉਣ ਦਾ ਕਸੂਰਵਾਰ ਮੰਨਿਆ ਗਿਆ।

ਇਸ ਤੋਂ ਇਲਾਵਾ ਦਿੱਲੀ ਦੇ ਤਬਲੀਗੀ ਮਰਕਜ਼ ਵਿਚ ਭਾਗ ਲੈ ਕੇ ਵਾਪਸ ਆਏ ਜਮਾਤੀਆਂ ਅਤੇ ਸ਼੍ਰੀ ਹਜ਼ੂਰ ਸਾਹਿਬ ਤੋਂ ਪਰਤੀ ਸੰਗਤ ਵਿਚੋਂ ਕੁਝ ਸ਼ਰਧਾਲੂਆਂ ਦੀ ਰਿਪੋਰਟ ਪਾਜ਼ੀਟਿਵ ਆਉਣ ਕਾਰਨ ਇਨ੍ਹਾਂ ਦੋਵੇਂ ਭਾਈਚਾਰਿਆਂ ਨੂੰ ਪੂਰੇ ਦੇਸ਼ ਵਿਚ ਕੋਰੋਨਾ ਫੈਲਾਉਣ ਦਾ ਦੋਸ਼ ਲਾ ਕੇ ਨਫ਼ਰਤ ਦਾ ਸ਼ਿਕਾਰ ਬਣਾਇਆ ਗਿਆ ਹਾਲਾਂਕਿ ਬਾਅਦ ਵਿਚ ਇਨ੍ਹਾਂ ਵਿਚੋਂ ਹੀ ਬਹੁਤੇ ਲੋਕਾਂ ਨੇ ਤੰਦਰੁਸਤ ਹੋ ਕੇ ਆਪਣਾ ਪਲਾਜ਼ਮਾ ਦਾਨ ਕਰਕੇ ਕਈ ਹੋਰ ਰੋਗੀਆਂ ਦੀ ਜਾਨ ਬਚਾਈ ਜੋ ਕਿ ਨਿਸ਼ਚਿਤ ਹੀ ਇਕ ਸ਼ਲਾਘਾਯੋਗ ਕਾਰਜ ਹੈ।

ਇਸ ਬੀਮਾਰੀ ਕਾਰਨ ਮੌਤ ਦਾ ਸ਼ਿਕਾਰ ਹੋਏ ਕਈ ਰੋਗੀਆਂ ਦੇ ਪਰਿਵਾਰਾਂ ਨੇ ਉਨ੍ਹਾਂ ਦੀਆਂ ਲਾਸ਼ਾਂ ਲੈਣ ਤੋਂ ਹੀ ਇਨਕਾਰ ਕਰ ਦਿਤਾ ਤਾਂ ਮੈਡੀਕਲ ਟੀਮਾਂ ਅਤੇ ਕਈ ਹੋਰ ਸੰਸਥਾਵਾਂ ਨੇ ਇਨ੍ਹਾਂ ਲਾਸ਼ਾਂ ਦਾ ਅੰਤਿਮ ਸਸਕਾਰ ਕੀਤਾ।

ਇੰਨੇ ਲੰਮੇ ਸਮੇਂ ਦੀ ਤਾਲਾਬੰਦੀ ਕਾਰਨ ਬੇਰੁਜ਼ਗਾਰ ਹੋਏ ਦਿਹਾੜੀਦਾਰ ਮਜ਼ਦੂਰਾਂ ਦੀ ਭੁੱਖੇ ਮਰਨ ਦੀ ਨੌਬਤ ਆ ਗਈ ਜਿਸਦੇ ਕਾਰਨ ਕਈ ਪਰਵਾਸੀ ਮਜ਼ਦੂਰਾਂ ਨੇ ਥੱਕ ਹਾਰ ਕੇ ਪੈਦਲ ਹੀ ਹਜ਼ਾਰਾਂ ਕਿਲੋਮੀਟਰਾਂ ਦਾ ਸਫ਼ਰ ਆਪਣੇ ਨਿੱਕੇ ਨਿੱਕੇ ਬੱਚਿਆਂ ਸਮੇਤ ਆਪਣੇ ਜੱਦੀ ਘਰਾਂ ਵੱਲ ਜਾਣਾ ਸ਼ੁਰੂ ਕਰ ਲਿਆ ਪਰ ਇਨ੍ਹਾਂ ਵਿਚੋਂ ਕਈ ਮਜ਼ਦੂਰ ਭੁੱਖੇ ਪਿਆਸੇ ਹੋਣ ਕਾਰਨ ਆਪਣੀ ਮੰਜ਼ਿਲ ਤਕ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਗਏ। ਬੇਸ਼ੱਕ ਕੇਂਦਰ ਤੇ ਰਾਜ ਸਰਕਾਰਾਂ ਨੇ ਬਾਅਦ ਵਿਚ ਇਨ੍ਹਾਂ ਮਜ਼ਦੂਰਾਂ ਨੂੰ ਘਰਾਂ ਤਕ ਪਹੁੰਚਾਉਣ ਲਈ ਸਪੈਸ਼ਲ ਰੇਲ ਗੱਡੀਆਂ ਚਲਾਈਆਂ ਪਰ ਕਿੰਨਾ ਚੰਗਾ ਹੁੰਦਾ ਜੇਕਰ ਤਾਲਾਬੰਦੀ ਤੋਂ ਪਹਿਲਾਂ ਹੀ ਘਰਾਂ ਤੋਂ ਦੂਰ ਫਸੇ ਇਨ੍ਹਾਂ ਮਜ਼ਦੂਰਾਂ ਤੇ ਹੋਰ ਵਿਅਕਤੀਆਂ ਨੂੰ ਘਰੋ ਘਰੀ ਪਹੁੰਚਾ ਦਿਤਾ ਜਾਂਦਾ ਤਾਂ ਕਈ ਮਨੁੱਖੀ ਜਾਨਾਂ ਨੂੰ ਭੁੱਖ, ਪਿਆਸ ਅਤੇ ਬਿਮਾਰੀ ਕਾਰਨ ਕਾਲ ਵੱਸ ਹੋਣ ਤੋਂ ਬਚਾਇਆ ਜਾ ਸਕਦਾ ਸੀ।

ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ ਅਤੇ ਇਸ ਕਰਕੇ ਸਾਨੂੰ ਮਾਣ ਹੈ ਕਿ ਚਾਹੇ ਪੰਜਾਬ ਨੂੰ ਛੱਡ ਕੇ ਹੋਰ ਸੂਬਿਆਂ ਵਿਚ ਭੁੱਖਮਰੀ ਕਾਰਨ ਕੁਝ ਮੌਤਾਂ ਹੋਈਆਂ ਹੋਣਗੀਆਂ ਪਰ ਪੰਜਾਬ ਵਿਚ ਕਿਤੇ ਵੀ ਇਸ ਤਰ੍ਹਾਂ ਦੀ ਮੌਤ ਦੀ ਕੋਈ ਸੂਚਨਾ ਨਹੀਂ ਹੈ। ਪੰਜਾਬ ਵਿਚਲੀਆਂ ਕਈ ਧਾਰਮਿਕ ਤੇ ਹੋਰ ਸੰਸਥਾਵਾਂ ਵਲੋਂ ਲਗਾਤਾਰ ਲੋੜਵੰਦਾਂ ਲਈ ਲੰਗਰ ਦੀ ਸੇਵਾ ਹਾਲੇ ਤਕ ਵੀ ਜਾਰੀ ਹੈ। ਰਾਜ ਸਰਕਾਰ ਵਲੋਂ ਵੀ ਇਸ ਕਾਰਜ ਵਿਚ ਬਣਦਾ ਯੋਗਦਾਨ ਪਾਇਆ ਗਿਆ ਹੈ। ਬੇਸ਼ੱਕ ਕੁਝ ਰਾਜਨੀਤਕ ਵਿਅਕਤੀਆਂ ਨੇ ਇਸ ਕਾਰਜ ਵਿਚ ਵੀ ਪਾਰਟੀਬਾਜ਼ੀ ਅਤੇ ਵੋਟਾਂ ਖਿੱਚਣ ਦੇ ਮਾਰੇ ਕਈ ਲੋੜਵੰਦਾਂ ਨਾਲ ਵਿਤਕਰਾ ਵੀ ਕੀਤਾ ਹੈ। ਉਥੇ ਹੀ ਕਈ ਬਣਦੇ ਸਰਦੇ ਲੋਕਾਂ ਵਲੋਂ ਲੋੜਵੰਦਾਂ ਲਈ ਆਏ ਰਾਸ਼ਨ ਨੂੰ ਹੜੱਪਣ ਦੀ ਕੋਸ਼ਿਸ਼ ਵੀ ਕੀਤੀ ਜੋ ਕਿ ਵਾਕਿਆ ਹੀ ਇਕ ਅਤਿ ਨਿੰਦਣਯੋਗ ਕਾਰਾ ਹੈ।

ਹੁਣ ਜਦਕਿ ਸਰਕਾਰ ਵਲੋਂ ਕੋਈ ਹੋਰ ਚਾਰਾ ਨਾ ਚੱਲਦੇ ਹੋਏ ਦੇਖ ਕੇ ਪੜਾਅ ਵਾਰ ਤਾਲਾਬੰਦੀ ਖੋਲ੍ਹਣੀ ਸ਼ੁਰੂ ਕਰ ਦਿਤੀ ਹੈ, ਉਥੇ ਹੀ ਸਾਡਾ ਸਭਨਾਂ ਦਾ ਵੀ ਫਰਜ਼ ਬਣਦਾ ਹੈ ਕਿ ਜਦੋਂ ਤਕ ਇਸ ਬਿਮਾਰੀ ਦੇ ਇਲਾਜ ਵਿਚ ਵੈਕਸੀਨ ਤਿਆਰ ਨਹੀਂ ਹੋ ਜਾਂਦੀ, ਓਨਾ ਚਿਰ ਅਸੀਂ ਸਭ ਰਲ ਮਿਲ ਕੇ ਇਸ ਵਾਇਰਸ ਨਾਲ ਮਿਲ ਕੇ ਹੀ ਜੀਣਾ ਸਿੱਖੀਏ ਅਤੇ ਸਰਕਾਰ ਅਤੇ ਸਿਹਤ ਵਿਭਾਗ ਵਲੋਂ ਦਿਤੀਆਂ ਜਾਂਦੀਆਂ ਹਦਾਇਤਾਂ ਦਾ ਪਾਲਣ ਕਰਦੇ ਰਹੀਏ।

ਅੰਤ ਕਿਸੇ ਸ਼ਾਇਰ ਵਲੋਂ ਲਿਖੀਆਂ ਸਤਰਾਂ ਨਾਲ 'ਕਾਸ਼ ਕਿ ਬਨਾਨੇ ਵਾਲੇ ਨੇ ਥੋੜ੍ਹੀ ਔਰ ਹੁਸ਼ਿਆਰੀ ਦਿਖਾਈ ਹੋਤੀ ਇਨਸਾਨ ਥੋੜ੍ਹੇ ਕਮ ਮਗਰ ਇਨਸਾਨੀਅਤ ਜ਼ਿਆਦਾ ਬਨਾਈ ਹੋਤੀ'■

MAGZTER

ਤਰਲੋਕ ਸਿੰਘ ਆਨੰਦ (ਡਾ.)
98158-80489
e-mail:tarlokanand@gmail.com

ਮੇਰੀ ਬੁੱਕਲ ਦੇ ਵਿਚ ਚੋਰ

ਬੋਲ ਹਕੀਕੀ

ਲਖ ਹਜ਼ਾਰ ਕਿਤਾਬਾਂ ਪੜ੍ਹੀਆਂ
ਜ਼ਾਲਮ ਨਫ਼ਸ ਨ ਮਰਦਾ ਹੂ

ਇਹ ਪੰਕਤੀਆਂ ਪ੍ਰਸਿੱਧ ਸੂਫੀ ਫ਼ਕੀਰ ਸੁਲਤਾਨ ਬਾਹੂ ਦੀਆਂ ਲਿਖੀਆਂ ਹੋਈਆਂ ਹਨ। ਬਾਹੂ ਦੀ ਲਿਖੀ ਹਰ ਸਤਰ ਦਾ ਅੰਤ 'ਹੂ' ਨਾਲ ਹੁੰਦਾ ਹੈ। ਇਹਨਾਂ ਪੰਕਤੀਆਂ ਦਾ ਅਰਥ ਇਹ ਹੈ ਕਿ ਮੈਂ ਅਨਗਿਣਤ/ਬੇਸ਼ੁਮਾਰ ਪੁਸਤਕਾਂ ਪੜ੍ਹ ਲਈਆਂ ਹਨ ਪਰੰਤੂ ਜ਼ਾਲਮ ਨਫ਼ਸ ਅਜੇ ਤਕ ਨਹੀਂ ਮਰਿਆ ਭਾਵ ਇਸ ਤੋਂ ਮੈਨੂੰ ਛੁਟਕਾਰਾ ਨਹੀਂ ਮਿਲਿਆ। ਨਫ਼ਸ ਬਹੁਅਰਥੀ ਸ਼ਬਦ ਹੈ ਪਰੰਤੂ ਇਹਨਾਂ ਪੰਕਤੀਆਂ ਦੇ ਪ੍ਰਸੰਗ ਵਿਚ ਇਸ ਦਾ ਅਰਥ ਮਨੁੱਖੀ ਮਨ ਵਿਚ ਉਤਪੰਨ ਹੋਣ ਵਾਲੀਆਂ ਜਾਂ ਪਨਪ ਰਹੀਆਂ ਤ੍ਰਿਸ਼ਨਾਵਾਂ ਜਾਂ ਲਾਲਸਾਵਾਂ ਹਨ। ਇਹਨਾਂ ਪੰਕਤੀਆਂ ਵਿਚ ਕਵੀ ਇਹ ਕਹਿ ਰਿਹਾ ਹੈ ਕਿ ਮੈਂ ਅਨੇਕ ਪੁਸਤਕਾਂ ਭਾਵ ਧਾਰਮਿਕ ਗ੍ਰੰਥ ਪੜ੍ਹ ਲਏ ਹਨ ਪਰੰਤੂ ਮੈਂ ਅਜੇ ਤਕ ਆਪਣੀਆਂ ਇੱਛਾਵਾਂ ਉੱਤੇ ਕਾਬੂ ਨਹੀਂ ਪਾ ਸਕਿਆ। ਬਾਹੂ ਸਾਨੂੰ ਇਹ ਸਮਝਾਣ ਦਾ ਯਤਨ ਕਰ ਰਿਹਾ ਹੈ ਕਿ ਕੇਵਲ ਕਿਤਾਬੀ ਗਿਆਨ ਹੀ ਕਿਸੇ ਕੰਮ ਦਾ ਨਹੀਂ ਬਲਕਿ ਕਈ ਵਾਰੀ ਤਾਂ ਇਹ ਵਿਦਵਤਾ ਮਨੁੱਖ ਵਿਚ ਹੰਕਾਰ ਉਤਪੰਨ ਕਰ ਦਿੰਦੀ ਹੈ ਕਿਉਂਕਿ "ਜੇਤਾ ਪੜਿਆ ਤੇਤਾ ਕੜਿਆ॥" ਮਨੁੱਖੀ ਮਨ ਵਿਚ ਉਮਲਵੱਟੇ ਲੈ ਰਹੀਆਂ ਇੱਛਾਵਾਂ ਉੱਤੇ ਕਾਬੂ ਪਾ ਸਕਣਾ ਅਰਥਾਤ ਆਪਣੀਆਂ ਇੰਦਰੀਆਂ ਉੱਤੇ ਕਾਬੂ ਪਾ ਕੇ ਆਪਣੀਆਂ ਧਾਹਸ਼ਾਂ ਉੱਤੇ ਨਿਯੰਤਰਣ ਰਖ ਸਕਣਾ ਅਤਿਅੰਤ ਕਠਿਨ ਕਾਰਜ ਹੈ ਕਿਉਂਕਿ ਮਨ ਸੰਸਾਰਕ ਲੁਭਾਇਮਾਨ ਕਰਨ ਵਾਲੀਆਂ ਦੁਨੀਆਵੀ ਇੰਦਰਿਆਵੀ ਲਾਲਸਾਵਾਂ ਦੀ ਪਕੜ ਵਿਚ ਬਹੁਤ ਛੇਤੀ ਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਕਥਨ ਹੈ :

ਸਾਧੋ ਇਹੁ ਮਨੁ ਗਹਿਓ ਨ ਜਾਈ॥
ਚੰਚਲ ਤ੍ਰਿਸਨਾ ਸੰਗਿ ਬਸਤ ਹੈ
ਯਾਤੇ ਥਿਰ ਨ ਰਹਾਈ॥ (ਪੰਨਾ 219)

ਗੁਰੂ ਅਰਜਨ ਦੇਵ ਜੀ ਵੀ ਦ੍ਰਿੜ੍ਹ ਕਰਵਾਂਦੇ ਹਨ:
ਤ੍ਰਿਸਨਾ ਬਿਰਲੇ ਕੀ ਹੀ ਬੁਝੀ ਹੈ॥
(ਪੰਨਾ 213)

ਪਰੰਤੂ ਸਾਧਕ ਨੇ ਅਜਿਹਾ ਵਿਰਲਾ ਹੀ ਤਾਂ ਬਣਨਾ ਹੁੰਦਾ ਹੈ। ਅਜਿਹਾ ਬਣਨ ਲਈ ਜ਼ਰੂਰੀ ਹੈ ਕਿ ਉਹ ਆਪਣੇ ਨਫ਼ਸ ਨੂੰ ਮਾਰ ਲਵੇ ਅਰਥਾਤ ਮਨ ਵਿਚ ਉਤਪੰਨ ਹੋਣ ਵਾਲੀਆਂ ਲਾਲਸਈ ਤਰੰਗਾਂ ਉੱਤੇ ਅੰਕੁਸ਼ ਲਗਾ ਦੇਵੇ। ਰਬ ਦੀ ਪ੍ਰਾਪਤੀ ਦੇ ਰਸਤੇ ਉੱਤੇ ਤੁਰਨ ਵਾਲਿਆਂ ਲਈ ਸ਼ਾਹ ਹੁਸੈਨ ਦਾ ਆਦੇਸ਼ ਹੈ :

ਰਾਹ ਇਸ਼ਕ ਦਾ ਸੂਈ ਦਾ ਨੱਕਾ
ਧਾਗਾ ਹੋਵੇ ਤਾਂ ਤੂੰ ਜਾਵੇਂ।

ਇਥੇ ਧਾਗਾ ਹੋਣ ਦਾ ਭਾਵ ਨਫ਼ਸ ਉਤੇ ਕਾਬੂ ਪਾਣਾ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਹਾਸ਼ਮ ਸ਼ਾਹ ਦਾ ਕਥਨ ਹੈ :

ਹਾਸ਼ਮ ਬਾਝ ਮੋਇਆਂ ਨਹੀਂ ਮਿਲਦਾ
ਅਸਾਂ ਖ਼ੂਬ ਸਹੀ ਕਰ ਜਾਤਾ ਹੂ

ਇਥੇ ਮਰਨ ਤੋਂ ਭਾਵ ਆਪਣੇ ਨਫ਼ਸ ਨੂੰ ਮਾਰਨਾ ਜਾਂ ਆਪਣੀ ਮੈਂ ਨੂੰ ਮਾਰਨਾ ਹੈ। ਪੁਸਤਕਾਂ ਪੜ੍ਹ-ਪੜ੍ਹ ਕੇ ਸੰਸਾਰਕ ਗਿਆਨ ਹਾਸਿਲ ਕਰਨ ਨਾਲ ਮਨ ਵਿਚ ਹਉਮੈ ਜਾਂ ਘੁਮੰਡ ਦੀ ਉਤਪਤੀ ਹੁੰਦੀ ਹੈ। ਮਨੁੱਖ ਸੋਚਦਾ ਹੈ ਕਿ ਮੈਂ ਕਿੰਨਾ ਵਿਦਵਾਨ ਹਾਂ ਪਰੰਤੂ ਜਿਵੇਂ ਪ੍ਰੋ. ਮੋਹਨ ਸਿੰਘ ਆਖਦਾ ਹੈ :

ਪੜ੍ਹ ਪੜ੍ਹ ਪੁਸਤਕ ਢੇਰ ਕੁਝੇ
ਮੇਰਾ ਵਧਦਾ ਜਾਏ ਹਨੇਰ ਕੁਝੇ

ਹਨੇਰ ਵਧਣਾ ਹੰਕਾਰੀ ਹੋਣਾ ਹੈ, ਚਤੁਰ ਹੋਣਾ ਹੈ। ਜੇ ਪੁਸਤਕਾਂ ਤੋਂ ਪ੍ਰਾਪਤ ਗਿਆਨ ਨੇ ਰੂਹ ਨੂੰ ਪੁਰਨੂਰ ਨਹੀਂ ਕੀਤਾ ਤਾਂ ਇਸ ਨਾਲੋਂ ਤਾਂ ਅਗਿਆਨ ਦੀ ਸਥਿਤੀ ਬਿਹਤਰ ਹੈ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :

ਪੜਿਆ ਮੂਰਖੁ ਆਖੀਐ
ਜਿਸ ਲਬੁ ਲੋਭੁ ਅਹੰਕਾਰ॥
(ਪੰਨਾ 140)

ਸੱਚਾ ਗਿਆਨ ਤਾਂ ਸਾਧਕ ਦੇ ਮੂੰਹੋਂ ਗੁਲਾਮ ਫ਼ਰੀਦ ਦੇ ਸ਼ਬਦਾਂ ਵਿਚ ਇਹ ਅਖਵਾਂਦਾ ਹੈ :

ਨ ਖਾਹਸ਼ ਦੁਨੀਆ ਦੌਲਤ ਦੀ
ਨ ਸ਼ਾਹੀ ਸ਼ੌਕਤ ਸ਼ੁਹਰਤ ਦੀ
ਹੈ ਇਕ ਦੀਦਾਰ ਦੀ ਭੁਖ ਵੇ ਮੀਆਂ

ਇਹ ਦੀਦਾਰ ਦੀ ਭੁਖ ਤਾਂ ਪੂਰੀ ਹੁੰਦੀ ਹੈ ਜੇ ਮੀਰਾਂ ਸ਼ਾਹ ਜਲੰਧਰੀ ਦੇ ਸ਼ਬਦਾਂ ਨੂੰ ਚੇਤੇ ਵਿਚ ਰੱਖੀਏ ਕਿ :

ਮੀਰਾਂ ਸ਼ਾਹ ਤੂੰ ਛਡ ਚਤੁਰਾਈ
ਮੈਂ ਮਾਰੇਂ ਤਾਂ ਮਿਲਦਾ ਮਾਹੀ

ਸੋ ਮੈਂ ਜਾਂ ਨਫ਼ਸ ਨੂੰ ਮਾਰਨਾ ਹੀ ਸੂਫੀ ਸਾਧਨਾਂ ਦਾ ਅਸਲ ਮਨੋਰਥ ਜਾਂ ਮਕਸਦ ਹੈ ■

> "ਮਨੁੱਖੀ ਮਨ ਵਿਚ ਉਮਲਵੱਟੇ ਲੈ ਰਹੀਆਂ ਇੱਛਾਵਾਂ ਉੱਤੇ ਕਾਬੂ ਪਾ ਸਕਣਾ ਅਰਥਾਤ ਆਪਣੀਆਂ ਇੰਦਰੀਆਂ ਉੱਤੇ ਕਾਬੂ ਪਾ ਕੇ ਆਪਣੀਆਂ ਧਾਹਸ਼ਾਂ ਉੱਤੇ ਨਿਯੰਤਰਣ ਰਖ ਸਕਣਾ ਅਤਿਅੰਤ ਕਠਿਨ ਕਾਰਜ ਹੈ ਕਿਉਂਕਿ ਮਨ ਸੰਸਾਰਕ ਲੁਭਾਇਮਾਨ ਕਰਨ ਵਾਲੀਆਂ ਦੁਨੀਆਵੀ ਇੰਦਰਿਆਵੀ ਲਾਲਸਾਵਾਂ ਦੀ ਪਕੜ ਵਿਚ ਬਹੁਤ ਛੇਤੀ ਆ ਜਾਂਦਾ ਹੈ।"

MAGZTER

ਡਾ. ਸਤੀਸ਼ ਕੁਮਾਰ ਵਰਮਾ
ਪ੍ਰੋਫੈਸਰ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਰਵਰਕ 'ਤੇ ਉਕਰੀ ਇਬਾਰਤ

ਪੁਸਤਕ ਦਾ ਨਾਂ : ਅਮਰਜੀਤ ਸਿੰਘ ਕਾਂਗ ਰਚਨਾਵਲੀ
ਸੰਪਾਦਕ : ਡਾ. ਜਸਪਾਲ ਕੌਰ ਕਾਂਗ ਅਤੇ ਡਾ. ਸਤੀਸ਼ ਕੁਮਾਰ ਵਰਮਾ
ਪਹਿਲਾ ਸੰਸਕਰਣ : 2019
ਪ੍ਰਕਾਸ਼ਕ : ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਪੰਨੇ : 723, **ਮੁੱਲ :** 1100/-

ਅਮਰਜੀਤ ਸਿੰਘ ਕਾਂਗ ਦੀ ਸਮੱਗਰ ਸ਼ਖ਼ਸੀਅਤ ਤੇ ਸਮੱਗਰਵਾਦੀ ਪਹੁੰਚ ਕਾਰਨ ਰਚਿਆ ਉਸ ਦਾ ਸਾਹਿਤ ਭਾਵੇਂ ਕਈ ਪੁਸਤਕਾਂ ਵਿਚ ਆ ਗਿਆ ਪਰ ਅਨੇਕਮੁਖੀ ਕੰਮਾਂ ਦੀ ਬਦੌਲਤ ਬਹੁਤ ਸਾਰਾ ਕਾਰਜ ਖਿੰਡਿਆ ਪੁੰਡਿਆ ਰਿਹਾ। ਇਸ ਲਈ 'ਅਮਰਜੀਤ ਸਿੰਘ ਕਾਂਗ ਰਚਨਾਵਲੀ' ਨੂੰ ਸਮੁੱਚੇ ਰੂਪ ਵਿਚ ਸੰਯੋਜਿਤ ਕਰਨ ਲਈ ਅੱਠ ਭਾਗ ਬਣਾਏ ਹਨ : ਸਾਹਿਤ ਚਿੰਤਨ ਅਤੇ ਸਮੀਖਿਆ ਸੰਸਕਾਰ, ਸੰਪਾਦਨ ਕਲਾ, ਭੂਮਿਕਾਵਾਂ, ਵਿਦਿਆਰਥੀਆਂ ਲਈ ਸਮੀਖਿਆ-ਸਮੱਗਰੀ, ਡਾ. ਅਮਰਜੀਤ ਸਿੰਘ ਕਾਂਗ ਦੀ ਨਿਗਰਾਨੀ ਵਿਚ ਹੋਇਆ ਐੱਮ.ਫਿਲ./ਪੀ.ਐੱਚ.ਡੀ. ਖੋਜ ਕਾਰਜ, ਡਾ. ਅਮਰਜੀਤ ਸਿੰਘ ਕਾਂਗ ਦੀਆਂ ਯਾਦਗਾਰੀ ਮੁਲਾਕਾਤਾਂ, ਡਾ. ਅਮਰਜੀਤ ਸਿੰਘ ਕਾਂਗ ਦੀ ਮੌਲਿਕ ਰਚਨਾਵਲੀ ਦੇ ਨਮੂਨੇ, ਡਾ. ਅਮਰਜੀਤ ਸਿੰਘ ਕਾਂਗ : ਜੀਵਨ ਤੇ ਰਚਨਾ ਸੰਸਾਰ। ਇਨ੍ਹਾਂ ਅੱਠਾਂ ਭਾਗਾਂ ਦੇ ਸਿਰਲੇਖਾਂ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਅਮਰਜੀਤ ਸਿੰਘ ਕਾਂਗ ਦੇ ਬਹੁਪੱਖੀ, ਬਹੁਦਿਸ਼ਾਵੀ ਤੇ ਬਹੁਪਾਸਾਰੀ ਕਾਰਜ ਇਸ ਪੁਸਤਕ ਰਾਹੀਂ ਬੱਝਵੇਂ ਰੂਪ ਵਿਚ ਪ੍ਰਸਤੁਤ ਹੋ ਗਏ ਹਨ। ਇਨ੍ਹਾਂ ਰਚਨਾਵਾਂ ਵਿਚ ਜਿਥੇ ਉਹ ਆਲੋਚਕ ਤੇ ਖੋਜੀ ਹੋਣ ਦੇ ਸਮਾਨਾਂਤਰ ਇਕ ਭਾਵੁਕ ਕਵੀ ਤੇ ਵਾਰਤਕਕਾਰ ਵਜੋਂ ਉਭਰਦਾ ਹੈ ਉਥੇ ਨਾਲ ਦੀ ਨਾਲ ਉਸ ਅੰਦਰਲਾ ਚਿੰਤਕ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸ ਦੀ 'ਡਾਇਰੀ ਦੇ ਪੰਨੇ' ਕਿਸੇ ਡੂੰਘੇ ਦਾਰਸ਼ਨਿਕ ਦੀ ਸੋਚ ਦਾ ਪ੍ਰਮਾਣ ਦਿੰਦੇ ਹਨ। ਇਸੇ ਪ੍ਰਕਾਰ ਉਸ ਨਾਲ ਕੀਤੀਆਂ 'ਮੁਲਾਕਾਤਾਂ ਦੇ ਝਰੋਖੇ' ਵਿਚੋਂ ਵੀ ਉਸ ਅੰਦਰਲੇ ਪੂਰੇ ਸੂਰੇ ਲੇਖਕ ਦੇ ਝਲਕਾਰੇ ਮਿਲਦੇ ਹਨ। ਕਾਸ਼! ਕੁਦਰਤ ਉਸ ਨੂੰ ਵਕਤ ਦਿੰਦੀ ਤੇ ਉਹ ਉਮਰ ਦਾ ਤੀਜਾ ਪਹਿਲ ਹੰਢਾਉਂਦਿਆਂ ਆਪਣੀ ਕਲਮ ਦੀ ਨੋਕ ਨੂੰ ਸਿਰਜਣਾਤਮਕਤਾ ਦਾ ਸੁਨਹਿਰੀ ਨਿਬ ਲਾ ਸਕਦਾ। ਭਾਵੇਂ ਇਹ ਹੋ ਨਹੀਂ ਸਕਿਆ ਪਰੰਤੂ ਇਸ 'ਅਮਰਜੀਤ ਸਿੰਘ ਕਾਂਗ ਰਚਨਾਵਲੀ' ਦੇ ਪੰਨੇ ਜ਼ਰੂਰ ਉਸਦੀ ਸੁਨਹਿਰੀ ਕਲਮ ਦੀ ਸੁਨਹਿਰੀ ਭਾਹ ਦੀ ਜ਼ਾਮਨੀ ਭਰਦੇ ਹਨ। ਇਸ ਪੁਸਤਕ ਰਾਹੀਂ ਡਾ. ਅਮਰਜੀਤ ਸਿੰਘ ਕਾਂਗ ਦੇ ਸਮੁੱਚੇ ਰਚਨਾਤਮਕ ਜੀਵਨ ਨੂੰ ਸਹੇਜਨ ਦਾ ਕੰਮ ਕੀਤਾ ਗਿਆ ਹੈ। ਇਸੇ ਲਈ ਉਸ ਵਲੋਂ ਵਿਭਿੰਨ ਖੇਤਰਾਂ ਵਿਚ ਕੀਤਾ ਗਿਆ ਅਕਾਦਮਿਕ, ਸਾਹਿਤਕ ਤੇ ਸਮੀਖਿਆਤਮਕ ਕਾਰਜ ਸਾਂਭਿਆ ਗਿਆ ਹੈ। ਆਮ ਤੌਰ 'ਤੇ ਕਿਸੇ ਵੀ ਪੁਸਤਕ ਦਾ ਆਰੰਭ ਲੇਖਕ ਦੇ ਜੀਵਨ ਵੇਰਵਿਆਂ ਤੋਂ ਹੁੰਦਾ ਹੈ ਪਰ ਇਥੇ ਸੰਪਾਦਕਾਂ ਨੇ ਕ੍ਰਮ ਉਲਟਾਇਆ ਹੈ। ਡਾ. ਅਮਰਜੀਤ ਸਿੰਘ ਕਾਂਗ ਦੀ 'ਰਚਨਾਤਮਕਤਾ' ਪਹਿਲੇ ਸੱਤ ਭਾਗਾਂ ਵਿਚ ਹੈ ਤੇ 'ਜੀਵਨਾਤਮਕਤਾ' ਅਖੀਰਲੇ ਅੱਠਵੇਂ ਭਾਗ ਵਿਚ ਹੈ। ਉਮੀਦ ਹੈ ਕਿ ਇਹ ਪੁਸਤਕ ਪਾਠਕਾਂ ਨੂੰ 'ਕਾਂਗ ਸਾਹਿਤ' ਪੜ੍ਹਨ ਲਈ ਪ੍ਰੇਰਿਤ ਕਰੇਗੀ।

ਪੁਸਤਕ ਦਾ ਨਾਂ : ਪਹਿਲਾ ਖ਼ਤ ਆਖਰੀ
ਲੇਖਕ : ਬਲਜੀਤ ਸਿੰਘ
ਪਹਿਲਾ ਸੰਸਕਰਣ : 1997
ਦੂਜਾ ਸੰਸਕਰਣ : 2018
ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ।
ਪੰਨੇ : 104, **ਮੁੱਲ :** 250/-

ਪਹਿਲਾ ਖ਼ਤ ਆਖਰੀ ਵਿਚ ਇਸ਼ਕ ਮਜ਼ਾਜੀ ਤੋਂ ਲੈ ਕੇ ਇਸ਼ਕ ਹਕੀਕੀ ਤਕ, ਮਾਨਵ ਤੋਂ ਲੈ ਕੇ ਧਰਮ ਤਕ, ਦੇਸ਼ ਤੋਂ ਲੈ ਕੇ ਦੁਨੀਆ ਤਕ, ਧਰਤੀ ਤੋਂ ਲੈ ਕੇ ਅੰਬਰ ਤਕ ਤੇ ਆਪੇ ਤੋਂ ਲੈ ਕੇ ਕੁੱਲ ਆਲਮ ਤਕ ਸਮੋਇਆ ਹੋਇਆ ਹੈ। ਇਸ ਦਾ ਪੱਧਰ ਏਨਾ ਉਦਾਤੀਕ੍ਰਿਤ ਹੈ ਕਿ ਇਸ ਦਾ ਦਾਰਸ਼ਨਿਕ ਪਰਿਪੇਖ ਆਪਣੇ ਆਪ ਵਿਚ ਮਹੱਤਵਪੂਰਣ ਬਣ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਇਸ ਨੂੰ 'ਦਾਰਸ਼ਨਿਕ ਵਾਰਤਕ' ਕਿਹਾ ਜਾ ਸਕਦਾ ਹੈ ਪਰੰਤੂ ਮੈਨੂੰ ਇਸ ਰਚਨਾ ਦੀ ਪ੍ਰਾਪਤੀ ਵੀ ਇਹ ਲਗਦੀ ਹੈ ਕਿ ਇਹ ਵਾਰਤਕ ਦੀ ਰੂਪ-ਜਕੜਬੰਦੀ ਤੋਂ ਮੁਕਤ ਰਚਨਾ ਹੈ। ਇਸੇ ਲਈ ਇਸ ਨੂੰ ਕੇਵਲ 'ਵਾਰਤਕ' ਹੀ ਕਿਹਾ ਗਿਆ ਹੈ। ਵਾਰਤਕ ਦੇ ਕਿਸੇ ਰੂਪ ਜਾਂ ਉਪ-ਰੂਪ ਵਿਚ ਵਿਭਾਜਿਤ ਨਹੀਂ ਕੀਤਾ ਗਿਆ। ਸਾਹਿਤ-ਜਗਤ ਵਿਚ ਰੂਪ ਦੀ ਜਕੜਬੰਦੀ ਨੂੰ ਤੋੜਨ ਦੇ ਉਪਰਾਲੇ ਹੁੰਦੇ ਰਹੇ ਹਨ। ਸਟੇਨ ਬੈਕ (steinback) ਦੀ ਪ੍ਰਸਿੱਧ ਰਚਨਾ 'ਬਰਨਿੰਗ ਬਰਾਈਟ' (Burning Bright) ਕਹਾਣੀ ਵਿਚ ਲਿਖਿਆ ਨਾਟਕ (a play in story form) ਹੈ। ਇਸੇ ਪ੍ਰਕਾਰ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਿਸਤਾਨ' ਵੀ ਅਜਿਹੀ ਉਦਾਹਰਣ ਹੈ ਜਿਸ ਨੂੰ ਕਿਸੇ ਇਕ ਕੋਟੀ ਵਿਚ ਰਖਣਾ ਮੁਸ਼ਕਿਲ ਹੈ ਅਤੇ ਕਿਸੇ ਗਲਪੀ ਰਚਨਾ ਵਰਗੀ ਬਿਰਤਾਂਤਕਤਾ ਨਾਲ ਭਰਪੂਰ ਇਹ ਵਾਰਤਕ ਰਚਨਾ ਵੀ ਸਭ ਕੁਝ ਹੈ। ਇਸੇ ਤਰ੍ਹਾਂ ਨਾ ਕੇਵਲ ਰੂਪ ਦੀ ਜਕੜਬੰਦੀ ਤੋੜਨ ਦੇ ਉਪਰਾਲੇ ਵਜੋਂ ਸਗੋਂ ਆਪਣੇ ਵੱਖ ਦੀ ਦ੍ਰਿਸ਼ਟੀ ਤੋਂ ਵੀ 'ਪਹਿਲਾ ਖ਼ਤ ਆਖਰੀ' ਆਪਣੀ ਪੱਧਰ ਕਾਰਨ 'ਮੇਰਾ ਦਾਗਿਸਤਾਨ' ਦੀ ਯਾਦ ਦਿਵਾਉਂਦਾ ਹੈ। ਫਰਕ ਏਨਾ ਹੈ ਕਿ ਮੇਰਾ ਦਾਗਿਸਤਾਨ 'ਨਿਜ' ਰਾਹੀਂ ਲੋਕ ਸਿਆਣਪ ਦੀ ਬਾਤ ਪਾਉਂਦਾ ਹੈ ਤੇ 'ਪਹਿਲਾ ਖ਼ਤ ਆਖਰੀ' ਲੋਕ ਸਿਆਣਪ ਰਾਹੀਂ ਨਿਜ ਦੀ ਵਿਆਖਿਆ, ਵਿਸ਼ਲੇਸ਼ਣ ਤੇ ਵਿਵੇਚਨ ਦੇ ਰਾਹ ਤੁਰਦਾ ਹੈ। ਇਹ ਸ੍ਰੈਂ ਤੇ ਪਰ ਦੀ ਜੁਟਬੰਦੀ ਵਿਚੋਂ ਇਕ ਲਾਮਿਸਾਲ ਰਚਨਾ ਪੈਦਾ ਹੋਈ ਹੈ ਜਿਸ ਵਿਚ ਪਿਆਰ ਤੇ ਦਾਰਸ਼ਨਿਕਤਾ ਦੇ ਰੰਗ ਹੋਰ ਗੂੜ੍ਹੇ ਹੁੰਦੇ ਗਏ ਹਨ। ਇਉਂ ਇਹ 'ਪਿਆਰ-ਸੰਦੇਸ਼' ਰੂਪੀ ਵਾਰਤਕ ਰਚਨਾ 'ਨਿਜ ਤੋਂ ਪਰ' ਤੇ 'ਪਰ ਤੋਂ ਨਿਜ' ਦੀ ਯਾਤਰਾ ਬਾਖੂਬੀ ਕਰਦੀ ਹੈ। ਅਸਲ ਵਿਚ 'ਪਹਿਲਾ ਖ਼ਤ ਆਖਰੀ' ਪਿਆਰ ਦੇ ਉਸ ਮੁਕਾਮ ਦੀ ਤਲਾਸ਼ ਹੈ ਜੋ ਸ਼ਾਇਦ ਮਨੁੱਖ ਲਈ ਹਾਸਿਲ ਕਰਨਾ ਅਸੰਭਵ ਹੈ। ਇਹ ਉਹ ਪਿਆਰ ਹੈ ਜਿਸ ਵਿਚ ਮਨੁੱਖ ਗੀਤ ਹੋ ਜਾਵੇ। ਬਲਜੀਤ ਦੀ ਰਚਨਾ ਵਿਚ ਪਿਆਰ ਉਸ ਸਿਖਰ ਨੂੰ ਗ੍ਰਹਿਣ ਕਰਨ ਦੀ ਤਲਾਸ਼ ਹੈ ਜਿਥੇ ਮਨੁੱਖ, ਮੁਲਕ, ਕੌਮ, ਕੁੱਲ ਆਲਮ ਇਕਸੁਰ ਹੋ ਜਾਣ। ਵਾਰਤਕ ਸ਼ੈਲੀ ਦੀ ਦ੍ਰਿਸ਼ਟੀ ਤੋਂ ਜਿਥੇ ਬਲਜੀਤ ਵਿਚ 'ਦ੍ਰਿਸ਼ਗਤ ਸੁਹਜ' ਸਿਰਜਣ ਦੀ ਸਮਰੱਥਾ ਹੈ ਉਥੇ 'ਸ਼ਬਦ ਸੁਹਜ' ਦਾ ਜਵਾਬ ਨਹੀਂ। ਉਸਦੀ ਉਰਦੂ ਫਾਰਸੀ ਦੀ ਜਾਣਕਾਰੀ ਦੀ ਰਚਨਾ ਦੀ ਪ੍ਰੋਸ਼ਨੀਅਤਾ ਵਿਚ ਖ਼ਲੂਸ ਭਰ ਦਿਤਾ ਹੈ। ਮੈਨੂੰ ਉਮੀਦ ਹੈ ਕਿ ਇਸ ਰਚਨਾ ਨੂੰ ਪੜ੍ਹ ਕੇ ਭੁੱਲਣਾ ਕਾਫੀ ਮੁਸ਼ਕਿਲ ਹੋਵੇਗਾ। ਇਹ ਇਕੋ ਵੇਲੇ ਸਾਡੇ ਮਨ ਅਤੇ ਸਾਡੇ ਸਭਿਆਚਾਰ ਦੀ ਅੰਤਰ ਝਾਤ (Introspection) ਬਣ ਕੇ ਪੇਸ਼ ਹੋਈ ਹੈ।■

MAGZTER

ਪੁਸਤਕ ਦਾ ਨਾਂ : ਪੰਦਰਾਂ ਭਗਤ ਸਾਹਿਬਾਨ
ਲੇਖਕ : ਸੁਖਦੇਵ ਸਿੰਘ ਸ਼ਾਂਤ
ਪ੍ਰਕਾਸ਼ਕ : ਸਿੰਘ ਬ੍ਰਦਰਜ਼, ਅੰਮ੍ਰਿਤਸਰ।
ਪੰਨੇ : 351, **ਮੁੱਲ :** 480/-

ਮਨੁੱਖਤਾ ਦੇ ਸਰਬ ਸਾਂਝੇ ਰਹਿਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਨ ਦੇ ਨਾਲ-ਨਾਲ ਭਗਤਾਂ ਅਤੇ ਭੱਟਾਂ ਦੀ ਬਾਣੀ ਵੀ ਸਤਿਕਾਰ ਨਾਲ ਸ਼ਾਮਿਲ ਕੀਤੀ ਗਈ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਭਗਤ ਸਾਹਿਬਾਨ ਦੀ ਬਾਣੀ ਦਰਜ ਕੀਤੀ ਜਿਨ੍ਹਾਂ ਦਾ ਸਿਧਾਂਤ ਗੁਰਮਤਿ ਨਾਲ ਮੇਲ ਖਾਂਦਾ ਸੀ। ਲੇਖਕ ਨੇ ਇਨ੍ਹਾਂ ਮਹਾਨ ਭਗਤਾਂ ਦੀ ਜਨਮ ਮਿਤੀ ਦੇ ਆਧਾਰ 'ਤੇ ਤਰਤੀਬਵਾਰ ਸਾਰਿਆਂ ਦਾ ਜੀਵਨ ਬਿਉਰਾ ਅਤੇ ਬਾਣੀ ਨੂੰ ਸਾਡੇ ਸਨਮੁੱਖ ਕੀਤਾ ਹੈ। ਭਗਤ ਸ਼ਬਦ ਦੀ ਪਰਿਭਾਸ਼ਾ ਦੇਣ ਉਪਰੰਤ ਸੂਝਵਾਨ ਲਿਖਾਰੀ ਨੇ ਭਗਤ ਜੈਦੇਵ ਜੀ, ਸ਼ੇਖ ਫਰੀਦ ਜੀ, ਭਗਤ ਤ੍ਰਿਲੋਚਨ ਜੀ, ਭਗਤ ਨਾਮਦੇਵ ਜੀ, ਭਗਤ ਸਧਨਾ ਜੀ, ਭਗਤ ਰਾਮਾਨੰਦ ਜੀ, ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਸੈਣ ਜੀ, ਭਗਤ ਬੇਣੀ ਜੀ, ਭਗਤ ਭੀਖਨ ਜੀ, ਭਗਤ ਧੰਨਾ ਜੀ, ਭਗਤ ਪੀਪਾ ਜੀ, ਭਗਤ ਸੂਰਦਾਸ ਜੀ ਅਤੇ ਭਗਤ ਪਰਮਾਨੰਦ ਜੀ ਦੇ ਜੀਵਨ ਅਤੇ ਬਾਣੀ 'ਤੇ ਝਾਤ ਪੁਆਈ ਹੈ। ਪੁਸਤਕ ਵਿਚੋਂ ਭਗਤ ਸਾਹਿਬਾਨ ਦੀ ਵਿਸ਼ਵਵਿਆਪੀ ਅਤੇ ਮਾਨਵਵਾਦੀ ਦ੍ਰਿਸ਼ਟੀ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਦੀ ਸਮਾਜ, ਧਰਮ ਅਤੇ ਮਨੁੱਖਤਾ ਨੂੰ ਵੱਡੀ ਦੇਣ ਹੈ। ਪੰਚਮ ਪਾਤਸ਼ਾਹ ਜੀ ਨੇ ਵੱਖੋ-ਵੱਖ ਖਿੱਤਿਆਂ, ਸੰਸਕਾਰਾਂ, ਜਾਤਾਂ ਅਤੇ ਭਾਸ਼ਾਵਾਂ ਦੇ ਵਿਤਕਰੇ ਨੂੰ ਮਿਟਾ ਕੇ ਭਗਤ ਸਾਹਿਬਾਨ ਦੀ ਬਾਣੀ ਸ਼ਾਮਿਲ ਕਰਕੇ ਵੱਡਾ ਉਪਕਾਰ ਕੀਤਾ ਹੈ। ਭਗਤ ਕਬੀਰ ਜੀ ਅਤੇ ਸ਼ੇਖ਼ ਫਰੀਦ ਜੀ ਦੇ ਸਲੋਕਾਂ ਵਿਚ ਗੁਰੂ ਸਾਹਿਬਾਨ ਜੀ ਦੇ ਕੁਝ ਸਲੋਕ ਵੀ ਦਰਜ ਹਨ। ਪੁਸਤਕ ਦੇ ਅੰਤਿਮ ਭਾਗ ਵਿਚ ਇਨ੍ਹਾਂ ਸਲੋਕਾਂ ਦਾ ਵੇਰਵਾ ਦਿਤਾ ਗਿਆ ਹੈ। ਇਹ ਪੁਸਤਕ ਇਕ ਅਹਿਮ ਇਤਿਹਾਸਕ ਦਸਤਾਵੇਜ਼ ਬਣ ਗਈ ਹੈ। ਇਸ ਵਿਚ ਕਈ ਸਦੀਆਂ ਦੇ ਇਤਿਹਾਸ, ਸਭਿਆਚਾਰ ਅਤੇ ਸੰਸਕ੍ਰਿਤੀ ਦੀਆਂ ਝਲਕਾਂ ਸਮੋਈਆਂ ਹੋਈਆਂ ਹਨ। ਭਗਤ ਸਾਹਿਬਾਨ ਦਾ ਮੁੱਖ ਵਿਸ਼ਾ ਭਾਵੇਂ ਅਧਿਆਤਮਵਾਦ ਹੈ ਪਰ ਉਸ ਸਮੇਂ ਦੀਆਂ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਥਿਤੀਆਂ ਦਾ ਵੀ ਪਤਾ ਲਗਦਾ ਹੈ। ਨਿਮਨ ਵਰਗ ਅਤੇ ਅਖੌਤੀ ਛੋਟੀਆਂ ਜਾਤਾਂ ਦਾ ਅਪਮਾਨ, ਵੱਡੀਆਂ ਜਾਤਾਂ ਦਾ ਅਭਿਮਾਨ ਅਤੇ ਮਨੁੱਖਤਾ ਦਾ ਦਰਦ ਭਗਤਾਂ ਦੀ ਬਾਣੀ ਵਿਚ ਝਲਕਦਾ ਹੈ। ਇਕੋ ਥਾਂ 'ਤੇ ਭਗਤ ਸਾਹਿਬਾਨ ਦੀ ਬਾਣੀ ਦੇ ਦੀਦਾਰ ਕਰਵਾਉਂਦੀ ਇਹ ਪੁਸਤਕ ਸ਼ਾਨਦਾਰ ਅਤੇ ਮਹੱਤਵਪੂਰਣ ਹੈ। ਗੁਰਮਤਿ ਸਾਹਿਤ ਵਿਚ ਇਸ ਦਾ ਭਰਪੂਰ ਸੁਆਗਤ ਹੈ।

ਡਾ. ਸਰਬਜੀਤ ਕੌਰ ਸੰਧਾਵਾਲੀਆ
98147-16367

ਪੁਸਤਕ ਦਾ ਨਾਂ : ਭਾਪਾ ਪ੍ਰੀਤਮ ਸਿੰਘ-ਯਾਦਗਾਰੀ ਭਾਸ਼ਨ
ਸੰਪਾਦਕ : ਬਲਬੀਰ ਮਾਧੋਪੁਰੀ
ਪ੍ਰਕਾਸ਼ਕ : ਨਵਯੁੱਗ ਪਬਲਿਸ਼ਰਜ਼, ਦਿੱਲੀ।
ਪੰਨੇ : 284, **ਮੁੱਲ :** 500/-

ਭਾਪਾ ਪ੍ਰੀਤਮ ਸਿੰਘ ਨੇ ਦਿੱਲੀ ਵਿਚ ਰਹਿੰਦਿਆਂ ਹੋਇਆਂ ਪੰਜਾਬੀ ਸਾਹਿਤ, ਸਭਿਆਚਾਰ ਅਤੇ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਵਿਚ ਉੱਘਾ ਯੋਗਦਾਨ ਪਾਇਆ ਹੈ। ਉਹ ਪੰਜਾਬੀ ਸਾਹਿਤ ਸਭਾ ਦਿੱਲੀ ਦੇ 1984 ਤੋਂ ਲੈ ਕੇ ਆਪਣੇ ਅੰਤਿਮ ਕਾਲ 2005 ਤਕ ਚੇਅਰਮੈਨ ਰਹੇ। ਉਸਨੇ ਸੰਸਥਾ ਮੂਲਕ ਹੈਸੀਅਤ 'ਚ ਕਈ ਮੌਲਿਕ ਸਾਹਿਤਕਾਰ ਅਤੇ ਕਈ ਆਲੋਚਨਾ ਦੇ ਖੇਤਰ ਨਾਲ ਜੁੜੇ ਹੋਏ ਲੇਖਕਾਂ ਨੂੰ ਪਬਲੀਕੇਸ਼ਨਜ਼ ਦੇ ਜ਼ਰੀਏ ਤਾਂ ਪਾਠਕਾਂ ਦੇ ਸਨਮੁੱਖ ਕੀਤਾ ਹੈ, ਸਗੋਂ ਸਾਹਿਤਕ ਸਭਾਵਾਂ ਦੀ ਸਿਰਜਣਾ ਕਰਨ ਕਰਾਉਣ ਅਤੇ ਪੁਸਤਕਾਂ ਨੂੰ ਪਾਠਕਾਂ ਤਕ ਪਹੁੰਚਾਉਣ ਵਿਚ ਵੀ ਉੱਘਾ ਯੋਗਦਾਨ ਪਾਇਆ। ਇਸ ਸ਼ਖ਼ਸੀਅਤ ਦੇ ਧਾਰਕ ਦੇ ਸੰਸਥਾ-ਮੈਂਬਰਾਂ, ਪਰਿਵਾਰ ਮੈਂਬਰਾਂ ਅਤੇ ਹੋਰ ਵਿਦਵਾਨਾਂ ਦੇ ਸਹਿਯੋਗ ਨੂੰ ਬਲਬੀਰ ਮਾਧੋਪੁਰੀ ਨੇ ਖ਼ੂਬ ਭਾਂਪਿਆ ਅਤੇ ਮਹਿਸੂਸ ਕੀਤਾ ਕਿ ਇਸ ਪੁਰਖ ਦੀ ਯਾਦ ਨੂੰ ਸਦੀਵੀ ਰੱਖਣ ਹਿੱਤ ਜੋ ਖੋਜ-ਪੱਤਰ ਸਾਲੋ-ਸਾਲ ਜਾਂ ਕੁਝ ਵਕਵੇ ਬਾਅਦ ਸੁਣੇ-ਸੁਣਾਏ ਜਾਂਦੇ ਹਨ, ਉਨ੍ਹਾਂ ਸਭਨਾਂ ਨੂੰ ਪੁਸਤਕ ਰੂਪ ਦੇ ਲੈਣਾ ਚਾਹੀਦਾ ਹੈ। ਸੰਪਾਦਕ ਦੀ ਇਸ ਲੰਮੇਰੀ ਸੋਚ-ਦ੍ਰਿਸ਼ਟੀ ਦੇ ਸਦਕਾ ਹਥਲੀ ਪੁਸਤਕ ਸਮੂਹ ਪੰਜਾਬੀ ਚਿੰਤਕ ਅਤੇ ਸਾਧਾਰਨ ਪੱਧਰ ਦੇ ਪਾਠਕਾਂ ਦੇ ਹੱਥਾਂ ਵਿਚ ਅੱਪੜ ਰਹੀ ਹੈ। ਪੁਸਤਕ ਵਿਚ ਕੁੱਲ 12 ਯਾਦਗਾਰੀ ਭਾਸ਼ਣ ਹਨ, ਸੰਪਾਦਕੀ ਸ਼ਬਦ ਪਹਿਲੋਂ ਹਨ। ਇਹ ਸਾਰੇ ਭਾਸ਼ਣ ਵੱਖ-ਵੱਖ ਦ੍ਰਿਸ਼ਟੀਕੋਣਾਂ ਦੇ ਧਾਰਕ ਚਿੰਤਕਾਂ ਵਲੋਂ ਲਿਖੇ ਗਏ ਹਨ। ਸ਼ੁਰੂਆਤ ਵਿਚ ਭਗਵਾਨ ਜੋਸ਼ ਨੇ ਪ੍ਰੀਤਮ ਸਿੰਘ ਦੀ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਦਿਤੀ ਵਿਲੱਖਣ ਦੇਣ ਦਾ ਜ਼ਿਕਰ ਕੀਤਾ ਹੈ। ਡਾ. ਅਮਰੀਕ ਸਿੰਘ ਨੇ ਭਾਪਾ ਪ੍ਰੀਤਮ ਸਿੰਘ ਨੂੰ ਯਾਦ ਕਰਦਿਆਂ ਪੰਜਾਬ ਦੀਆਂ ਬਦਲਦੀਆਂ ਭੂਗੋਲਿਕ ਸਥਿਤੀਆਂ ਅਤੇ ਆਦਿ ਕਾਲ ਤੋਂ ਹੁਣ ਤਕ ਦੇ ਪੰਜਾਬੀ ਭਾਸ਼ਾ ਦੇ ਵਿਕਾਸ ਕ੍ਰਮ ਨੂੰ ਦਰਸਾਇਆ ਹੈ। ਜਦਕਿ ਡਾ. ਜਸਵੰਤ ਸਿੰਘ ਨੇਕੀ ਨੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸਾਹਿਤ ਨੂੰ ਅੰਤਰੀਵੀ ਅਤੇ ਬਾਹਰੀ ਸੰਦਰਭਾਂ ਤੋਂ ਪਛਾਣਿਆ ਹੈ। ਅਜੀਤ ਕੌਰ ਨੇ ਭਾਪਾ ਪ੍ਰੀਤਮ ਸਿੰਘ ਨੂੰ 'ਤਕੀਏ ਦਾ ਪੀਰ' ਕਹਿ ਕੇ ਉਸ ਦੀ ਸ਼ਖ਼ਸੀਅਤ ਦਾ ਕਾਲਪਨਿਕ ਅਧਿਐਨ ਪੇਸ਼ ਕੀਤਾ ਹੈ। ਡਾ. ਦਲੀਪ ਕੌਰ ਨੇ ਆਪਣੀ ਦ੍ਰਿਸ਼ਟੀ ਤੋਂ ਅਜੋਕੀ ਪੰਜਾਬੀ ਔਰਤ ਦੀ ਦਸ਼ਾ ਅਤੇ ਦਿਸ਼ਾ ਨੂੰ ਬਿਆਨਿਆ ਹੈ।

ਡਾ. ਜਸਪਾਲ ਸਿੰਘ ਨੇ ਆਪਣੇ ਭਾਸ਼ਣ 'ਸੰਮਲਿਤ ਪਹੁੰਚ ਦਾ ਸਿੱਖ ਸੰਕਲਪ' ਦੇ ਨੌਂ ਭਾਗਾਂ ਵਿਚ ਪੰਜਾਬੀ ਸਮਾਜ ਦੀ ਬਣਤਰ, ਬੁਣਤਰ ਅਤੇ ਵਿਕਾਸ ਨੂੰ ਭਾਵਪੂਰਤ ਸ਼ਬਦਾਂ 'ਚ ਵਿਅਕਤ ਕੀਤਾ ਹੈ। ਡਾ. ਸਤਯਪਾਲ ਗੌਤਮ ਨੇ ਆਪਣੇ ਭਾਸ਼ਣ ਵਿਚ ਮਨੁੱਖੀ ਜੀਵਨ ਸ਼ੈਲੀ ਦੇ ਦਾਰਸ਼ਨਿਕ ਪੱਖਾਂ ਨੂੰ ਚਿੰਤਨ ਦਾ ਵਿਸ਼ਾ ਬਣਾਇਆ ਹੈ। ਪੰਜਾਬੀ ਪੱਤਰਕਾਰੀ ਅਤੇ ਪੱਤਰਕਾਰਾਂ ਦਾ ਪੰਜਾਬੀ ਗਾਇਕੀ ਨੂੰ ਬਦਲਣ ਵਿਚ ਉੱਘਾ ਯੋਗਦਾਨ ਹੈ। ਇਸ ਦੀ ਨਿਰਖ-ਪਰਖ ਗੁਲਜ਼ਾਰ ਸਿੰਘ ਸੰਧੂ ਨੇ ਆਪਣੇ ਭਾਸ਼ਣ ਵਿਚ ਕੀਤੀ ਹੈ। ਗੁਰਚਰਨ ਸਿੰਘ ਭੁੱਲਰ ਨੇ ਆਪਣੇ ਭਾਸ਼ਣ ਦਾ ਵਿਸ਼ਾ ਪੰਜਾਬੀ ਦਾ ਕੌਮੀ ਅਤੇ ਕੌਮਾਂਤਰੀ ਭਵਿੱਖ ਨਿਰਧਾਰਿਤ ਕਰਕੇ ਵਿਸ਼ਵੀਕਰਨ ਦੇ ਸੰਦਰਭ ਵਿਚ ਆਪਣੇ ਵਿਚਾਰ ਪ੍ਰਗਟਾਏ ਹਨ। ਪੰਜਾਬੀ ਸਭਿਆਚਾਰ ਵਰਤਮਾਨ ਕਾਲ-ਖੰਡ ਵਿਚ ਕਾਫੀ ਬਦਲ ਚੁੱਕਾ ਹੈ, ਇਸਦੀ ਦਸ਼ਾ ਅਤੇ ਦਿਸ਼ਾ ਨੂੰ ਡਾ. ਕਰਨਜੀਤ ਸਿੰਘ ਨੇ ਉਭਾਰਿਆ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸਦੀਵੀ ਸੱਚ ਦਾ ਵਿਗਿਆਨਕ ਸੰਕਲਪ ਪੇਸ਼ ਕਰਦਾ ਹੈ। ਇਸ ਪਰਿਪੇਖ ਨੂੰ ਸਮਕਾਲੀ ਪ੍ਰਸੰਗਤਾ ਵਿਚ ਡਾ. ਮਹਿੰਦਰ ਕੌਰ ਗਿੱਲ ਨੇ ਆਪਣੇ ਭਾਸ਼ਣ ਵਿਚ ਪੇਸ਼ ਕੀਤਾ ਹੈ। ਪੁਸਤਕ ਵਿਚ ਅੰਕਿਤ ਬਾਰ੍ਹਵਾਂ ਭਾਸ਼ਣ ਸੁਰਜੀਤ ਪਾਤਰ ਦਾ ਹੈ, ਉਸਨੇ 1947 ਦੇ ਵੰਡ-ਵੰਡਾਈਏ ਅਤੇ ਇਸ ਵਿਚੋਂ ਉਪਜੇ ਸੰਤਾਪ ਸਬੰਧੀ ਲਿਖੀ ਕਵਿਤਾ ਨੂੰ ਬੜੇ ਭਾਵਪੂਰਤ ਤਰੀਕੇ ਨਾਲ ਪ੍ਰਗਟਾਇਆ ਹੈ। ਨਿਰਸੰਦੇਹ, ਇਹ ਪੁਸਤਕ ਸਮੁੱਚੇ ਪੰਜਾਬੀ ਜਗਤ ਦੇ ਅਧਿਐਨ ਲਈ ਲਾਹੇਵੰਦ ਸਾਬਿਤ ਹੋ ਸਕਦੀ ਹੈ। ਇਸ ਪ੍ਰਕਾਰ ਦੇ ਯਾਦਗਾਰੀ ਭਾਸ਼ਣਾਂ ਦੀ ਲੜੀ ਚੱਲਦੀ ਰਹਿਣੀ ਚਾਹੀਦੀ ਹੈ ਤਾਂ ਜੋ ਪੰਜਾਬੀ ਪਾਠਕ ਅਤੇ ਚਿੰਤਕ ਆਪਣੀ ਹੋਂਦ-ਸਥਿਤੀ ਨੂੰ ਬਰਕਰਾਰ ਰੱਖ ਸਕਣ। ਇਸ ਸਮੁੱਚੇ ਕਾਰਜ ਲਈ ਬਲਬੀਰ ਮਾਧੋਪੁਰੀ ਦੀ ਸਾਹਿਤਕ-ਸੂਝ ਦੀ ਪ੍ਰਸੰਸਾ ਕਰਨੀ ਬਣਦੀ ਹੈ।■

ਡਾ. ਜਗੀਰ ਸਿੰਘ ਨੂਰ
98142-09732

MAGZTER

ਬੀ. ਐੱਸ. ਬੀਰ

ਕਹਾਣੀ



ਇਹੁ ਜਨਮੁ ਤੁਮ੍ਹਾਰੇ ਲੇਖੇ

ਥਕੀ-ਮਾਂਦੀ, ਬੇਆਸ, ਉਦਾਸ ਤੇ ਗ਼ਮਗ਼ੀਨ ਹੌਂਡਮਿਸਟਰੈਸ ਜਤਿੰਦਰ ਕੌਰ ਜਦੋਂ ਪੀ.ਜੀ.ਆਈ. ਪੁੱਜੀ ਤਾਂ ਉਥੋਂ ਦੇ ਡਾਕਟਰ ਨੇ ਉਸ ਨੂੰ ਅੰਦਰ ਬੁਲਾਇਆ- "ਕਾਂਗਰੈਚੁਲੇਸ਼ਨਜ਼, ਮਿਸਿਜ਼ ਜਤਿੰਦਰ। ਸਾਨੂੰ ਕਲ੍ਹ ਰਾਤ ਨੂੰ ਵਿਦੇਸ਼ ਤੋਂ ਇਕ ਟਰੰਕ ਕੌਲ ਮਿਲੀ ਹੈ। ਉਸ ਵਿਅਕਤੀ ਨੇ ਦਸਿਆ ਹੈ ਕਿ ਉਸ ਦਾ ਬਲੱਡ ਗਰੁੱਪ ਮਾਈਨਸ ਹੈ ਅਤੇ ਉਹ ਕਿਡਨੀ ਦੇਣ ਲਈ ਤਿਆਰ ਹੈ। ਜੇ ਟੀ.ਇਸ਼ੂ ਮਿਲ ਗਏ ਤਾਂ ਫਿਰ ਤੁਹਾਡੇ ਲੜਕੇ ਦੀ ਜਾਨ ਬਚਣ ਦੀ ਪੂਰੀ ਪੂਰੀ ਸੰਭਾਵਨਾ ਹੈ।" ਮਿਸਿਜ਼ ਜਤਿੰਦਰ ਨੇ ਡਾਕਟਰ ਦਾ ਧੰਨਵਾਦ ਕੀਤਾ ਤੇ ਮਨ ਹੀ ਮਨ ਉਸ ਨੇ ਵਾਹਿਗੁਰੂ ਨੂੰ ਯਾਦ ਕੀਤਾ ਤੇ ਕਿਹਾ, 'ਸੱਚੇ ਪਾਤਸ਼ਾਹ, ਤੂੰ ਸਭ ਦੀ ਸੁਣਦਾ ਹੈਂ।'

ਜਤਿੰਦਰ ਕੌਰ ਤਿਰਤਾਲੀ ਸਾਲਾਂ ਦੀ ਅਧਖੜ ਉਮਰ ਦੀ ਔਰਤ ਹੈ ਤੇ ਉਹ ਮੋਹਾਲੀ ਵਿਚ ਖ਼ਾਲਸਾ ਗਰਲਜ਼ ਸਕੂਲ ਵਿਖੇ ਹੈਡਮਿਸਟਰੈਸ ਲਗੀ ਹੋਈ ਹੈ। ਉਸ ਦਾ ਇਕੋ-ਇਕ ਮੁੰਡਾ ਹਰਪ੍ਰੀਤ ਪੀ.ਜੀ.ਆਈ. ਵਿਚ ਦਾਖ਼ਲ ਹੈ। ਡਾਕਟਰਾਂ ਨੇ ਦੱਸਿਆ ਸੀ ਕਿ ਉਸ ਦੇ ਦੋਵੇਂ ਗੁਰਦੇ ਕੰਮ ਕਰਨੋਂ ਰਹਿ ਗਏ ਹਨ। ਘੱਟੋ-ਘੱਟ ਇਕ ਗੁਰਦਾ ਬਦਲਣਾ ਅਤਿ ਜ਼ਰੂਰੀ ਹੈ। ਉਸ ਦਾ ਬਲੱਡ ਗਰੁੱਪ ਮਾਈਨਸ ਸੀ ਜੋ ਸੌਖਿਆਂ ਨਹੀਂ ਸੀ ਮਿਲ ਰਿਹਾ। ਜਤਿੰਦਰ ਪਿਛਲੇ ਵੀਹ ਸਾਲਾਂ ਤੋਂ ਇਕੱਲੀ ਰਹਿ ਰਹੀ ਹੈ। ਉਸ ਦੇ ਵਿਆਹ ਨੂੰ ਅਜੇ ਪੰਜ-ਛੇ ਮਹੀਨੇ ਹੀ ਹੋਏ ਸਨ ਕਿ ਉਸ ਦੇ ਪਤੀ ਨੇ ਉਸ ਨੂੰ ਛੱਡ ਦਿੱਤਾ ਸੀ। ਆਖਰ ਦੋਹਾਂ ਨੇ ਤਲਾਕ ਲੈ ਲਿਆ ਸੀ। ਜੱਜ ਨੇ ਹਰਪ੍ਰੀਤ ਨੂੰ ਉਸ ਦੀ ਝੋਲੀ ਵਿਚ ਪਾ ਦਿੱਤਾ ਸੀ। ਉਂਝ ਵੀ ਉਸ ਦਾ ਪਤੀ ਦੋ-ਤਿੰਨ ਮਹੀਨਿਆਂ ਦੇ ਬੱਚੇ ਦੀ ਮੁਸੀਬਤ ਸਹੇੜਨਾ ਨਹੀਂ ਸੀ ਚਾਹੁੰਦਾ। ਤਲਾਕ ਦਾ ਕਾਰਨ ਜਤਿੰਦਰ ਦੇ ਪਤੀ ਦਾ ਸ਼ੱਕੀ ਹੋਣਾ ਸੀ ਤੇ ਉਸ ਨੂੰ ਜਤਿੰਦਰ ਦੇ ਚਰਿੱਤਰ 'ਤੇ ਸ਼ੱਕ ਹੋ ਗਿਆ ਸੀ। ਜਤਿੰਦਰ ਦੇ ਪਤੀ ਨੇ ਦੂਜਾ ਵਿਆਹ ਕਰਵਾ ਲਿਆ ਸੀ। ਜਤਿੰਦਰ ਦੇ ਮਾਤਾ-ਪਿਤਾ ਨੇ ਬਹੁਤ ਜ਼ੋਰ ਲਾਇਆ ਸੀ ਕਿ ਉਹ ਵੀ ਦੂਜਾ ਵਿਆਹ ਕਰਵਾ ਲਵੇ ਪਰ ਜਤਿੰਦਰ ਨੇ ਇਕ ਨਾਂਹ ਅਜਿਹੀ ਫੜੀ ਕਿ ਘਰ ਦੇ ਸਾਰੇ ਜੀਅ ਉਸ ਨੂੰ ਮਨਾਉਣ ਵਿਚ ਅਸਫਲ ਰਹੇ। ਜਤਿੰਦਰ ਨੇ ਬੀ.ਐੱਸ-ਸੀ., ਬੀ.ਐਡ ਕਰਕੇ ਮੋਹਾਲੀ ਸਕੂਲ ਵਿਚ ਨੌਕਰੀ ਕਰ ਲਈ ਸੀ। ਉਸ ਦਾ ਪਤੀ ਅੰਮ੍ਰਿਤਸਰ ਰਹਿੰਦਾ ਸੀ। ਤਲਾਕ ਮਗਰੋਂ ਉਹ ਅੰਮ੍ਰਿਤਸਰ ਤੋਂ ਆਪਣੇ ਪੇਕੇ ਮੋਹਾਲੀ ਆ ਗਈ ਸੀ। ਕੁਝ ਸਾਲ ਉਹ ਆਪਣੇ ਮਾਤਾ-ਪਿਤਾ ਨਾਲ ਰਹੀ।

ਜਦੋਂ ਉਸ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ ਤਾਂ ਉਸ ਨੇ ਇਕ ਫਲੈਟ ਮੁੱਲ ਲੈ ਲਿਆ ਸੀ ਤੇ ਆਪਣੇ ਬੇਟੇ ਹਰਪ੍ਰੀਤ ਨਾਲ ਇਕੱਲੀ ਰਹਿੰਦੀ ਸੀ। ਸਕੂਲ ਵਿਚ ਉਹ ਲਗਨ ਨਾਲ ਪੜ੍ਹਾਉਂਦੀ। ਸਵੇਰ ਦਾ ਸਮਾਂ ਉਹ ਪਾਠ-ਬੰਦਗੀ ਵਿਚ ਗੁਜ਼ਾਰ ਦਿੰਦੀ ਤੇ ਸ਼ਾਮ ਨੂੰ ਆ ਕੇ ਸਾਹਿਤ ਪੜ੍ਹਦੀ ਰਹਿੰਦੀ। ਉਹ ਕਦੇ-ਕਦੇ ਗੁਰਦੁਆਰੇ ਕੀਰਤਨ ਵੀ ਕਰਦੀ ਤੇ ਕੀਰਤਨ ਵਿਚ ਅੰਤਾਂ ਦਾ ਵੈਰਾਗ ਹੁੰਦਾ। ਉਸ ਨੂੰ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਸਾਹਿਤ ਦਾ ਚੌਖਾ ਗਿਆਨ ਹੋ ਗਿਆ ਸੀ। ਗੁਰਬਾਣੀ ਦਾ ਅਧਿਐਨ ਵੀ ਉਸ ਨੇ ਕਾਫੀ ਕੀਤਾ ਸੀ। ਅਖ਼ਬਾਰਾਂ-ਰਸਾਲਿਆਂ ਵਿਚ ਉਸ ਦੀਆਂ ਕੁਝ ਨਜ਼ਮਾਂ ਤੇ ਕਹਾਣੀਆਂ ਵੀ ਛਪਣ ਲਗ ਪਈਆਂ ਸਨ। ਹਾਲਾਂਕਿ ਉਸ ਨੂੰ ਕਈ ਸਾਹਿਤ-ਸਭਾਵਾਂ ਦੇ ਸੱਦੇ ਆਉਂਦੇ ਪਰ ਉਹ ਕਿਸੇ ਵੀ ਸਮਾਗਮ ਵਿਚ ਨਹੀਂ ਸੀ ਜਾਂਦੀ। ਉਸ ਦੇ ਜੀਵਨ ਦੀ ਆਸ ਹਰਪ੍ਰੀਤ ਨੇ ਐੱਮ.ਬੀ.ਏ. ਕਰ ਲਈ ਸੀ। ਅਜੇ ਉਹ ਨੌਕਰੀ ਦੀ ਤਲਾਸ਼ ਵਿਚ ਹੀ ਸੀ ਕਿ ਇਸ ਬਿਮਾਰੀ ਨੇ ਉਸ ਨੂੰ ਆ ਘੇਰਿਆ। ਪਹਿਲੇ ਛੇ ਮਹੀਨੇ ਤਾਂ ਉਸ ਨੂੰ ਬਿਮਾਰੀ ਦਾ ਪਤਾ ਹੀ ਨਹੀਂ ਸੀ ਲਗਿਆ। ਜਤਿੰਦਰ ਨੇ ਹਰਪ੍ਰੀਤ ਲਈ ਗੁਰਦੇ ਦਾ ਪ੍ਰਬੰਧ ਕਰਨ ਲਈ ਸਿਰਤੋੜ ਯਤਨ ਕੀਤੇ ਸਨ। ਉਸ ਦਾ ਆਪਣਾ ਬਲੱਡ-ਗਰੁੱਪ ਹਰਪ੍ਰੀਤ ਨਾਲ ਨਹੀਂ ਸੀ ਮਿਲਿਆ। ਉਹ ਹਰਪ੍ਰੀਤ ਦੇ ਗੁਰਦੇ ਲਈ ਦੋ ਲੱਖ ਰੁਪਏ ਤਕ ਖ਼ਰਚ ਕਰਨ ਲਈ ਤਿਆਰ ਸੀ। ਗੁਰਦੇ ਵੇਚਣ ਵਾਲੇ ਅਨੇਕ ਵਿਅਕਤੀ ਮਿਲੇ ਸਨ ਪਰ ਉਨ੍ਹਾਂ ਦਾ ਬਲੱਡ-ਗਰੁੱਪ ਹਰਪ੍ਰੀਤ ਨਾਲ ਨਹੀਂ ਸੀ ਮੇਲ ਖਾ ਰਿਹਾ। ਜਤਿੰਦਰ ਨੇ ਦਿੱਲੀ, ਬੰਬਈ, ਕਲਕੱਤਾ ਗੁਰਦੇ ਲਈ ਅਪੀਲ ਕੀਤੀ ਸੀ ਪਰ ਕਿਸੇ ਪਾਸੋਂ ਹੁੰਗਾਰਾ ਨਹੀਂ ਸੀ ਮਿਲਿਆ। ਉਹ ਬੇਆਸ ਹੋ ਗਈ ਸੀ। ਉਸ ਦੇ ਜਿਉਣ ਦਾ ਕੀ ਹੱਜ? ਉਹ ਸੋਚਦੀ। ਉਸ ਨੇ ਸਮੇਂ ਨਾਲ ਟੱਕਰ ਲਈ ਸੀ। ਹਾਲਾਤ ਤੇ ਸਮਾਜ ਨਾਲ ਟੱਕਰ ਲਈ ਸੀ। ਹਾਲਾਤ ਨਾਲ ਲੜੀ ਸੀ। ਸਿਰਫ ਇਸ ਆਸ ਉੱਤੇ ਕਿ ਚਲੋ ਹਰਪ੍ਰੀਤ ਬੇਟਾ ਉਸ ਦਾ ਹੈ। ਵੱਡਾ ਹੋ ਕੇ ਉਸ ਦਾ ਸਹਾਰਾ ਬਣੇਗਾ। ਇਨ੍ਹਾਂ ਵੀਹ ਸਾਲਾਂ ਦੇ ਦੌਰਾਨ ਉਸ ਨੇ ਕਿਸੇ ਹੋਰ ਮਰਦ ਨੂੰ ਆਪਣੀ ਜ਼ਿੰਦਗੀ ਵਿਚ ਝਾਕਣ ਤਕ ਦੀ ਇਜਾਜ਼ਤ ਨਹੀਂ ਸੀ ਦਿੱਤੀ। ਤਲਾਕ ਮਗਰੋਂ ਤਾਂ ਉਸ ਨੂੰ ਜਿਵੇਂ ਮਰਦ ਜਾਤ ਨਾਲ ਚਿੜ੍ਹ ਜਿਹੀ ਹੋ ਗਈ ਸੀ। ਉਸ ਦੇ ਸਹਾਰੇ ਸਨ-ਗੁਰਬਾਣੀ, ਸਾਹਿਤ ਤੇ ਸੰਗੀਤ। ਉਸ ਦੀ ਜ਼ਿੰਦਗੀ ਸੀ ਹਰਪ੍ਰੀਤ। ਜਿਉਣ ਦੀ ਆਸ ਸੀ ਤਾਂ ਬੇਟਾ ਹਰਪ੍ਰੀਤ।

ਅਜ ਜਦੋਂ ਹਸਪਤਾਲ ਵਿਚ ਡਾਕਟਰ ਨੇ ਉਸ ਨੂੰ ਇਹ ਖ਼ਬਰ ਸੁਣਾਈ ਤਾਂ ਉਸ ਦਾ ਰੋਮ-ਰੋਮ ਖ਼ੁਸ਼ੀ ਵਿਚ ਨੱਚ ਉਠਿਆ। ਉਸ ਦੇ ਚਿਹਰੇ 'ਤੇ ਅਗੰਮੀ ਨੂਰ ਉਤਰ ਆਇਆ। ਉਸ ਨੂੰ ਲਗਿਆ ਜਿਵੇਂ ਉਸ ਦੀ ਉਮਰ ਦਸ ਸਾਲ ਵਧ ਗਈ ਹੋਵੇ। ਡਾਕਟਰ ਦਾ ਧੰਨਵਾਦ ਕਰਕੇ, ਉਹ ਸਿੱਧੀ ਹਰਪ੍ਰੀਤ ਦੇ ਕਮਰੇ ਵਲ ਦੌੜੀ। ਉਸ ਨੂੰ ਖ਼ੁਸ਼ੀ ਦੀ ਖ਼ਬਰ ਸੁਣਾਈ ਗਈ। ਹਰਪ੍ਰੀਤ ਦੀਆਂ ਅੱਖਾਂ ਵਿਚ ਹੰਝੂ ਆ ਗਏ। ਜਤਿੰਦਰ ਨੇ ਆਪਣੇ-ਆਪ 'ਤੇ ਕਾਬੂ ਰਖਿਆ ਤੇ ਉਸ ਨੇ ਆਪਣੇ ਰੁਮਾਲ ਨਾਲ ਪੁੱਤਰ ਹਰਪ੍ਰੀਤ ਦੇ ਹੰਝੂ ਪੁੰਝੇ ਤੇ ਹੌਸਲਾ ਦਿੰਦੇ ਹੋਏ ਕਿਹਾ ਸੀ, "ਹਰਪ੍ਰੀਤ ਮੈਂ ਤਾਂ ਨਾਰੀ ਹਾਂ, ਜਿਸਨੂੰ ਅਕਸਰ ਅਬਲਾ ਕਿਹਾ ਜਾਂਦੈ। ਤੂੰ ਤਾਂ ਮਰਦ ਹੈਂ। ਤੈਨੂੰ ਦਲੇਰ ਹੋਣਾ ਚਾਹੀਦਾ ਹੈ। ਸਗੋਂ ਤੂੰ ਮੈਨੂੰ ਹੌਸਲਾ ਦੇ। ਵਾਹਿਗੁਰੂ ਨੇ ਸਾਡੀ ਸੁਣ ਲਈ ਹੈ। ਬਲੱਡ ਗਰੁੱਪ

MAGZTER



ਵਾਲਾ ਵਿਅਕਤੀ ਮਿਲ ਗਿਆ ਹੈ। ਉਸ ਨੇ ਲੌਂਸ ਏਂਜਲਸ ਤੋਂ ਟਰੰਕ ਕੌਲ ਕੀਤੀ ਹੈ। ਪਤਾ ਨਹੀਂ ਅੰਗਰੇਜ਼ ਹੈ ਕਿ ਪੰਜਾਬੀ। ਚਲੋ ਕੋਈ ਵੀ ਹੋਵੇ, ਸਾਡੇ ਲਈ ਫ਼ਰਿਸ਼ਤਾ ਹੈ। ਵਾਹਿਗੁਰੂ ਨੇ ਉਸ ਦੇ ਦਿਲ ਵਿਚ ਅਪਾਰ ਰਹਿਮਤ ਭਰੀ ਹੈ।"

ਹਰਪ੍ਰੀਤ ਨੇ ਕਿਹਾ ਸੀ, "ਮੰਮੀ ਜੇ ਟੀ.ਇਸ਼ੂ ਨਾ ਮਿਲੇ ਤਾਂ ਫਿਰ ?" ਜਤਿੰਦਰ ਨੇ ਜਵਾਬ ਦਿੱਤਾ ਸੀ, "ਝੱਲਿਆ, ਕੁਝ ਵਾਹਿਗੁਰੂ 'ਤੇ ਵੀ ਭਰੋਸਾ ਰਖਣਾ ਚਾਹੀਦਾ ਹੈ। ...ਭੋਰੀ ਹਾਥ ਰੁਮਹਾਰੇ। ਤੂੰ ਕੋਈ ਨਾ ਕੋਈ ਗੁਰਬਾਣੀ ਦਾ ਸ਼ਬਦ ਜ਼ਰੂਰ ਪੜ੍ਹਦਾ ਰਿਹਾ ਕਰ, ਸਭ ਠੀਕ ਹੋ ਜਾਵੇਗਾ।"

ਇਸ ਮਗਰੋਂ ਜਤਿੰਦਰ ਸਿੱਧੀ ਗੁਰਦਵਾਰੇ ਗਈ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਥੀਜ਼ ਦੇ ਸਾਹਮਣੇ ਪਲਕਾਂ ਬੰਦ ਕਰਕੇ ਉਹ ਦਸ ਮਿੰਟ ਖਲੋਤੀ ਰਹੀ ਸੀ। ਇੰਝ ਲਗਦਾ ਸੀ ਜਿਵੇਂ ਕਿ ਉਹ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਸਮਝ ਗੱਲਾਂ ਕਰ ਰਹੀ ਹੋਵੇ। ਉਸ ਨੇ ਇਕੀ ਰੁਪਏ ਦਾ ਪ੍ਰਸ਼ਾਦ ਕਰਵਾਇਆ ਤੇ ਫਿਰ ਪ੍ਰਸ਼ਾਦ ਲੈ ਕੇ ਮੁੜ ਹਸਪਤਾਲ ਵਾਪਸ ਪੁਜ ਗਈ ਸੀ। ਹਰਪ੍ਰੀਤ ਦੀ ਜੀਭ ਤੇ ਉਸ ਨੇ ਸੀਤ-ਪ੍ਰਸ਼ਾਦ ਰਖਿਆ। ਹਰਪ੍ਰੀਤ ਨੇ ਬੜੀ ਸ਼ਰਧਾ ਦੇ ਨਾਲ ਪ੍ਰਸ਼ਾਦ ਛਕ ਲਿਆ ਸੀ।

ਦੋਵੇਂ ਮਾਂ-ਪੁੱਤ ਉਸ ਫਰਿਸ਼ਤੇ ਦੀ ਉਡੀਕ ਵਿਚ ਸਨ ਜਿਸ ਨੇ ਲੌਂਸ-ਏਂਜਲਸ ਤੋਂ ਆਉਣਾ ਸੀ। ਜਤਿੰਦਰ ਸੋਚਣ ਲਗਦੀ, 'ਜੇ ਉਹ ਨਾ ਆਇਆ ਤਾਂ ਫਿਰ ਕੀ ਬਣੂੰ ? ਮੈਂ ਡਾਕਟਰ ਤੋਂ ਉਸ ਦਾ ਪਤਾ, ਟੈਲੀਫੋਨ ਨੰਬਰ ਪੁੱਛਣਾ ਹੀ ਭੁੱਲ ਗਈ।' ਉਸ ਮਗਰੋਂ ਉਹ ਫਿਰ ਡਾਕਟਰ ਕੋਲ ਚਲੀ ਗਈ। ਡਾਕਟਰ ਨੇ ਸ਼ਾਂਤ ਲਹਿਜੇ ਨਾਲ ਦਸਿਆ, "ਉਸ ਵਿਅਕਤੀ ਨੇ ਬੜੇ ਵਿਸ਼ਵਾਸ ਨਾਲ ਕਿਹਾ ਸੀ ਕਿ ਉਹ ਤਿੰਨ--ਚਾਰ ਦਿਨਾਂ ਦੇ ਅੰਦਰ-ਅੰਦਰ ਚੰਡੀਗੜ੍ਹ ਪਹੁੰਚ ਰਿਹਾ ਹੈ। ਤੁਹਾਡਾ ਐਡਰੈਸ ਉਸ ਕੋਲ ਨਹੀਂ ਸੀ। ਪੀ.ਜੀ.ਆਈ. ਦਾ ਨੰਬਰ ਉਸ ਨੇ ਐਮਬੈਸੀ ਤੋਂ ਲਿਆ ਸੀ। ਤੁਸੀਂ ਰੱਬ 'ਤੇ ਭਰੋਸਾ ਰਖੋ। ਉਸ ਨੇ ਭਾਵੇਂ ਆਪਣਾ ਪਤਾ ਨਹੀਂ ਦਿੱਤਾ ਪਰ ਜਿਸ ਢੰਗ ਨਾਲ ਗੱਲਬਾਤ ਕਰ ਰਿਹਾ ਸੀ, ਲਗਦਾ ਸੀ ਕਿ ਉਹ ਸੱਚੇ ਦਿਲੋਂ ਗੁਰਦਾ ਦਾਨ ਕਰਨਾ ਚਾਹੁੰਦਾ ਹੈ। ਹੁਣ ਤੁਸੀਂ ਰਿਲੈਕਸ ਹੋਵੋ।"

ਉਸ ਤੋਂ ਅਗਲੇ ਦਿਨ ਜਤਿੰਦਰ ਨੂੰ ਸਕੂਲ ਦੇ ਇਕ ਬਹੁਤ ਜ਼ਰੂਰੀ ਕੰਮ ਲਈ ਜਲੰਧਰ ਜਾਣਾ ਪੈ ਗਿਆ ਸੀ। ਇਕ ਰਾਤ ਉਸ ਨੇ ਉਥੇ ਆਪਣੀ ਮਾਸੀ ਕੋਲ ਕੱਟਣੀ ਸੀ। ਉਸ ਦਾ ਸਰੀਰ ਭਾਵੇਂ ਜਲੰਧਰ ਜਾ ਰਿਹਾ ਸੀ ਪਰ ਉਸ ਦਾ ਮਨ ਤੇ ਆਤਮਾ ਪੀ.ਜੀ.ਆਈ. ਵਿਚ ਹਰਪ੍ਰੀਤ ਕੋਲ ਸਨ। ਬਸ ਵਿਚ ਬੈਠੀ ਨੇ ਗੁਟਕਾ ਕੱਢਿਆ ਤੇ ਦੋ ਵਾਰ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾਇਆ ਸੀ। ਜਦੋਂ ਜਲੰਧਰ ਗਈ ਹੋਈ ਸੀ ਤਾਂ ਉਸੇ ਰਾਤ ਨੂੰ ਸਾਢੇ ਅੱਠ ਵਜੇ ਲੌਂਸ-ਏਂਜਲਸ ਵਾਲਾ ਵਿਅਕਤੀ ਚੰਡੀਗੜ੍ਹ ਪੁਜ ਗਿਆ। ਸਭ ਤੋਂ ਪਹਿਲਾਂ ਉਹ ਸਬੰਧਿਤ ਡਾਕਟਰ ਨੂੰ ਮਿਲਿਆ ਤੇ ਉਸ ਮਗਰੋਂ ਉਹ ਹਰਪ੍ਰੀਤ ਦੇ ਕਮਰੇ ਵਿਚ ਆਇਆ ਸੀ। ਡਾਕਟਰ ਨੇ ਉਸ ਵਿਅਕਤੀ ਨੂੰ ਦਸਿਆ ਸੀ ਕਿ ਅਗਲੇ ਦਿਨ ਸਵੇਰੇ ਦਸ ਵਜੇ ਹੀ ਉਸ ਦਾ ਗੁਰਦਾ ਲਿਆ ਜਾਵੇਗਾ। ਟੀ.ਇਸ਼ੂ ਮਿਲ ਗਏ ਸਨ। ਹਰਪ੍ਰੀਤ ਦਾ ਚਿਹਰਾ ਆਸ ਨਾਲ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ ਸੀ। ਉਹ ਵਿਅਕਤੀ ਜਦੋਂ ਹਰਪ੍ਰੀਤ ਦੇ ਕਮਰੇ ਵਿਚ ਆਇਆ ਤਾਂ ਉਸ ਨੇ ਹਰਪ੍ਰੀਤ ਦਾ ਮੋਢਾ ਥਪਥਪਾਇਆ ਤੇ ਕਿਹਾ, "ਘਬਰਾਉਣ ਦੀ ਕੋਈ ਗੱਲ ਨਹੀਂ ਨੌਜਵਾਨ। ਵਾਹਿਗੁਰੂ 'ਤੇ ਭਰੋਸਾ ਰਖੋ। ਮੈਨੂੰ ਪੰਜਾਬੀ ਦੇ ਅਖ਼ਬਾਰ ਵਿਚ ਜਦੋਂ ਪਤਾ ਲਗਿਆ ਕਿ ਕਿਸੇ ਨੌਜਵਾਨ ਨੂੰ ਗੁਰਦਾ ਚਾਹੀਦਾ ਹੈ ਤੇ ਮੇਰਾ ਬਲੱਡ ਗਰੁੱਪ ਉਸ ਨਾਲ ਮਿਲਦਾ ਹੈ ਤਾਂ ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਿਆ ਸੀ। ਬੇਟਾ ਜੀ, ਹੁਣ ਤੁਸੀਂ ਆਰਾਮ ਨਾਲ ਨੀਂਦ ਕਰੋ। ਵਾਹਿਗੁਰੂ ਨੇ ਚਾਹਿਆ ਤਾਂ ਸਵੇਰੇ ਮੁੜ ਮਿਲਾਂਗੇ।"

ਇਸ ਮਗਰੋਂ ਉਹ ਵਿਅਕਤੀ ਹੋਟਲ ਵਾਪਸ ਚਲਾ ਗਿਆ ਸੀ। ਹੋਟਲ ਵਿਚ ਆਰਾਮ ਕਰਨ ਮਗਰੋਂ ਉਹ ਸਵੇਰੇ ਛੇਤੀ ਹੀ ਉਠ ਗਿਆ ਅਤੇ ਗੁਰਬਾਣੀ ਦਾ ਪਾਠ ਕਰਨ ਮਗਰੋਂ ਅੱਠ ਵਜੇ ਆਪ ਹੀ ਹਸਪਤਾਲ ਪਹੁੰਚ ਗਿਆ ਸੀ। ਡਾਕਟਰ ਇਸ ਕੇਸ ਵਿਚ ਵਿਸ਼ੇਸ਼ ਦਿਲਚਸਪੀ ਦਿਖਾ ਰਹੇ ਸਨ। ਡਾਕਟਰ ਵੀ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਉਥੇ ਪਹੁੰਚ ਗਏ ਸਨ। ਨੌ ਵਜੇ ਡਾਕਟਰ ਉਸ ਨੂੰ ਆਪਰੇਸ਼ਨ ਥੀਏਟਰ ਵਿਚ ਲੈ ਗਏ।

ਜਤਿੰਦਰ ਗਿਆਰ੍ਹਾਂ ਕੁ ਵਜੇ ਪੀ.ਜੀ.ਆਈ. ਹਸਪਤਾਲ ਸਿਧੀ ਹੀ ਪੁੱਜੀ ਸੀ। ਪਹਿਲਾਂ ਉਹ ਹਰਪ੍ਰੀਤ ਦੇ ਕਮਰੇ ਵਿਚ ਗਈ। ਹਰਪ੍ਰੀਤ ਦਾ ਚਿਹਰਾ ਕਮਲ ਦੇ ਫੁੱਲ ਵਾਂਗ ਖਿੜਿਆ ਵੇਖ ਕੇ, ਉਸ ਨੇ ਉਸ ਦੇ ਮੱਥੇ ਨੂੰ ਚੁੰਮ ਲਿਆ ਸੀ। ਹਰਪ੍ਰੀਤ ਨੇ ਦਸਿਆ, "ਉਹ ਲੌਂਸ-ਏਂਜਲਸ ਵਾਲੇ ਜੈਂਟਲਮੈਨ ਆ ਗਏ ਹਨ। ਮੰਮੀ, ਤੁਸੀਂ ਸੁਣ ਕੇ ਖ਼ੁਸ਼ ਹੋਵੋਗੇ ਕਿ ਉਹ ਪੰਜਾਬ ਦੇ ਹੀ ਹਨ। ਸਿੰਘ ਸਾਹਿਬ, ਪੂਰੇ ਗੁਰੂ ਸਿੰਘ। ਕੱਲ੍ਹ ਰਾਤੀਂ ਉਹ ਮੇਰੇ ਕਮਰੇ ਵਿਚ ਆਏ ਸਨ ਤੇ ਮੈਨੂੰ ਹੌਸਲਾ ਦੇ ਕੇ ਗਏ ਤੇ ਨਾਲ ਹੀ ਆਸ਼ੀਰਵਾਦ। ਉਹ ਮੈਨੂੰ ਟੇਪਰਿਕਾਰਡ 'ਤੇ ਕੁਝ ਗੁਰਬਾਣੀ ਦੀਆਂ ਕੈਸਟਾਂ ਵੀ ਦੇ ਗਏ ਹਨ। ਮੈਂ ਨਾਂਹ ਨਾ ਕਰ ਸਕਿਆ।" ਜਤਿੰਦਰ ਨੇ ਪਲਕਾਂ ਬੰਦ ਕੀਤੀਆਂ, ਹੱਥ ਜੋੜੇ ਤੇ ਉੱਪਰ ਵੱਲ ਵੇਖਿਆ, "ਸੱਚੇ ਪਾਤਸ਼ਾਹ ਜੀ, ਤੁਸੀਂ ਹੀ ਰਾਖਣਹਾਰ ਹੋ।" ਇਸ ਮਗਰੋਂ ਜਤਿੰਦਰ ਨੇ ਹਰਪ੍ਰੀਤ ਨੂੰ ਪੁਛਿਆ ਕਿ ਉਹ ਸਾਹਿਬ ਕਿਹੋ ਜਿਹੇ ਸਨ।" ਹਰਪ੍ਰੀਤ ਨੇ ਜਵਾਬ ਦਿੱਤਾ, "ਕੋਈ ਪੰਜਤਾਲੀ-ਛਿਆਲੀ ਸਾਲ ਦੇ ਲਗਦੇ ਹਨ। ਉਨ੍ਹਾਂ ਦੇ ਦਾੜ੍ਹੇ ਵਿਚ ਦੋ-ਚਾਰ ਹੀ ਚਿੱਟੇ ਵਾਲ ਹੋਣੇ ਨੇ। ਚਿਹਰੇ 'ਤੇ ਨੂਰ ਝਲਕਦਾ ਸੀ ਤੇ ਕੱਦ ਮੇਰੇ ਕੁ ਜਿੰਨਾ ਹੋਣਾ ਹੈ। ਹਾਂ ਥੋੜ੍ਹਾ ਜਿਹਾ ਲੰਙ ਮਾਰ ਕੇ ਜ਼ਰੂਰ ਚਲਦੇ ਸਨ।" ਜਤਿੰਦਰ ਨੇ ਜਦੋਂ ਨਾਂ ਪੁਛਿਆ ਤਾਂ ਹਰਪ੍ਰੀਤ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ ਕਿ ਨਾਂ ਤਾਂ ਉਸ ਨੇ ਪੁਛਿਆ ਹੀ ਨਹੀਂ।

ਇਸ ਮਗਰੋਂ ਜਤਿੰਦਰ ਡਾਕਟਰ ਕੋਲ ਗਈ ਤਾਂ ਪਤਾ ਲਗਾ ਕਿ ਡਾਕਟਰ ਤੇ ਉਨ੍ਹਾਂ ਦੀ ਟੀਮ ਲਾਸ-ਏਂਜਲਸ ਦੇ ਸਿੰਘ ਸਾਹਿਬ ਨੂੰ ਲੈ ਕੇ ਆਪਰੇਸ਼ਨ ਥੀਏਟਰ ਚਲੇ ਗਏ ਸਨ। ਉਹ ਆਪਰੇਸ਼ਨ ਥੀਏਟਰ ਦੇ ਬਾਹਰ ਖਲ੍ਹੋ ਗਈ। ਦੋ ਵਜੇ ਡਾਕਟਰ ਬਾਹਰ ਆਏ ਤੇ ਉਨ੍ਹਾਂ ਜਤਿੰਦਰ ਨੂੰ ਦਸਿਆ ਕਿ ਗੁਰਦਾ ਲੈ ਲਿਆ ਗਿਆ ਹੈ ਤੇ ਅਜ ਸ਼ਾਮ ਨੂੰ ਉਹ ਗੁਰਦਾ ਹਰਪ੍ਰੀਤ ਨੂੰ ਚੜ੍ਹਾ ਦਿੱਤਾ ਜਾਵੇਗਾ। ਜਤਿੰਦਰ ਨੇ ਪੁੱਛਿਆ, "ਕੀ ਮੈਂ ਉਸ ਮਹਾਨ ਵਿਅਕਤੀ ਨੂੰ ਮਿਲ ਸਕਦੀ ਹਾਂ ?" ਡਾਕਟਰ ਨੇ ਨਾਂਹ ਵਿਚ ਸਿਰ ਹਿਲਾ ਕੇ ਕਿਹਾ, "ਅਜੇ ਉਨ੍ਹਾਂ ਨੂੰ ਹੋਸ਼ ਆਉਣ ਵਿਚ ਚਾਰ-ਪੰਜ ਘੰਟੇ ਲਗਣਗੇ। ਜਤਿੰਦਰ ਨੇ ਬੇਨਤੀ ਕੀਤੀ ਤੇ ਕਿਹਾ, "ਜੇ ਤੁਸੀਂ ਬੁਰਾ ਨਾ ਮੰਨੋ ਤਾਂ ਮੈਂ ਦੂਰੋਂ ਹੀ ਵੇਖਕੇ ਉਸ ਦੇ ਸਾਹਮਣੇ ਨਤ-ਮਸਤਕ ਹੋਣਾ ਚਾਹੁੰਦੀ ਹਾਂ।" ਡਾਕਟਰ ਜਤਿੰਦਰ ਦੀ ਸ਼ਰਧਾ ਤੋਂ ਕਾਇਲ ਹੋ ਗਿਆ ਸੀ। ਉਹ ਜਤਿੰਦਰ ਨੂੰ ਆਪਰੇਸ਼ਨ ਥੀਏਟਰ ਦੇ ਅੰਦਰ ਲੈ ਗਿਆ। ਲੌਂਸ-ਏਂਜਲਸ ਵਾਲੇ ਸੱਜਣ ਬੇਸੁੱਧ ਪਏ ਸਨ। ਉਨ੍ਹਾਂ ਦੇ ਸਰੀਰ ਨੂੰ ਸਫ਼ੈਦ ਚਾਦਰ ਨਾਲ ਢਕਿਆ ਹੋਇਆ ਸੀ। ਦਸਤਾਰ ਨਾਲ ਪਈ ਸੀ ਅਤੇ ਸਿਰ ਢਕਿਆ ਹੋਇਆ ਸੀ। ਚਿਹਰਾ ਵੀ ਅੱਧਾ ਢਕਿਆ ਹੋਇਆ ਸੀ। ਜਤਿੰਦਰ ਨੇ ਨਜ਼ਰ ਭਰ ਕੇ ਉਸ ਦੇ ਚਿਹਰੇ ਵੱਲ ਵੇਖਿਆ। ਇਕ ਪਲ ਲਈ ਉਹ ਟਿਕ-ਟਿਕੀ ਬੰਨ੍ਹ ਕੇ ਉਸ ਵਲ ਵੇਖਣ ਲਗੀ। ਉਹਨੂੰ ਲਗਿਆ ਜਿਵੇਂ ਉਹ ਚਿਹਰਾ ਜਾਣਿਆ-ਪਛਾਣਿਆ ਹੈ। ਫਿਰ ਉਹ ਆਪਣੇ ਝੱਲੇਪਣ 'ਤੇ ਆਪ ਹੀ ਹੱਸ ਪਈ। ਮਨ ਹੀ ਮਨ ਵਿਚ ਆਪਣੇ-ਆਪ ਨੂੰ ਝੱਲੀ ਕਿਹਾ। ਉਸ ਨੇ ਹੱਥ ਜੋੜ ਕੇ ਉਸ ਭਲੇ ਪੁਰਸ਼ ਦੇ ਸਾਹਮਣੇ ਸਿਰ ਝੁਕਾ ਦਿੱਤਾ ਤੇ ਅਰਦਾਸ ਕੀਤੀ, "ਵਾਹਿਗੁਰੂ, ਇਸ ਫ਼ਰਿਸ਼ਤੇ ਨੂੰ ਮੇਰੀ ਉਮਰ ਲਗ ਜਾਵੇ। ਇਸ ਫ਼ਰਿਸ਼ਤੇ ਨੂੰ, ਤੰਦਰੁਸਤੀ ਬਖਸ਼ੋ।" ਜਤਿੰਦਰ ਦੀਆਂ ਪਲਕਾਂ ਭਿੱਜ ਗਈਆਂ ਤੇ ਦੋ ਹੰਝੂ ਉਸ ਭਲੇ ਪੁਰਸ਼ ਦੇ ਪੈਰਾਂ 'ਤੇ ਆਪ ਮੁਹਾਰੇ ਆ ਕਿਰੇ। ਡਾਕਟਰ ਨੇ ਜਤਿੰਦਰ ਨੂੰ ਬਾਹਰ ਜਾਣ ਲਈ ਬੇਨਤੀ ਕੀਤੀ ਤੇ ਜਤਿੰਦਰ ਰੁਮਾਲ ਨਾਲ ਅੱਖਾਂ ਪੂੰਝਦੀ ਬਾਹਰ ਆ ਗਈ ਸੀ।

ਇਸ ਮਗਰੋਂ ਜਤਿੰਦਰ ਫਿਰ ਰੁਝ ਗਈ ਸੀ ਕਿਉਂਕਿ ਸ਼ਾਮ ਨੂੰ ਉਸ ਦੇ ਬੇਟੇ ਹਰਪ੍ਰੀਤ ਦਾ ਆਪਰੇਸ਼ਨ ਸੀ। ਉਹ ਚਾਹੁੰਦੀ ਸੀ ਕਿ ਉਹ ਉਸ ਮਹਾਂਪੁਰਸ਼ ਦੇ ਹੋਸ਼ ਵਿਚ ਆਉਣ ਤਕ ਉਸ ਦੇ ਬੈੱਡ ਦੇ ਨੇੜੇ ਹੀ ਖਲੋਤੀ ਰਹੇ। ਪਰ ਉਹ ਮਜਬੂਰ ਸੀ ਕਿਉਂਕਿ ਹਰਪ੍ਰੀਤ ਲਈ ਦਵਾਈਆਂ ਤੇ ਹੋਰ ਚੀਜ਼ਾਂ ਦਾ ਇੰਤਜ਼ਾਮ ਕਰਨਾ ਪੈਣਾ ਸੀ। ਉਸ ਨੇ ਫ਼ੋਨ ਕਰਕੇ ਆਪਣੇ ਵੱਡੇ ਭਰਾ ਗੁਰਬਖ਼ਸ਼ ਸਿੰਘ ਨੂੰ ਵੀ ਉੱਥੇ ਹੀ ਬੁਲਾ ਲਿਆ ਸੀ। ਉਸ ਦੀ ਭਰਜਾਈ ਵੀ ਉੱਥੇ ਆ ਗਈ ਸੀ। ਸ਼ਾਮ ਨੂੰ ਪੰਜ ਕੁ ਵਜੇ ਹਰਪ੍ਰੀਤ ਦਾ ਆਪਰੇਸ਼ਨ ਸ਼ੁਰੂ ਹੋਇਆ। ਰਾਤ ਦੇ ਗਿਆਰ੍ਹਾਂ ਕੁ ਵਜੇ ਆਪਰੇਸ਼ਨ ਪੂਰਾ ਹੋਇਆ। ਹਰਪ੍ਰੀਤ ਨੂੰ ਆਕਸੀਜਨ ਲਾਈ ਗਈ ਸੀ ਤੇ ਖ਼ੂਨ ਵੀ ਚੜ੍ਹਾਇਆ ਗਿਆ ਸੀ। ਸਿਰਫ਼ ਇਕ ਵਾਰ ਜਤਿੰਦਰ ਤੇ ਗੁਰਬਖ਼ਸ਼ ਸਿੰਘ ਨੂੰ ਦੇਖਣ ਲਈ ਬੁਲਾਇਆ ਗਿਆ ਸੀ। ਇਸ ਮਗਰੋਂ ਉਨ੍ਹਾਂ ਦੋਹਾਂ ਨੂੰ ਬਾਹਰ ਭੇਜ ਦਿੱਤਾ ਗਿਆ ਸੀ। ਸਾਰੀ ਰਾਤ ਉਹ ਆਪਰੇਸ਼ਨ ਥੀਏਟਰ ਤੋਂ ਬਾਹਰ ਬੈਠੇ ਰਹੇ। ਜਤਿੰਦਰ ਗੁਰਬਾਣੀ ਦਾ ਪਾਠ ਕਰਦੀ ਰਹੀ। ਗੁਰਬਾਣੀ ਨੇ ਉਸ ਨੂੰ ਅਥਾਹ ਮਨੋਬਲ ਦਿੱਤਾ ਸੀ। ਹਰਪ੍ਰੀਤ ਦੀ ਚਿੰਤਾ ਵਿਚ ਉਹ ਉਸ ਵਿਅਕਤੀ ਨੂੰ ਹੀ ਭੁੱਲ ਗਈ ਸੀ ਜਿਸ ਨੇ ਗੁਰਦਾ ਦਾਨ ਕੀਤਾ ਸੀ। ਰਾਤ ਦੇ ਦੋ ਵਜੇ ਉਸ ਨੂੰ ਭਲੇ ਮਨੁੱਖ

MAGZTER

ਦੀ ਯਾਦ ਆਈ। ਉਸ ਚਾਹਿਆ ਕਿ ਉਹ ਉਸ ਨੂੰ ਮਿਲ ਕੇ ਆਵੇ। ਫਿਰ ਸੋਚਿਆ ਇਸ ਵਕਤ ਤਾਂ ਉਹ ਸੁੱਤੇ ਹੋਣਗੇ ਜਾਂ ਆਰਾਮ ਕਰ ਰਹੇ ਹੋਣਗੇ। ਦੂਜੀ ਗੱਲ ਉਸ ਨੂੰ ਹਰਪ੍ਰੀਤ ਦੀ ਵੀ ਫ਼ਿਕਰ ਸੀ। ਅਗਲੇ ਦਿਨ ਸਵੇਰੇ ਅੱਠ ਵਜੇ ਹਰਪ੍ਰੀਤ ਨੂੰ ਹੋਸ਼ ਆਈ ਤਾਂ ਉਸ ਦੇ ਚਿਹਰੇ 'ਤੇ ਹੰਝੂਆਂ ਦੀ ਝੜੀ ਸੁਕਰਾਨੇ ਵਜੋਂ ਵਗਣ ਲਗੀ ਤੇ ਉਹ ਹੰਝੂ ਵਾਹਿਗੁਰੂ ਦਾ ਧੰਨਵਾਦ ਕਰਦੇ ਲਗੇ। ਜਤਿੰਦਰ ਦੇ ਦੋਵੇਂ ਹੱਥ ਜੁੜ ਗਏ ਤੇ ਪਲਕਾਂ ਮੀਟੀਆਂ ਗਈਆਂ ਸਨ। ਉਸ ਦੇ ਵੱਡੇ ਵੀਰ ਗੁਰਬਖ਼ਸ਼ ਨੇ ਉਸ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਸੀ, "ਜੀਤੀ, ਆਪਣਾ ਹਰਪ੍ਰੀਤ ਹੁਣ ਠੀਕ ਹੋ ਜਾਵੇਗਾ।" ਡਾਕਟਰ ਨੇ ਵੀ ਆ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਸੀ। ਫਿਰ ਉਸ ਨੂੰ ਕੁਝ ਯਾਦ ਆਇਆ, ਜਿਵੇਂ ਕੋਈ ਅੱਭੜਵਾਹੇ ਨੀਂਦ ਤੋਂ ਉੱਠਦਾ ਹੈ।

"ਡਾਕਟਰ ਉਸ ਭਲੇ ਸੱਜਣ ਦਾ ਕੀ ਹਾਲ ਹੈ ਜਿਸਨੇ ਗੁਰਦਾ ਦਿੱਤਾ ਹੈ।" ਡਾਕਟਰ ਮੁਸਕਰਾਇਆ ਤੇ ਕਹਿਣ ਲਗਾ, "ਉਸ ਵਿਅਕਤੀ ਵਿਚ ਬੜੀ ਵਿਲ ਪਾਵਰ ਹੈ। ਉਹ ਤਾਂ ਦਲੀਆ ਛਕ ਰਹੇ ਹਨ। ਸਵੇਰੇ ਹਰਪ੍ਰੀਤ ਬਾਰੇ ਪੁਛਦੇ ਸਨ। ਉਦੋਂ ਹਰਪ੍ਰੀਤ ਨੂੰ ਹੋਸ਼ ਨਹੀਂ ਸੀ ਆਈ। ਜਦੋਂ ਮੈਂ ਚੁੱਪ ਰਿਹਾ ਤਾਂ ਉਨ੍ਹਾਂ ਬੜੀ ਦ੍ਰਿੜ੍ਹਤਾ ਨਾਲ ਕਿਹਾ ਸੀ, "ਡਾਕਟਰ, ਮੁੰਡੇ ਨੂੰ ਕੁਝ ਨਹੀਂ ਹੋਣ ਲਗਾ। ਦਵਾਈ ਦੀ ਬੇਹੋਸ਼ੀ ਹੋਣੀ ਏ। ਮੈਨੂੰ ਵਾਹਿਗੁਰੂ 'ਤੇ ਪੂਰਾ ਵਿਸ਼ਵਾਸ ਹੈ ਕਿ ਮੁੰਡਾ ਜ਼ਰੂਰ ਠੀਕ ਹੋ ਜਾਵੇਗਾ ਤੇ ਮੇਰਾ ਇਥੇ ਆਉਣਾ ਬੇਕਾਰ ਨਹੀਂ ਜਾਣ ਲੱਗਾ।"

ਗੁਰਬਖ਼ਸ਼ ਸਿੰਘ ਨੂੰ ਹਰਪ੍ਰੀਤ ਕੋਲ ਛੱਡ ਕੇ ਅਗਲੇ ਹੀ ਪਲ ਜਤਿੰਦਰ ਲੱਸ-ਏਂਜਲਸ ਵਾਲੇ ਸੱਜਣ ਦੇ ਦਰਸ਼ਨਾਂ ਨੂੰ ਚਲ ਪਈ ਸੀ। ਜਿਉਂ ਹੀ ਉਸ ਨੇ ਦਰਵਾਜ਼ਾ ਖੋਲ੍ਹਿਆ, ਉਹ ਸੱਜਣ ਬੈੱਡ ਦੀ ਬੈਕ ਨਾਲ ਢੋਅ ਲਾਈ ਬੈਠਾ ਸੀ। ਸਿਰ 'ਤੇ ਦਸਤਾਰ ਬੰਨ੍ਹੀ ਹੋਈ ਸੀ ਤੇ ਦਾੜ੍ਹਾ ਖੋਲ੍ਹਿਆ ਹੋਇਆ ਸੀ ਜਿਸ ਵਿਚ ਦਾੜ੍ਹੇ ਦੇ ਬਲਵੇਂ ਪਾਸੇ ਵਲੇਟ ਪਏ ਹੋਏ ਸਨ, ਪਰ ਉਸ ਦੀਆਂ ਪਲਕਾਂ ਬੰਦ ਸਨ। ਜਤਿੰਦਰ ਉਸ ਦਾਲ ਟਿਕਟਿਕੀ ਬੰਨ੍ਹ ਕੇ ਵੇਖਣ ਲਗੀ। ਕੁਝ ਚਿਰ ਲਈ ਉਹ ਬੰਤਾ ਬੁਲਾਉਣੀ ਵੀ ਭੁੱਲ ਗਈ ਸੀ। ਉਹ ਸੱਜਣ ਆਰਾਮ ਦੀ ਅਵਸਥਾ ਵਿਚ ਸੀ-ਤੇ ਪਲਕਾਂ ਬੰਦ ਸਨ। ਉਸ ਨੇ ਜਤਿੰਦਰ ਨੂੰ ਨਹੀਂ ਵੇਖਿਆ। ਜਤਿੰਦਰ ਹੋਰ ਨੇੜੇ ਗਈ। ਉਸ ਨੂੰ ਲਗਿਆ ਕਿ ਉਹ ਕਿਤੇ ਧੋਖਾ ਤਾਂ ਨਹੀਂ ਖਾ ਰਹੀ। ਜਦੋਂ ਉਸ ਨੇ ਦੋਵੇਂ ਹੱਥ ਜੋੜ ਸਤਿ ਸ੍ਰੀ ਅਕਾਲ ਬੁਲਾਈ ਤਾਂ ਉਸ ਸੱਜਣ ਨੇ ਅੱਖਾਂ ਖੋਲ੍ਹੀਆਂ। ਉਸ ਦੀਆਂ ਅੱਖਾਂ ਕੁਝ ਨਮ ਹੋਣ ਦਾ ਯਤਨ ਕਰ ਰਹੀਆਂ ਸਨ। ਉਸ ਨੇ ਹੱਥ ਨਾਲ ਇਸ਼ਾਰਾ ਕੀਤਾ ਕਿ ਜਤਿੰਦਰ ਸਟੂਲ 'ਤੇ ਬੈਠ ਜਾਵੇ। ਉਸ ਨੂੰ ਥੋੜ੍ਹਾ ਜਿਹਾ ਦਰਦ ਮਹਿਸੂਸ ਹੋਇਆ। ਪਰ ਦਾਰੂ ਦੇਣ ਦਾ ਉਸ ਨੂੰ ਲਗਿਆ ਜਿਵੇਂ ਉਸ ਦੇ ਦਿਲ ਵਿਚ ਠੰਢਕ ਹੋਈ। ਦੋਵੇਂ ਇਕ ਦੂਜੇ ਨੂੰ ਪ੍ਰਸੰਨ ਕਰਨ ਦਾ ਯਤਨ ਕਰ ਰਹੇ ਸਨ। ਪਰ ਦੋਹਾਂ ਨੂੰ ਡਰ ਸੀ ਕਿ ਦੋਵੇਂ ਗਲਤ ਨਾ ਹੋਣ। ਜਤਿੰਦਰ ਨੇ ਝਿਜਕਦੇ-ਝਿਜਕਦੇ ਪੁਛਿਆ, "ਤੁਸੀਂ ਲੁਧਿਆਣੇ ਦੇ-ਜਤਿੰਦਰ ਵਾਲੇ ਤਾਂ ਨਹੀਂ।" ਆਵਾਜ਼ ਜਾਣੀ-ਪਛਾਣੀ ਸੀ। ਇਹ ਸੁਣਕੇ ਉਸ ਲੱਸ-ਏਂਜਲਸ ਵਾਲੇ ਸਜਣ ਨੂੰ ਆਪਣੇ-ਆਪ 'ਤੇ ਵਿਸ਼ਵਾਸ ਹੋ ਗਿਆ ਸੀ। ਉਸ ਨੇ ਇਕ ਲੰਬਾ ਹਉਕਾ ਲਿਆ ਤੇ ਅੱਖਾਂ ਬੰਦ ਕਰਕੇ ਇਕ ਗੁੱਝੀ ਪੀੜ ਨਾਲ ਮੁਸਕਰਾਇਆ। "ਹਾਂ ਜੀਤੀ। ਵਾਹਿਗੁਰੂ ਨੇ ਕਿਵੇਂ ਤੇ ਕਿੱਥੇ ਮਿਲਾਇਆ ਹੈ। ਉਸ ਦਾ ਕੋਟੀ ਕੋਟੀ ਧੰਨਵਾਦ ਹੈ। ਉਸ ਨੇ ਦੋਵੇਂ ਹੱਥ ਫੈਲਾ ਕੇ ਉੱਪਰ ਵੱਲ ਵੇਖਿਆ। ਉਸ ਦੇ ਚਿਹਰੇ 'ਤੇ ਨੂਰ ਜਿਹਾ ਆ ਗਿਆ ਸੀ। ਜਤਿੰਦਰ ਦੀਆਂ ਅੱਖਾਂ ਖ਼ੁਸ਼ੀ ਤੇ ਹੈਰਾਨੀ ਨਾਲ ਚੌੜੀਆਂ ਹੁੰਦੀਆਂ ਗਈਆਂ, "ਤੁ-ਸੀ ਸੀ ਹਰਦੀਪ ਸਿੰਘ।" ਜਤਿੰਦਰ ਵਹਿਣਾਂ ਵਿਚ ਵਹਿ ਤੁਰੀ। ਸੋਚਾਂ ਵਿਚ, ਉਸ ਦੇ ਸਾਹਮਣੇ ਛੱਬੀ-ਸਤਾਈ ਸਾਲ ਪਹਿਲਾਂ ਦੀ ਕਹਾਣੀ ਫ਼ਿਲਮ ਵਾਂਗ ਚੱਲਣ ਲਗੀ।

ਜਤਿੰਦਰ ਉਦੋਂ ਸੋਲ੍ਹਾਂ ਕੁ ਸਾਲ ਦੀ ਸੀ ਜਦੋਂ ਉਹ ਹਾਇਰ ਸੈਕੰਡਰੀ ਭਾਗ ਦੂਜਾ ਵਿਚ ਪੜ੍ਹਦੀ ਸੀ। ਉਸ ਨੇ ਮੈਡੀਕਲ ਸਾਇੰਸ ਗਰੁੱਪ ਲਿਆ ਸੀ। ਅਜੇ ਉਸ ਨੂੰ ਗਿਆਰ੍ਹਵੀਂ ਜਮਾਤ ਵਿਚ ਚੜ੍ਹਿਆ ਚਾਰ-ਪੰਜ ਮਹੀਨੇ ਹੀ ਹੋਏ ਸਨ ਕਿ ਹਰਦੀਪ ਸਿੰਘ ਕਾਲਜ ਤੋਂ ਬੀ.ਐੱਸ-ਸੀ. ਕਰਕੇ ਉਨ੍ਹਾਂ ਦੇ ਸਕੂਲ ਵਿਚ ਕੁਝ ਮਹੀਨਿਆਂ ਲਈ ਸਾਇੰਸ ਟੀਚਰ ਆ ਲਗਿਆ ਸੀ। ਉਹ ਜਤਿੰਦਰ ਦੇ ਸਕੂਲ ਵਿਚ ਬੌਟਨੀ ਤੇ ਜੌਆਲੋਜੀ ਦੋਵੇਂ ਵਿਸ਼ੇ ਪੜ੍ਹਾਉਂਦਾ ਸੀ। ਉਸ ਸਮੇਂ ਵੀਹ ਕੁ ਸਾਲ ਦੀ ਉਮਰ ਹੋਣੀ ਹੈ ਉਸ ਦੀ। ਲੰਮਾ ਪਤਲਾ ਸਰੂ ਵਰਗਾ ਕੱਦ, ਰੰਗ ਗੋਰਾ। ਅੱਖੀਆਂ ਬਾਜ਼ ਵਾਂਗੂੰ ਤੇਜ਼। ਦਸਤਾਰ ਬੜੀ ਫੱਬਵੀਂ ਤੇ ਬੋਚਵੀਂ ਬੰਨਦਾ ਸੀ। ਪੜ੍ਹਾਉਣ ਵਿਚ ਮਾਹਿਰ। ਬੈਡਮਿੰਟਨ ਦਾ ਵਧੀਆ ਖਿਡਾਰੀ। ਜਤਿੰਦਰ ਸਕੂਲ ਦੀ ਬੈਡਮਿੰਟਨ ਦੀ ਖਿਡਾਰਨ ਸੀ। ਸਬੱਬੀਂ ਹਰਦੀਪ ਸਿੰਘ ਨੂੰ ਕਿਰਾਏ 'ਤੇ ਕਮਰਾ ਵੀ ਜਤਿੰਦਰ ਦੇ ਮੁਹੱਲੇ ਵਿਚ ਮਿਲਿਆ ਸੀ। ਇਕ ਮਹੀਨੇ ਵਿਚ ਹੀ ਉਹ ਇਕ ਦੂਜੇ ਵੱਲ ਖਿੱਚੇ ਗਏ। ਜਤਿੰਦਰ ਨੇ ਆਪਣੇ ਪਿਆਰ ਦੀ ਭਿਣਕ ਆਪਣੇ ਘਰ ਵਾਲਿਆਂ ਤਕ ਨਹੀਂ ਸੀ ਪੈਣ ਦਿੱਤੀ। ਹਰਦੀਪ ਨੇ ਉਸ ਦੇ ਜਿਸਮ ਨੂੰ ਕਦੇ ਨਹੀਂ ਸੀ ਛੋਹਿਆ। ਦੋਹਾਂ ਵਿਚ ਅਸੀਮ ਪਿਆਰ ਹੋ ਗਿਆ ਸੀ। ਪਿਆਰ ਜਿਸ ਵਿਚ ਜਨਮ-ਜਨਮਾਂਤਰਾਂ ਦਾ ਸੰਬੰਧ ਲਗਦਾ ਸੀ। ਕਮਲ ਦੇ ਫੁੱਲ ਵਰਗਾ ਅਛੋਹ ਪਿਆਰ। ਵਾਸ਼ਨਾ ਤੋਂ ਉੱਪਰ, ਬਹੁਤ ਉੱਪਰ, ਦੋਹੇਂ ਮਹਿਸੂਸ ਕਰਦੇ। ਜਤਿੰਦਰ ਆਪਣੀ ਕਲਾਸ ਵਿਚ ਫਸਟ ਵੀ ਆਈ ਸੀ ਤੇ ਉਸ ਨੇ ਕਾਲਜ ਵਿਚ ਬੀ.ਐੱਸ-ਸੀ. (ਮੈਡੀਕਲ) ਕਰਨ ਦੀ ਧਾਰ ਲਈ ਸੀ। ਉਹਨੀਂ ਦਿਨੀਂ ਹਰਦੀਪ ਨੇ ਉਚੇਰੀ ਪੜ੍ਹਾਈ ਲਈ ਅਮਰੀਕਾ ਵਿਚ ਅਪਲਾਈ ਕੀਤਾ ਹੋਇਆ ਸੀ। ਪੰਜਾਬ ਵਿਚੋਂ ਸਿਰਫ ਦੋ ਵਿਅਕਤੀ ਹੀ ਚੁਣੇ ਗਏ ਸਨ। ਅਮਰੀਕਾ ਵਿਚ ਹਰਦੀਪ ਨੂੰ ਚਾਰ ਸਾਲ ਲਗਣੇ ਸਨ। ਹਰਦੀਪ ਨੇ ਜਦੋਂ ਜਤਿੰਦਰ ਨੂੰ ਗੱਲ ਦਸੀ ਤਾਂ ਜਤਿੰਦਰ ਕੁਝ ਪਲਾਂ ਲਈ ਉਦਾਸ ਤਾਂ ਹੋਈ ਸੀ ਪਰ ਉਸ ਨੇ ਆਪਣੀ ਉਦਾਸੀ ਛਿਪਾਉਂਦੇ ਹੋਏ ਕਿਹਾ ਸੀ, "ਆਦਮੀ ਨੂੰ ਕੁਝ ਪਾਉਣ ਲਈ ਕੁਝ ਨਾ ਕੁਝ, ਕੁਝ ਸਮੇਂ ਲਈ ਗੁਆਉਣਾ ਪੈਂਦਾ ਹੈ। ਜਦੋਂ ਤਕ ਤੁਸੀਂ ਨਹੀਂ ਆਉਂਦੇ, ਜੀਤੀ ਤੁਹਾਡਾ ਰਾਹ ਵੇਖੇਗੀ।"

ਹਰਦੀਪ ਅਮਰੀਕਾ ਲਈ ਫਲਾਈਟ ਲੈਣ ਤੋਂ ਦੋ ਦਿਨ ਪਹਿਲਾਂ ਚੰਡੀਗੜ੍ਹ ਆਇਆ ਸੀ। ਜਤਿੰਦਰ ਵੀ ਉੱਥੇ ਪੁਜ ਗਈ ਸੀ। ਇਕ ਹੋਟਲ ਵਿਚ ਦੋਵੇਂ ਬੈਠੇ ਸਨ। ਦੋਹਾਂ ਨੇ ਇਕੱਠੇ ਖਾਣਾ ਖਾਧਾ ਸੀ। ਜਦੋਂ ਜਤਿੰਦਰ ਉਸ ਨੂੰ ਬੱਸ ਸਟੈਂਡ 'ਤੇ ਅਲਵਿਦਾ ਕਹਿਣ ਆਈ ਤਾਂ ਹਰਦੀਪ ਨੇ ਪਹਿਲੀ ਵਾਰ ਉਸ ਦੇ ਸੱਜੇ ਹੱਥ ਦੀਆਂ ਉਂਗਲਾਂ ਨੂੰ ਫੜਿਆ ਸੀ ਤੇ ਆਪਣਾ ਹੱਥ ਉਸ ਦੇ ਹੱਥ 'ਤੇ ਰਖ ਕੇ ਕਿਹਾ ਸੀ, "ਜੀਤੀ, ਏਹ ਜਨਮ ਤੁਮਹਾਰੇ ਲੇਖੇ।" ਜਤਿੰਦਰ ਨੇ ਹਰਦੀਪ ਨੂੰ ਬੱਸ ਅੱਡੇ 'ਤੇ ਖਲੋਤੇ ਉਸ ਦੇ ਵੱਡੇ ਭਰਾ ਨੇ ਦੇਖ ਲਿਆ ਸੀ। ਜਤਿੰਦਰ ਨੇ ਸਾਰੀ ਗੱਲ ਆਪਣੇ ਮਾਤਾ-ਪਿਤਾ ਨੂੰ ਸਾਫ਼-ਸਾਫ਼ ਦਸ ਦਿੱਤੀ ਸੀ ਤੇ ਕਿਹਾ ਸੀ, "ਅਸੀਂ ਕੁਝ ਵੀ ਗਲਤ ਨਹੀਂ ਕੀਤਾ। ਹਾਂ, ਮੈਂ ਹਰਦੀਪ ਲਈ ਹਾਂ ਤੇ ਹਰਦੀਪ ਦੇ ਆਉਣ ਦਾ ਇੰਤਜ਼ਾਰ ਜ਼ਰੂਰ ਕਰਾਂਗੀ।"

ਅਜ ਜਤਿੰਦਰ ਪੀ.ਜੀ.ਆਈ. ਚੰਡੀਗੜ੍ਹ ਦੇ ਸਪੈਸ਼ਲ ਰੂਮ ਵਿਚ, ਉਸੇ ਹਰਦੀਪ ਦੇ ਸਾਹਮਣੇ ਬੈਠੀ ਸੀ ਜੋ ਛੱਬੀ ਪੌਣਛੜਾ ਬੀਤ ਜਾਣ ਮਗਰੋਂ ਮਿਲਿਆ ਸੀ। ਉਸ ਦੀ ਜ਼ਿੰਦਗੀ 'ਚ ਸਹਾਰਾ ਤਾਂ ਕਦੀ ਆਈ ਹੀ ਨਹੀਂ ਸੀ। ਦੋਵੇਂ ਕਾਫ਼ੀ ਦੇਰ ਚੁੱਪ ਬੈਠੇ ਰਹੇ। ਦੋਹਾਂ ਦੇ ਚਿਹਰਿਆਂ ਵਿਚ ਪਿਛਲੀਆਂ ਯਾਦਾਂ ਦੀ ਲਹੀ ਸੁਰਤੀ ਹੋਈ ਸੀ।

ਜਤਿੰਦਰ ਨੂੰ ਯਾਦ ਆਇਆ ਕਿ ਬੀ.ਐੱਸ-ਸੀ. ਦੇ ਦੌਰਾਨ ਹਰਦੀਪ ਦੀਆਂ ਚਿੱਠੀਆਂ ਉਸ ਨੂੰ ਆਉਂਦੀਆਂ ਰਹੀਆਂ, ਉਹ ਵੀ ਉਸ ਨੂੰ ਚਿੱਠੀਆਂ ਪਾਉਂਦੀ ਰਹੀ। ਬੀ.ਐੱਸ-ਸੀ. ਕਰਨ ਮਗਰੋਂ ਉਹ ਬੀ.ਐੱਡ ਵਿਚ ਦਾਖ਼ਲ ਹੋ ਗਈ ਸੀ। ਉਸ ਨੂੰ ਆਸ ਸੀ ਜਿਉਂ ਹੀ ਉਹ ਬੀ.ਐੱਡ. ਪਾਸ ਕਰੇਗੀ ਤੇ ਹਰਦੀਪ ਵੀ ਪੜ੍ਹਾਈ ਖ਼ਤਮ ਕਰਕੇ ਹਿਊਸਟਨ ਪਰਤ ਆਵੇਗਾ, ਦਵਾਈਆਂ ਦੀ ਕੰਪਨੀ ਰੈਨਬੈਕਸੀ ਨਾਲ ਉਸ ਦਾ ਕਾਂਟਰੈਕਟ ਜੋ ਹੋ ਗਿਆ ਸੀ। ਰੈਨਬੈਕਸੀ ਵਿਚ ਉਸ ਨੇ ਰਿਸਰਚ ਜੁਆਇਂਟ ਡਾਇਰੈਕਟਰ ਲਗਣਾ ਸੀ। ਜਤਿੰਦਰ ਦੀਆਂ ਅੱਖਾਂ ਵਿਚ ਹਮੇਸ਼ਾ ਹਰਦੀਪ ਹੀ ਵਸਿਆ ਰਹਿੰਦਾ। ਜਤਿੰਦਰ ਦੇ ਮਾਤਾ-ਪਿਤਾ ਨੇ ਉਸ ਨੂੰ ਸਮਝਾਉਂਦੇ ਹੋਏ ਕਿਹਾ, "ਜੀਤੀ, ਪਹਿਲਾਂ ਤਾਂ ਉਹ ਮੁੜਨ ਨਹੀਂ ਲਗਿਆ। ਜੇ ਉਹ ਮੁੜ ਵੀ ਆਇਆ ਤਾਂ ਉਸ ਨੇ ਤੇਰੇ ਨਾਲ ਵਿਆਹ ਨਹੀਂ ਕਰਵਾਉਣਾ।" ਜਤਿੰਦਰ ਨੇ ਕਿਹਾ ਸੀ, "ਮੈਨੂੰ ਹਰਦੀਪ 'ਤੇ ਰੰਬ ਤੋਂ ਵਧ ਭਰੋਸਾ ਹੈ।" ਫਿਰ ਉਸ ਨੇ ਹਰਦੀਪ ਦੀ ਚਿੱਠੀ ਵਿਖਾਈ ਜਿਸ ਵਿਚ ਇਹ ਲਿਖਿਆ ਸੀ ਕਿ ਉਹ ਅਗਸਤ ਜਾਂ ਸਤੰਬਰ ਦੇ ਮਹੀਨੇ ਜ਼ਰੂਰ ਹੀ ਪਰਤ ਆਵੇਗਾ ਕਿਉਂਕਿ ਉਸ ਦੀ ਟ੍ਰੇਨਿੰਗ ਜੁਲਾਈ ਵਿਚ ਖ਼ਤਮ ਹੋ ਰਹੀ ਹੈ। ਜਤਿੰਦਰ ਤੇ ਉਸ ਦੇ ਮਾਤਾ-ਪਿਤਾ ਨੇ ਹਰਦੀਪ ਦੀ ਸਤੰਬਰ ਤਕ ਉਡੀਕ ਕੀਤੀ ਪਰ ਉਹ ਨਾ ਪਰਤਿਆ। ਜਤਿੰਦਰ ਨੇ ਮਿੰਨਤਾਂ ਕਰਕੇ ਹੋਰ ਛੇ ਮਹੀਨੇ ਉਡੀਕ 'ਚ ਲੰਘਾ ਲਏ। ਇਸ ਮਗਰੋਂ ਅਗਸਤ ਦੇ ਮਹੀਨੇ ਮਗਰੋਂ ਹਰਦੀਪ ਦੀ ਕੋਈ ਚਿੱਠੀ ਵੀ ਨਾ ਆਈ ਤੇ ਕੁਝ ਪਤਾ ਨਾ ਲਗਾ ਤਾਂ ਜਤਿੰਦਰ ਦੇ ਮਾਤਾ-ਪਿਤਾ ਤੇ ਭਰਾਵਾਂ ਨੇ ਕਿਵੇਂ ਨਾ ਕਿਵੇਂ ਉਸ ਨੂੰ ਵਿਆਹ ਲਈ ਮਨਾ ਲਿਆ ਸੀ। ਉਸ ਦਾ ਵਿਆਹ ਅੰਮ੍ਰਿਤਸਰ ਦੇ ਕਮਲਜੀਤ ਸਿੰਘ ਨਾਲ ਕਰ ਦਿੱਤਾ ਗਿਆ ਸੀ ਜੋ ਕਿ ਉਥੋਂ ਦੀ ਇਕ ਪ੍ਰਸਿੱਧ ਕੱਪੜਾ ਮਿਲ ਵਿਚ ਮੈਨੇਜਰ ਸੀ। ਜਤਿੰਦਰ ਨੇ ਇਹ ਵਿਆਹ ਆਪਣੇ ਦਿਲ ਦੇ ਅਰਮਾਨਾਂ ਨੂੰ ਮਾਰ ਕੇ ਕੀਤਾ ਸੀ। ਪਹਿਲੇ ਤਿੰਨ-ਚਾਰ ਮਹੀਨੇ ਵਿਆਹ ਦੇ ਚੰਗੇ ਗੁਜ਼ਾਰੇ ਤੇ ਜਤਿੰਦਰ ਹੌਲੀ-ਹੌਲੀ ਹਰਦੀਪ ਨੂੰ ਕੁਝ ਕੁਝ ਭੁੱਲਣ ਲਗ ਪਈ ਸੀ। ਉਹ ਹਨੀਮੂਨ ਮਨਾਉਣ ਲਈ ਮੰਸੂਰੀ ਗਏ ਸਨ। ਇਕ ਦਿਨ ਪਤੀ ਕਮਲਜੀਤ ਨੂੰ ਕੁਝ ਕਾਗ਼ਜ਼ ਫਰੋਲਦੇ ਹੋਏ ਜਤਿੰਦਰ ਦੇ ਟਰੰਕ ਵਿਚੋਂ ਹਰਦੀਪ ਦੀ ਦੋ ਸਾਲ ਪੁਰਾਣੀ ਚਿੱਠੀ ਮਿਲ ਗਈ ਸੀ। ਇਸ ਚਿੱਠੀ ਨੇ ਦੋਹਾਂ ਨੂੰ ਤਲਾਕ ਦੇ ਕਿਨਾਰੇ ਪਹੁੰਚਾ ਦਿੱਤਾ ਸੀ। ਆਖ਼ਰ ਜਤਿੰਦਰ ਨਿਕੂ ਜਿਹੇ ਹਰਪ੍ਰੀਤ ਨੂੰ ਲੈ ਕੇ ਮੋਹਾਲੀ ਪਰਤ ਆਈ ਸੀ।

ਕੁਝ ਦੇਰ ਲਈ ਜਤਿੰਦਰ ਤੇ ਹਰਦੀਪ ਦੋਹੇਂ ਚੁੱਪ ਧਾਰੀ ਬੈਠੇ ਰਹੇ ਤੇ ਫਿਰ ਹਰਦੀਪ ਸਿੰਘ ਨੇ ਚੁੱਪ ਤੋੜੀ, "ਕਾਕੇ ਦਾ ਕੀ ਹਾਲ ਹੈ। ਉਹ ਬੋਲਿਆ ਕਿ ਨਹੀਂ?" ਜਤਿੰਦਰ ਨੇ ਹਾਂ ਵਿਚ ਸਿਰ ਹਿਲਾਇਆ। ਜਿੱਥੇ ਇਕ ਪਾਸੇ ਉਹ ਹਰਦੀਪ ਦੀ ਧੰਨਵਾਦੀ ਸੀ, ਉੱਥੇ ਬਾਈ ਸਾਲ ਪਹਿਲਾਂ ਦਾ ਸ਼ਿਕਵਾ ਫਿਰ ਉਮੜਿਆ ਤੇ ਉਸ ਕਿਹਾ- "ਮੈਂ ਪੁਛਣ ਦਾ ਹੱਕ ਤਾਂ ਨਹੀਂ ਰਖਦੀ ਤੇ ਨਾ ਹੀ ਕੁਝ ਪੁਛਣ ਦਾ ਫਾਇਦਾ ਹੈ।

MAGZTER

ਮੈਨੂੰ ਚਾਰ ਸਾਲ ਭਰੋਸਾ ਦੇ ਕੇ, ਇਕਦਮ ਕਿਧਰ ਗਵਾਚ ਗਏ ਸੀ ? ਜੇ ਤੁਸੀਂ ਉਧਰ ਹੀ ਵਿਆਹ ਕਰਵਾ ਕੇ ਵਸਣਾ ਸੀ ਤਾਂ ਮੈਨੂੰ ਸਾਫ਼-ਸਾਫ਼ ਲਿਖ ਦਿੰਦੇ। ... ਮੈਂ ਤੁਹਾਡਾ ਕਾਫ਼ੀ ਚਿਰ ਇੰਤਜ਼ਾਰ ਕੀਤਾ। ...ਆਖਰ ਮਾਤਾ-ਪਿਤਾ ਨੇ ਸਮਾਜ ਦੇ ਡਰ ਤੋਂ ਮਈ ਮਹੀਨੇ ਵਿਚ ਮੇਰਾ ਵਿਆਹ ਕਰ ਦਿੱਤਾ ਸੀ।" ਹਰਦੀਪ ਮੁਸਕਰਾਇਆ, "ਚੰਗਾ ਹੋਵੇ ਜੇ ਤੂੰ ਮੇਰੇ ਬਾਰੇ ਕੁਝ ਵੀ ਨਾ ਪੁੱਛੇ। ਪਰ ਤੂੰ ਪੁਛਣਾ-ਜ਼ਰੂਰ ਹੈ, ਇਸ ਲਈ ਦਸ ਦਿੰਦਾ ਹਾਂ। ਵਿਆਹ ਮੈਂ ਅਜੇ ਤਕ ਨਹੀਂ ਕਰਵਾਇਆ। ਭਾਵੇਂ ਮੇਰਾ ਇਕ ਮੁੰਡਾ ਤੇ ਨੂੰਹ ਵੀ ਹੈ ਤੇ ਇਕ ਪੋਤਾ ਵੀ।" ਜਤਿੰਦਰ ਦੀਆਂ ਅੱਖਾਂ ਪ੍ਰਸ਼ਨ ਚਿੰਨ੍ਹ ਬਣ ਗਈਆਂ ਸਨ ਤੇ ਉਹ ਸੋਚ ਰਹੀ ਸੀ ਵਿਆਹ ਤੋਂ ਬਿਨਾਂ ਪੋਤੀ ਤੇ ਨੂੰਹ ਕਿਵੇਂ ਹੋ ਸਕਦੇ ਹਨ ?

ਹਰਦੀਪ ਨੇ ਲੰਬਾ ਹਉਕਾ ਭਰਿਆ ਤੇ ਕਹਿਣਾ ਸ਼ੁਰੂ ਕੀਤਾ, "ਮੈਂ ਅਗਸਤ ਵਿਚ ਹਿੰਦੁਸਤਾਨ ਪਰਤਣਾ ਸੀ ਪਰ ਅਗਸਤ ਦੇ ਪਹਿਲੇ ਹਫ਼ਤੇ ਮੇਰਾ ਕਾਰ 'ਚ ਬੈਠੇ ਦਾ ਐਕਸੀਡੈਂਟ ਹੋ ਗਿਆ। ਡਰਾਈਵਿੰਗ ਮੈਂ ਆਪ ਕਰ ਰਿਹਾ ਸਾਂ। ਮੇਰੇ ਬਚਣ ਦੀ ਕੋਈ ਉਮੀਦ ਨਹੀਂ ਸੀ। ਪਰ ਉੱਥੋਂ ਦੇ ਡਾਕਟਰਾਂ ਦੇ ਬਲਿਹਾਰੇ ਜਾਈਏ ਕਿ ਉਨ੍ਹਾਂ ਪਰਦੇਸੀ ਦੀ ਜਾਨ ਬਚਾਉਣ ਲਈ ਪੂਰੀ ਵਾਹ ਲਾ ਦਿੱਤੀ। ਚਾਰ ਮਹੀਨੇ ਮੈਂ ਹਸਪਤਾਲ ਵਿਚ ਪਿਆ ਰਿਹਾ। ਜਦੋਂ ਮੈਂ ਹਸਪਤਾਲ ਤੋਂ ਬਾਹਰ ਆਇਆ ਤਾਂ ਮੇਰੀ ਲੱਤ ਵਿੰਗੀ ਹੋ ਚੁੱਕੀ ਸੀ ਤੇ ਮੈਂ ਕਾਫ਼ੀ ਲੰਝ ਮਾਰ ਕੇ ਚਲਦਾ ਸਾਂ। ਵਾਕਿੰਗ ਸਟਿਕ ਦਾ ਮੈਨੂੰ ਸਹਾਰਾ ਲੈਣਾ ਪੈਂਦਾ ਸੀ। ਮੈਂ ਆਪਣੇ ਆਪ ਨੂੰ ਤੇਰੇ ਕਾਬਲ ਨਾ ਸਮਝਿਆ ਕਿ ਲੋਕ ਕੀ ਕਹਿਣਗੇ ਕਿ ਜੀਤੀ ਨੂੰ ਲੰਗੜਾ-ਲੂਲ੍ਹਾ ਜੀਵਨ-ਸਾਥੀ ਮਿਲਿਆ ਹੈ। ਮੈਨੂੰ ਤੇਰੇ 'ਤੇ ਵਿਸ਼ਵਾਸ ਸੀ ਪਰ ਤੇਰੇ ਮਾਤਾ-ਪਿਤਾ ਇਸ ਰਿਸ਼ਤੇ ਦਾ ਵਿਰੋਧ ਕਰ ਸਕਦੇ ਸਨ। ਦੂਜੀ ਗੱਲ ਮੈਂ ਉੱਥੇ ਰਹਿ ਕੇ ਇਲਾਜ ਜਾਰੀ ਰਖਿਆ ਤੇ ਉੱਥੇ ਹੀ ਨੌਕਰੀ ਕਰ ਲਈ। ਛੇ-ਸੱਤ ਮਹੀਨੇ ਬਾਅਦ, ਮੇਰਾ ਕੁਝ ਲੰਝ ਮਾਰਨਾ ਘੱਟ ਗਿਆ ਪਰ ਪੂਰੀ ਤਰ੍ਹਾਂ ਨਹੀਂ। ਮੈਂ ਜੂਨ ਦੇ ਮਹੀਨੇ ਹਿੰਦੁਸਤਾਨ ਪਰਤਿਆ ਤੇ ਮੋਹਾਲੀ ਆਇਆ। ਤੇਰਾ ਵਿਆਹ ਹੋ ਚੁੱਕਾ ਸੀ। ਮੈਂ ਤੇਰੀਆਂ ਖ਼ੁਸ਼ੀਆਂ ਵਿਚ ਕਾਂਜੀ ਨਹੀਂ ਸੀ ਘੋਲਣਾ ਚਾਹੁੰਦਾ ਸਾਂ। ਪਰ ਤੈਨੂੰ ਵੇਖਣ ਦੀ ਦਿਲ ਵਿਚ ਇੱਛਾ ਲੈ ਕੇ ਵੀ ਵਾਪਸ ਨਹੀਂ ਸਾਂ ਜਾਣਾ ਚਾਹੁੰਦਾ। ਮੈਂ ਅੰਮ੍ਰਿਤਸਰ ਪਹੁੰਚਿਆ। ਤੁਸੀਂ ਦੋਵੇਂ ਮੰਸੂਰੀ ਗਏ ਹੋਏ ਸੀ। ਮੈਂ ਉੱਥੇ ਵੀ ਪਹੁੰਚ ਗਿਆ। ਮੈਂ ਤੁਹਾਡਾ ਹੋਟਲ ਵੀ ਲੱਭ ਲਿਆ ਸੀ। ਮੈਂ ਦਰਖ਼ਤਾਂ ਦੇ ਪਿੱਛੇ ਲੁਕ-ਲੁਕ ਵੇਖਦਾ। ਦਿਲ ਨੂੰ ਮਸੋਸਦਾ, ਪਰ ਤੇਰੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਸਮਝ ਲਿਆ। ਦੋ ਕੁ ਦਿਨ ਮੈਂ ਮੰਸੂਰੀ ਰਿਹਾ। ਮੈਂ ਆਪਣੇ ਮਨ ਦਾ ਬੋਝ ਲਾਹੁਣ ਦਾ ਅਸਫਲ ਯਤਨ ਕੀਤਾ ਸੀ। ਮੈਂ ਤੈਨੂੰ ਤੇਰੇ ਪਤੀ ਨਾਲ ਖ਼ੁਸ਼ੀ-ਖ਼ੁਸ਼ੀ ਵਿਚਰਦਿਆਂ ਵੇਖ, ਆਪਣੇ ਮਨ ਨੂੰ ਕੁਝ ਹਲਕਾ ਕਰ ਲਿਆ, ਕੁਝ ਮਾਰ ਲਿਆ। ਮੈਂ ਅਮਰੀਕਾ ਪਰਤ ਗਿਆ।" ਹਰਦੀਪ ਨੇ ਕੁਝ ਸਾਹ ਲੈਂਦਿਆਂ ਗਲ ਜਾਰੀ ਰਖੀ। ਨੌਕਰੀ ਕਰਦਾ ਤੇ ਸ਼ਰਾਬ ਪੀ ਕੇ ਸਮਾਂ ਬਿਤਾਉਂਦਾ। ਤਿੰਨ ਸਾਲ ਲਗਾਤਾਰ ਸ਼ਰਾਬ ਪੀਂਦਾ ਰਿਹਾ। ਇਕ ਦਿਨ ਮੈਂ ਸ਼ਰਾਬ ਪੀ ਕੇ ਲੱਸ ਏਂਜਲਸ ਘੁੰਮ ਰਿਹਾ ਸਾਂ ਤਾਂ ਉਥੇ ਦੋ ਕੁ ਸਾਲ ਦਾ ਪੰਜਾਬੀ ਬੱਚਾ ਆਪਣੇ ਮਾਂ-ਪਿਓ ਤੋਂ ਵਿਛੜਿਆ ਹੋਇਆ ਮੈਨੂੰ ਮਿਲ ਗਿਆ। ਉਸ ਦੇ ਮਾਤਾ-ਪਿਤਾ ਐਕਸੀਡੈਂਟ ਵਿਚ ਮਾਰੇ ਗਏ ਸਨ ਤੇ ਪੰਜਾਬ ਤੋਂ ਉਸ ਨੂੰ ਕੋਈ ਲੈਣ ਨਹੀਂ ਸੀ ਆਇਆ। ਆਖਰ ਉਸ ਨੂੰ ਧਰਮ ਪੁੱਤਰ ਬਣਾ ਕੇ ਪਾਲਣਾ ਸ਼ੁਰੂ ਕਰ ਦਿੱਤਾ। ਕੁਝ ਪੰਜਾਬੀ ਤੇ ਅਮਰੀਕਨ ਕੁੜੀਆਂ ਨੇ ਮੇਰੇ ਨਾਲ ਵਿਆਹ ਕਰਵਾਉਣਾ ਚਾਹਿਆ, ਪਰ ਮੈਂ ਹਰ ਵਾਰ ਇਨਕਾਰ ਕਰ ਦਿੰਦਾ। ਮੈਨੂੰ ਕਿਸੇ ਵਿਚੋਂ ਵੀ ਜੀਤੀ ਨਾ ਲਭਦੀ। ਪਿੱਛੇ ਜਿਹੇ ਜਦੋਂ ਅਖ਼ਬਾਰਾਂ ਵਿਚ ਪੜ੍ਹਿਆ ਕਿ ਇਕ ਨੌਜਵਾਨ ਨੂੰ ਗੁਰਦਾ ਚਾਹੀਦਾ ਹੈ, ਉਸੇ ਵੇਲੇ ਡਾਕਟਰ ਨੂੰ ਫੋਨ ਕੀਤਾ। ਮੈਨੂੰ ਪਤਾ ਨਹੀਂ ਸੀ ਕਿ ਉਹ ਨੌਜਵਾਨ ਉਸ ਜੀਤੀ ਦਾ ਪੁੱਤਰ ਹੈ ਜੋ ਕਦੇ ਮੇਰੀ ਜ਼ਿੰਦਗੀ 'ਚ ਆਈ ਸੀ।

ਜਤਿੰਦਰ ਨੇ ਚੁੰਨੀ ਦੰਦਾਂ ਵਿਚ ਲੈ ਲਈ ਸੀ। ਉਹ ਪਾਗਲਾਂ ਵਾਂਗ ਰੋਣਾ ਚਾਹੁੰਦੀ ਸੀ। ਉਹ ਰੋ-ਰੋ ਕੇ ਅਸਮਾਨ ਤੇ ਧਰਤ ਨੂੰ ਤੁਆ ਦੇਣਾ ਚਾਹੁੰਦੀ ਸੀ। ਪਰ ਡਰ ਗਈ ਕਿ ਕਿਤੇ ਹਸਪਤਾਲ ਵਿਚਲੇ ਲੋਕ ਇਕੱਠੇ ਨਾ ਹੋ ਜਾਣ। ਅੱਖਾਂ ਵਿਚ ਹੰਝੂਆਂ ਦੀ ਝੜੀ ਰੁਕਣ ਦਾ ਨਾਂ ਨਹੀਂ ਸੀ ਲੈ ਰਹੀ। ਉਹ ਉਠ ਖਲੋਤੀ। ਸ਼ਰਮਸ ਵਿਚੋਂ ਪਾਣੀ ਲਿਆ ਤੇ ਪਾਣੀ ਦਾ ਘੁੱਟ ਪੀ ਕੇ ਗਮ ਅੰਦਰ ਲੰਘਾਉਣ ਦਾ ਕੁਝ ਕੁ ਯਤਨ ਕੀਤਾ। ਉਸ ਦੀਆਂ ਅੱਖਾਂ ਸੁੱਜ ਗਈਆਂ ਸਨ ਤੇ ਉਸ ਸਿਰਫ਼ ਇੰਨਾ ਹੀ ਕਿਹਾ-ਦੀਪ ਜੀ, ਜੇ ਇਸ ਬਾਰੇ ਦੋ ਸਤਰਾਂ ਵੀ ਲਿਖ ਦਿੰਤੀਆਂ ਹੁੰਦੀਆਂ ਤਾਂ ਮੈਂ ਘੱਟੋ-ਘੱਟ ਇਹ ਜਨਮ ਤਾਂ ਉਡੀਕ ਵਿਚ ਲੰਘਾ ਦਿੰਦੀ।"

ਇਸ ਮਗਰੋਂ ਹਰਦੀਪ ਨੇ ਜਤਿੰਦਰ ਨੂੰ ਪੁਛਿਆ ਕਿ ਉਸ ਦਾ ਪਤੀ ਕਿੱਥੇ ਹੈ ਤਾਂ ਜਤਿੰਦਰ ਨੇ ਸਾਰੀ ਘਟਨਾ ਸੁਣਾ ਦਿੱਤੀ। ਹਰਦੀਪ ਠੰਠਬਰ ਗਿਆ ਸੀ। ਕੁਝ ਚਿਰ ਲਈ ਉਹ ਅਡੋਲ ਨਿਰਜਿੰਦ ਬੈਠੇ ਰਹੇ। ਅਚਾਨਕ ਹਰਦੀਪ ਨੇ ਜਤਿੰਦਰ ਨੂੰ ਕਿਹਾ, "ਹੁਣ ਜਾਓ, ਕਾਕਾ ਤੁਹਾਡੀ ਉਡੀਕ ਕਰ ਰਿਹਾ ਹੋਵੇਗਾ।" ਜਤਿੰਦਰ ਜਦੋਂ ਹਰਪ੍ਰੀਤ ਦੇ ਕਮਰੇ ਵਿਚ ਆਈ ਤਾਂ ਗੁਰਬਖ਼ਸ਼ ਸਿੰਘ ਉਥੇ ਬੈਠਾ ਸੀ। ਹਰਪ੍ਰੀਤ ਸਿੰਘ ਦੀਆਂ ਅੱਖਾਂ ਖੁਲ੍ਹੀਆਂ ਹੋਈਆਂ ਸਨ ਤੇ ਉਹ ਮਾਂ ਦੀ ਉਡੀਕ ਕਰ ਰਿਹਾ ਸੀ। ਮਾਂ ਦੀਆਂ ਅੱਖਾਂ ਸੁੱਜੀਆਂ ਹੋਈਆਂ ਵੇਖ ਕੇ ਹਰਪ੍ਰੀਤ ਨੇ ਪੋਤਲੀ ਆਵਾਜ਼ 'ਚ ਕਿਹਾ, "ਮੰਮੀ ਤੁਸੀਂ ਰੋ ਰਹੇ ਹੋ ? ਤੁਹਾਨੂੰ ਤਾਂ ਖ਼ੁਸ਼ ਹੋਣਾ ਚਾਹੀਦਾ ਹੈ ਕਿ ਮੈਂ ਠੀਕ ਹੋ ਰਿਹਾ ਹਾਂ। ...ਲੱਸ-ਏਂਜਲ ਵਾਲੇ ਅੰਕਲ ਦਾ ਕੀ ਹਾਲ ਹੈ ? ... ਉਹ ਮੈਨੂੰ ਵੇਖਣ ਨਹੀਂ ਆਉਣਗੇ ?" ਜਤਿੰਦਰ ਨੇ ਆਪਣਾ ਰਾਜ਼ ਛਿਪਾਉਣ ਦਾ ਯਤਨ ਕੀਤਾ ਤੇ ਕਿਹਾ, "ਹਾਂ, ਹੁਣ ਉਹ ਠੀਕ ਹਨ। ਜਦੋਂ ਤੁਰਨ ਫਿਰਨ ਦੇ ਕਾਬਲ ਹੋਣਗੇ ਤਾਂ ਉਹ ਜ਼ਰੂਰ ਆਉਣਗੇ।"

ਜਤਿੰਦਰ ਤੇ ਗੁਰਬਖ਼ਸ਼ ਕਾਫ਼ੀ ਦੇਰ ਕਮਰੇ ਵਿਚ ਬੈਠੇ ਗੱਲਾਂ ਕਰਦੇ ਰਹੇ। ਜਦੋਂ ਹਰਪ੍ਰੀਤ ਸੌਂ ਗਿਆ ਤਾਂ ਜਤਿੰਦਰ ਨੇ ਭਰਾ ਗੁਰਬਖ਼ਸ਼ ਨੂੰ ਲੱਸ-ਏਂਜਲਸ ਵਾਲੇ ਸੱਜਣ ਦੀ ਅਸਲੀਅਤ ਬਾਰੇ ਦੱਸਿਆ। ਗੁਰਬਖ਼ਸ਼ ਸਿੰਘ ਦੀ ਹੈਰਾਨਗੀ ਵਿਚ ਖ਼ੁਸ਼ੀ ਵੀ ਸੀ ਤੇ ਪਛਤਾਵਾ ਵੀ ਕਿਉਂਕਿ ਸਭ ਤੋਂ ਵਧ ਜਤਿੰਦਰ ਨੂੰ ਵਿਆਹ ਲਈ ਉਸ ਨੇ ਹੀ ਮਜਬੂਰ ਕੀਤਾ ਸੀ। ਉਸ ਦੇ ਚਿਹਰੇ ਨੂੰ ਪਛਤਾਵੇ ਦੇ ਬੱਦਲਾਂ ਨੇ ਕੁਝ ਪਲਾਂ ਲਈ ਘੇਰ ਲਿਆ ਸੀ। ਜਤਿੰਦਰ ਨੂੰ ਕਮਰੇ ਵਿਚ ਛੱਡ ਕੇ ਗੁਰਬਖ਼ਸ਼, ਹਰਦੀਪ ਸਿੰਘ ਨੂੰ ਮਿਲਣ ਚਲਾ ਗਿਆ ਸੀ। ਪਰ ਪਛਤਾਵੇ ਦੀ ਰੇਤ ਵਿਚੋਂ ਹੁਣ ਕੀ ਉਗਮਣਾ ਸੀ ?

ਹਰਦੀਪ ਸਿੰਘ ਤੇ ਹਰਪ੍ਰੀਤ ਨੂੰ ਹਸਪਤਾਲ ਵਿਚ ਦਸ ਕੁ ਦਿਨ ਠਹਿਰਨਾ ਪਿਆ। ਹਰਦੀਪ ਸਿੰਘ ਨੂੰ ਛੁੱਟੀ ਮਿਲ ਗਈ। ਉਹ ਹੌਲੀ-ਹੌਲੀ ਤੁਰਦਾ ਹਰਪ੍ਰੀਤ ਦੇ ਕਮਰੇ ਵਿਚ ਆਇਆ ਤੇ ਉਸ ਦੇ ਮੱਥੇ 'ਤੇ ਹੱਥ ਰਖ ਕੇ ਉਸ ਨੂੰ ਆਸ਼ੀਰਵਾਦ ਦਿੱਤਾ। ਫਿਰ ਉਸ ਨੇ ਜਤਿੰਦਰ ਤੇ ਗੁਰਬਖ਼ਸ਼ ਕੋਲੋਂ ਜਾਣ ਦੀ ਆਗਿਆ ਮੰਗੀ। ਗੁਰਬਖ਼ਸ਼ ਸਿੰਘ ਨੇ ਕਿਹਾ ਸੀ, "ਜਦੋਂ ਤਕ ਹਰਪ੍ਰੀਤ ਨੂੰ ਛੁੱਟੀ ਨਹੀਂ ਮਿਲਦੀ ਤੁਸੀਂ ਲੱਸ-ਏਂਜਲਸ ਨਹੀਂ ਜਾ ਸਕਦੇ। ਹੁਣ ਤੁਸੀਂ ਸਾਡੇ ਨਾਲ ਹੀ ਰਹੋਗੇ।"

ਹਰਦੀਪ ਸਿੰਘ ਕੁਝ ਸਮਾਂ ਹੋਰ ਰੁਕਣ ਲਈ ਤਾਂ ਤਿਆਰ ਹੋ ਗਿਆ ਸੀ ਪਰ ਉਸ ਨੇ ਇਸ ਗੱਲ ਦੀ ਜ਼ਿੱਦ ਕੀਤੀ ਸੀ ਕਿ ਉਹ ਚੰਡੀਗੜ੍ਹ ਹੋਟਲ ਵਿਚ ਹੀ ਠਹਿਰੇਗਾ, ਉਨ੍ਹਾਂ ਦੇ ਘਰ ਨਹੀਂ। ਜਦੋਂ ਹਰਪ੍ਰੀਤ ਨੂੰ ਛੁੱਟੀ ਹੋਈ ਤੇ ਉਹ ਤੰਦਰੁਸਤ ਹੋ ਗਿਆ ਤਾਂ ਹਰਦੀਪ ਸਿੰਘ ਨੇ ਸਭ ਨੂੰ ਹੋਟਲ ਵਿਚ ਬੁਲਾਇਆ ਤੇ ਡਿਨਰ ਦਿੱਤਾ। ਨੌਜਵਾਨ ਪੁੱਤਰ ਹਰਪ੍ਰੀਤ ਨੂੰ ਉਸ ਦੀ ਮਾਂ ਜਤਿੰਦਰ ਨੇ ਆਪਣੀ ਸਾਰੀ ਕਹਾਣੀ ਸੁਣਾ ਦਿੱਤੀ ਸੀ। ਹਰਪ੍ਰੀਤ ਦੇ ਕਹਿਣ 'ਤੇ ਰਾਤ ਦੇ ਖਾਣੇ ਲਈ ਹਰਦੀਪ ਸਿੰਘ ਉਨ੍ਹਾਂ ਦੇ ਘਰ ਆਇਆ ਸੀ ਤਾਂ ਹਰਪ੍ਰੀਤ ਨੇ ਕਿਹਾ ਸੀ, "ਅੰਕਲ, ਕੀ ਤੁਸੀਂ ਸਾਡੇ ਨਾਲ ਨਹੀਂ ਰਹਿ ਸਕਦੇ ? ਹਾਦਸਿਆਂ ਤੇ ਹੋਣੀ 'ਤੇ ਮਨੁੱਖ ਦਾ ਕੋਈ ਜ਼ੋਰ ਨਹੀਂ।" ਹਰਦੀਪ ਪਹਿਲਾਂ ਮੁਸਕਰਾਇਆ ਤੇ ਫਿਰ ਕੁਝ ਗੰਭੀਰ ਹੋ ਕੇ ਬੋਲਿਆ, "ਬੇਟੇ ਮੈਂ ... ਮੈਂ... ਹਮੇਸ਼ਾ ਤੁਹਾਡੇ ਨਾਲ ਹਾਂ। ਮੇਰਾ ਬੇਟਾ, ਨੂੰਹ ਤੇ ਪੋਤੀ ਲੱਸ ਏਂਜਲਸ 'ਚ ਮੇਰਾ ਇੰਤਜ਼ਾਰ ਕਰ ਰਹੇ ਹੋਣਗੇ।

ਕੁਝ ਦਿਨਾਂ ਮਗਰੋਂ ਹਰਦੀਪ ਸਿੰਘ ਨੇ ਦਿੱਲੀ ਦੇ ਏਅਰ ਪੋਰਟ ਤੋਂ ਲੱਸ-ਏਂਜਲਸ ਲਈ ਫਲਾਈਟ ਲੈਣੀ ਸੀ। ਗੁਰਬਖ਼ਸ਼ ਸਿੰਘ, ਜਤਿੰਦਰ ਤੇ ਹਰਪ੍ਰੀਤ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰ ਪੋਰਟ 'ਤੇ ਉਸ ਨੂੰ ਅਲਵਿਦਾ ਕਹਿਣ ਲਈ ਪਹੁੰਚ ਗਏ ਸਨ। ਜਦੋਂ ਗੁਰਬਖ਼ਸ਼ ਸਿੰਘ ਤੇ ਹਰਪ੍ਰੀਤ ਕੁਝ ਡਰਿੰਕ ਲੈਣ ਲਈ ਰੈਸਟੋਰੈਂਟ ਵਲ ਗਏ ਤਾਂ ਹਰਦੀਪ ਨੇ ਨਾਲ ਦੀ ਕੁਰਸੀ 'ਤੇ ਬੈਠੀ ਜਤਿੰਦਰ ਦੀਆਂ ਉਂਗਲਾਂ 'ਤੇ ਇਕ ਵਾਰ ਫੇਰ ਆਪਣਾ ਹੱਥ ਰਖਿਆ, "ਜੀਤੀ, ਏਹ ਜਨਮ ਤੁਮਹਾਰੇ ਲੇਖੇ।" ਇਸ ਮਗਰੋਂ ਉਹ ਹੋਰ ਕੁਝ ਨਹੀਂ ਸੀ ਬੋਲਿਆ ਤੇ ਜਤਿੰਦਰ ਦੀਆਂ ਅੱਖਾਂ ਵਿਚ ਇਕ ਸੈਲਾਬ ਉਮੜ ਆਇਆ ਸੀ ਤੇ ਅੱਖਾਂ ਵਿਚ ਇਕ ਬੇਦਗ਼ਾ ਲਿਸ਼ਕ ਉਭਰ ਆਈ ਸੀ। ਉਸ ਹਰਦੀਪ ਦਾ ਹੱਥ ਪਿਆਰ ਨਾਲ ਘੁੱਟ ਦਿੱਤਾ ਤੇ ਉਸ ਦੀਆਂ ਅੱਖੀਆਂ ਵਿਚੋਂ ਹਰਦੀਪ ਦੀ ਕਮੀਜ਼ 'ਤੇ ਇਕ ਕੋਸਾ ਹੰਝੂ ਆ ਗਿਰਿਆ। ਜਦੋਂ ਹਰਦੀਪ ਦੇ ਹਵਾਈ ਜਹਾਜ਼ ਨੇ ਉਡਾਣ ਭਰੀ ਤਾਂ ਜਤਿੰਦਰ ਦੀਆਂ ਨਜ਼ਰਾਂ ਜਹਾਜ਼ ਦਾ ਪਿੱਛਾ ਕਰ ਰਹੀਆਂ ਸਨ ਤੇ ਉਹ ਸੋਚ ਰਹੀ ਸੀ, "ਫ਼ਰਿਸ਼ਤਿਆਂ ਦੀ ਥਾਂ ਧਰਤੀ 'ਤੇ ਨਹੀਂ, ਆਸਮਾਨ 'ਤੇ ਹੁੰਦੀ ਹੈ।"

ਇਸ ਮਗਰੋਂ ਹਵਾਈ ਜਹਾਜ਼ ਉਨ੍ਹਾਂ ਸਭਨਾਂ ਦੀਆਂ ਅੱਖਾਂ ਤੋਂ ਓਝਲ ਹੋ ਗਿਆ ਸੀ।■

MAGZTER

ਪਰਮਪਾਲ ਸਿੰਘ ਸੋਢੀ
99100-05278

ਦਿਲ ਕਰਦੈ ਮੁੜ ਵੇਖ ਆਵਾਂ ਮੈਂ
ਭੁੱਲੀਆਂ ਵਿਸਰੀਆਂ ਥਾਵਾਂ
ਕਲ ਨੂੰ ਜਿਥੇ ਰਹਿ ਗਈਆਂ ਸਨ
ਅਣਲਿਖੀਆਂ ਕਵਿਤਾਵਾਂ

ਰੇਤਾਂ ਉਪਰ ਪੈੜਾਂ ਮਿਟਦਿਆਂ
ਪਲ ਦੋ ਪਲ ਤਾਂ ਲਗਦੇ
ਕਿੰਨੀ ਛੇਤੀ ਮਿਟ ਗਈਆਂ ਨੇ
ਪਿੰਡ ਮੇਰੇ ਦੀਆਂ ਰਾਹਵਾਂ

ਨਾਲ ਬਿਤਾਏ ਸਨ ਮੈਂ ਜਿਸਦੇ
ਪਿਆਰ ਭਰੇ ਪਲ-ਛਿੰਨ
ਛੱਡ ਆਇਆ ਸਾਂ ਕਲ ਨੂੰ ਜਿਥੇ
ਮਹਿਬੂਬਾ ਦੀਆਂ ਬਾਹਵਾਂ

ਸੀਨੇ ਦੇ ਵਿਚ ਅੱਜ ਵੀ ਕੁਝ-ਕੁਝ
ਸੂਰਜ ਵਾਂਗੂ ਬਲਦੈ
ਕਦ ਤਕ ਬਿਰਹਾ ਮੇਰੇ ਕਰਮੀ
ਕਦ ਤਕ ਦਰਦ ਹੰਢਾਵਾਂ

ਛੱਡ ਆਇਆ ਹਾਂ ਪਿੰਡ ਦੀਆਂ
ਗਲੀਆਂ
ਖੰਡਰ ਬਣ ਗਏ ਘਰ ਵੀ
ਨਾ ਕੋਈ ਸ਼ਕਲ ਪਛਾਣੇ ਹੁਣ ਤਾਂ
ਨਾ ਪੁਛੇ ਸਿਰਨਾਵਾਂ

ਨਾ ਕੋਈ ਲਾਵੇ ਛੱਤਰੀ ਕੋਠੇ
ਨਾ ਹੀ ਚੂਰੀ ਕਾਂਵਾਂ
ਨਾ ਕੋਈ ਰੱਖੇ ਫੁੱਲ ਕਿਤਾਬੀਂ
ਨਾ ਕੋਈ ਦੇਖੇ ਰਾਹਵਾਂ

ਨਦੀ ਕਿਨਾਰੇ ਆ ਬੈਠਾ ਹਾਂ
ਲੈ ਕੇ ਕੋਰੇ ਕਾਗਜ਼
ਲਫਜ਼ ਮੇਰੇ ਬਣ ਜਾਵਣ ਸ਼ਾਇਦ
ਦਰਦ ਭਰੀਆਂ ਕਵਿਤਾਵਾਂ

ਸਾਹਿਲ ਤੇ ਹੁਣ ਖੜ੍ਹਾ ਉਡੀਕਾਂ
ਲੈ ਕੇ 'ਸੋਢੀ' ਕਿਸ਼ਤੀ
ਹੁਣ ਨਾ ਕੋਈ ਸੋਹਣੀ ਡੁੱਬੇ
ਆ ਕੇ ਵਿਚ ਝਨਾਵਾਂ

ਗ਼ਜ਼ਲਾਂ

ਡਾ. ਚਰਨਜੀਤ ਸਿੰਘ
98111-16003

ਯਾਰਾਂ ਤੇ ਦੋਸਤਾਂ ਤੇ
ਹਬੀਬਾਂ ਦੇ ਸ਼ਹਿਰ ਵਿਚ
ਫਿਰ ਆ ਗਿਆ ਹਾਂ, ਮੁੜ ਕੇ
ਅਦੀਬਾਂ ਦੇ ਸ਼ਹਿਰ ਵਿਚ

ਸੋਚਾਂ ਸਹੇੜੀਆਂ ਨੇ ਤੇ
ਖਟੀਆਂ ਨਮੋਸ਼ੀਆਂ
ਕੰਡਿਆਂ ਦਾ ਤਾਜ ਪਹਿਨ
ਨਸੀਬਾਂ ਦੇ ਸ਼ਹਿਰ ਵਿਚ

ਕੀਕਣ ਮੈਂ ਤੇਰੇ ਸ਼ਹਿਰ ਨੂੰ
ਹੁਣ ਅਲਵਿਦਾ ਕਹਾਂ
ਗੁਜ਼ਰੀ ਹੈ ਉਮਰ ਸਾਰੀ
ਅਜੀਬਾਂ ਦੇ ਸ਼ਹਿਰ ਵਿਚ

ਜਾ ਤੇ ਰਿਹਾ ਹਾਂ
ਦੋਸਤਾਂ ਦਾ ਸ਼ਹਿਰ ਛੱਡ ਕੇ
ਪਰ ਕਿਸ ਤਰ੍ਹਾਂ ਰੁਵਾਂਗਾ
ਰਕੀਬਾਂ ਦੇ ਸ਼ਹਿਰ ਵਿਚ

ਤੇਰੇ ਸ਼ਹਿਰ ਨੇ ਸੱਚ ਨੂੰ
ਸੂਲੀ ਹੈ ਚਾੜ੍ਹਿਆ
ਈਸਾ ਨੂੰ, ਰਹਿ ਸਕਾਂ, ਮੈਂ
ਸਲੀਬਾਂ ਦੇ ਸ਼ਹਿਰ ਵਿਚ!

* * * *

ਮੰਜ਼ਿਲ ਨੂੰ ਪਾ ਸਕਣ ਦੀ
ਤੌਫੀਕ ਨਹੀਂ ਸੀ
ਰਾਹਾਂ 'ਚੋਂ ਮੁੜ ਕੇ ਆਉਣਾ ਵੀ
ਤਾਂ ਠੀਕ ਨਹੀਂ ਸੀ

ਮੇਰੇ ਗ਼ਮਾਂ ਦੇ ਵਿਚ ਵੀ
ਹਾਸਾ ਰਿਹਾ ਹੈ ਸ਼ਾਮਿਲ
ਜੋ ਹਾਸੇ ਵਿਹੂਣੀ ਨਿਕਲੀ
ਮੇਰੀ ਚੀਕ ਨਹੀਂ ਸੀ।

ਉਮਰਾਂ ਗੁਆ ਕੇ ਖਿੱਚੀਆਂ ਸਨ
ਪਾਣੀ ਤੇ ਕੁਝ ਕੁ ਲੀਕਾਂ
ਪਾਣੀਆਂ ਦੇ ਅੰਦਰ ਖਿੱਚੀ
ਉਹੀ ਲੀਕ ਨਹੀਂ ਸੀ

ਮੇਰੇ ਦੁਆਲੇ ਉੱਜ ਤਾਂ
ਲੋਕਾਂ ਦਾ ਰਿਹਾ ਹੈ ਰੌਲਾ
ਪਰਛਾਵਾਂ ਸੀ ਮੇਰਾ ਆਪਣਾ
ਜੋ ਨਜ਼ਦੀਕ ਨਹੀਂ ਸੀ

ਮੰਨਿਆ ਕੇ ਮੈਨੂੰ ਪਾਣ ਦੀ
ਚਾਹਤ ਸੀ ਓਸਦੀ
ਪਰ ਅੱਖਾਂ 'ਚ ਓਸਦੀ ਕੋਈ
ਉਡੀਕ ਨਹੀਂ ਸੀ ■

MAGZTER

ਡਾ. ਭੁਪਿੰਦਰ ਸਿੰਘ ਬੇਦੀ
94170-61645

ਕਵਿਤਾ



ਹੁਣ ਫੇਰ ਕਿਵੇਂ ਸਰਦਾ

ਸਾਦੀ ਰੋਟੀ ਸਾਦੀ ਦਾਲ
ਘਰ ਦਾ ਖਾਣਾ ਪਿਆਰ ਨਾਲ
ਕਿਥੇ ਗਏ ਤੇਰੀ ਜੀਭ ਦੇ ਸੁਆਦ
ਆਲੂ ਟਿੱਕੀ ਪਾਪੜੀ ਦਹੀਂ ਭੱਲਾ
ਸਮੋਸੇ ਪਕੌੜੇ ਗੋਲ ਗੱਪੇ ਗੋਲਾ
ਪੀਜ਼ਾ ਬਰਗਰ ਨਿਊਡਲ ਚਿੱਲਾ
ਛੋਲੇ ਪੂਰੀ ਕੁਲਚੇ ਗਰਮ ਚਾਟ
ਆਈਸ ਕਰੀਮ ਕੁਲਫੀ ਕੋਣ
ਜਲੇਬੀ ਬਰਫੀ ਗਾਜਰ ਪਾਕ
ਨਾ ਹੁਣ ਮੰਗਣ ਘਰ 'ਚ ਜੁਆਕ
ਹੁਣ ਫੇਰ ਕਿਵੇਂ ਸਰਦਾ

ਨਾ ਹੁਣ ਖਰੀਦੇ ਕੋਈ ਨਵਾਂ ਸੂਟ
ਨਾ ਪਾਉਂਦਾ ਕੋਈ ਨਵਾਂ ਬੂਟ
ਨਾ ਕੋਈ ਮੈਚਿੰਗ ਨਾ ਕੋਈ ਪੈਕਿੰਗ
ਨਾ ਕੋਈ ਮੇਕਅੱਪ ਨਾ ਹੀ ਟਿਪ ਟਾਪ
ਸਾਦਾ ਰਹਿਣਾ ਸਾਦਾ ਖਾਣਾ
ਮੰਨਣਾ ਪੈਣਾ ਰੱਬ ਦਾ ਭਾਣਾ
ਹੁਣ ਫੇਰ ਕਿਵੇਂ ਸਰਦਾ

ਨਾ ਕੋਈ ਖਰੀਦੇ ਸਕੂਟਰ ਕਾਰ
ਨਾ ਕੋਈ ਜਾਵੇ ਵਿਚ ਬਾਜ਼ਾਰ
ਕਿੱਧਰ ਗਈਆਂ ਬਰੈਂਡਡ ਸ਼ਰਟਾਂ
ਨਾ ਕੋਈ ਖਰੀਦੇ ਜੀਨਾਂ ਪੈਂਟਾਂ
ਸੋਨਾ-ਚਾਂਦੀ ਹੁਣ ਨੀ ਵਿਕਦੀ
ਨਾ ਹੀ ਖਰੀਦੇ ਹੀਰੇ ਮੋਤੀ ਹਾਰ
ਸਾਰੇ ਬਿਜ਼ਨਸ ਨੂੰ ਪੈ ਗਈ ਮਾਰ
ਹੁਣ ਫੇਰ ਕਿਵੇਂ ਸਰਦਾ

ਨਾ ਕੋਈ ਹਾਤਿਆਂ 'ਚ ਦਾਰੂ ਪੀਂਦਾ
ਨਾ ਹੀ ਮੁਰਗਾ ਮੱਛੀ ਖਾਂਦਾ
ਬੱਕਰਾ ਵੀ ਹੁਣ ਕੋਈ ਨਾ ਝਟਕਾਉਂਦਾ
ਜੋਮੈਟੋ ਸਵਿਗੀ ਹੁਣ ਨੀ ਆਉਂਦਾ
ਸਾਰੇ ਆਪਣੀ ਆਪਣੀ ਜ਼ਿੰਦਗੀ ਜੀਂਦੇ
ਹੁਣ ਫੇਰ ਕਿਵੇਂ ਸਰਦਾ

ਫੈਕਟਰੀਆਂ ਦਾ ਹੌਲਾ ਬੰਦ
ਚਿਮਨੀਆਂ ਦਾ ਧੂੰਆਂ ਬੰਦ
ਨਾ ਨਦੀਆਂ 'ਚ ਪੈਂਦਾ ਗੰਦ
ਹਵਾ ਪਾਣੀ ਵਾਤਾਵਰਨ ਹੋਇਆ ਸਾਫ
ਰੁੱਖਾਂ ਫੁੱਲਾਂ ਬਨਸਪਤੀ ਨੂੰ ਹੋਇਆ ਧਰਵਾਸ
ਸਾਫ ਸੁਥਰੀ ਹੋਈ ਕਾਇਨਾਤ
ਹੁਣ ਫੇਰ ਕਿਵੇਂ ਸਰਦਾ

ਕਾਦਰ ਨੇ ਕੁਦਰਤ ਬੰਦੇ ਲਈ ਬਣਾਈ
ਫੇਰ ਵੀ ਉਸ ਨਾਲ ਕਰੇ ਲੜਾਈ
ਤੈਨੂੰ ਅਜੇ ਵੀ ਸਮਝ ਨਾ ਆਈ
ਬੰਦਿਆ ਹੁਣ ਤੂੰ ਬੰਦਾ ਬਣਜਾ
ਬੰਦਿਆਂ ਵਾਂਗੂੰ ਮੁਹੱਬਤ ਕਰਜਾ
ਕੁਦਰਤ ਰਹੀ ਵਾਰ ਵਾਰ ਪੁਕਾਰ
ਨਾ ਪਵੇਗੀ ਕਦੇ ਕੋਰੋਨਾ ਜਿਹੀ ਮਾਰ ■

MAGZTER

ਨਿਰੰਜਣ ਬੋਹਾ
89682-82700

ਮੇਰੇ ਹਿੱਸੇ ਦਾ ਅਦਬੀ ਸੱਚ

ਸਾਹਿਤਕ ਗੋਸ਼ਟੀਆਂ ਦੀ ਵਿਗੜ ਰਹੀ ਵਿਉਂਤਬੰਦੀ

ਸਾਹਿਤ ਸਾਹਿਤਕ ਗੋਸ਼ਟੀਆਂ ਕਿਸੇ ਲੇਖਕ ਦੀ ਰੂਹ ਦੀ ਖੁਰਾਕ ਹੁੰਦੀਆਂ ਨੇ। ਲੇਖਕ ਵੱਡਾ ਹੈ ਜਾਂ ਛੋਟਾ ਆਪਣੀ ਸਮਰੱਥਾ ਅਨੁਸਾਰ ਇਸ ਰੂਹ ਦੀ ਖੁਰਾਕ ਨੂੰ ਸਮਾਂ ਜ਼ਰੂਰ ਕੱਢਦਾ ਹੈ। ਸਾਹਿਤਕ ਗੋਸ਼ਟੀ ਵਿਚ ਸ਼ਾਮਿਲ ਹੋ ਕੇ ਉਹ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਵੀ ਤਰੋਤਾਜ਼ਾ ਮਹਿਸੂਸ ਕਰਨ ਲੱਗਦਾ ਹੈ ਤੇ ਇਸ ਬਹਾਨੇ ਉਹ ਸਮਕਾਲੀ ਲੇਖਕਾਂ ਨਾਲ ਆਪਣੀ ਭਾਈਚਾਰਕ ਸਾਂਝ ਵੀ ਵਧਾ ਲੈਂਦਾ ਹੈ। ਲੇਖਕਾਂ ਨੂੰ ਜਥੇਬੰਦਕ ਤੌਰ 'ਤੇ ਇਕੱਠਾ ਰੱਖਣ ਵਿਚ ਇਨ੍ਹਾਂ ਗੋਸ਼ਟੀਆਂ ਦਾ ਮਹੱਤਵਪੂਰਨ ਰੋਲ ਰਹਿੰਦਾ ਹੈ, ਇਸ ਲਈ ਕੋਈ ਵਿਰਲਾ ਹੀ ਲੇਖਕ ਹੋਵੇਗਾ ਜੋ ਸਾਹਿਤਕ ਗੋਸ਼ਟੀਆਂ ਵਿਚ ਜਾਣ ਤੋਂ ਪਰਹੇਜ਼ ਕਰਦਾ ਹੋਵੇ। ਭਾਵੇਂ ਵੱਡੇ ਤੇ ਨਾਮਵਰ ਲੇਖਕ ਚੋਣਵੀਆਂ ਗੋਸ਼ਟੀਆਂ ਵਿਚ ਹੀ ਜਾਂਦੇ ਹਨ ਤੇ ਉਥੇ ਮਿਲਣ ਵਾਲੇ ਕਿਰਾਏ-ਭਾੜੇ ਤੇ ਮਾਣ-ਸਨਮਾਨ ਦਾ ਵੀ ਵਿਸ਼ੇਸ਼ ਖਿਆਲ ਰੱਖਦੇ ਹਨ ਪਰ ਗੋਸ਼ਟੀਆਂ ਤੇ ਹਾਜ਼ਰੀ ਭਰਨ ਦੀ ਤਾਂਘ ਉਨ੍ਹਾਂ ਵਿਚ ਹੀ ਰਹਿੰਦੀ ਹੈ। ਭਾਵੇਂ ਅੱਜ ਦੇ ਇੰਟਰਨੈੱਟ ਜੁਗ ਵਿਚ ਲੇਖਕਾਂ ਤੇ ਪਾਠਕਾਂ ਦੋਹਾਂ ਧਿਰਾਂ ਦੇ ਸੁਹਜ ਸਵਾਦ ਬਦਲਣ ਨਾਲ ਸਾਹਿਤਕ ਗੋਸ਼ਟੀਆਂ ਵਿਚ ਲੇਖਕਾਂ ਦੀ ਪਹਿਲਾਂ ਨਾਲੋਂ ਦਿਲਚਸਪੀ ਥੋੜ੍ਹੀ ਘਟੀ ਹੈ ਪਰ ਅਜੇ ਵੀ ਇਹ ਗੋਸ਼ਟੀਆਂ ਲੇਖਕ ਨੂੰ ਮਾਨਸਿਕ ਖੁਰਾਕ ਦੇ ਕੇ ਉਸ ਦੀ ਸਿਰਜਣ ਪ੍ਰਕਿਰਿਆ ਦੀ ਨਿਰੰਤਰਤਾ ਬਣਾਈ ਰੱਖਣ ਵਿਚ ਅਹਿਮ ਰੋਲ ਨਿਭਾਅ ਰਹੀਆਂ ਹਨ।

ਪਿਛਲੇ ਸਮੇਂ ਵਿਚ ਸਾਹਿਤਕ ਗੋਸ਼ਟੀਆਂ ਦੀ ਵਿਉਂਤਬੰਦੀ ਵਿਚ ਕੁਝ ਅਜਿਹੇ ਵੀ ਵਿਗਾੜ ਵੇਖਣ ਨੂੰ ਮਿਲੇ ਹਨ ਜੋ ਇਨ੍ਹਾਂ ਨੂੰ ਨੀਰਸ ਤੇ ਅਕਾਊ ਬਣਾਉਣ ਵਿਚ ਵਿਸ਼ੇਸ਼ ਰੋਲ ਨਿਭਾਉਂਦੇ ਲੱਗਦੇ ਹਨ। ਸਾਹਿਤਕ ਸਮਾਗਮ ਜਾਂ ਗੋਸ਼ਟੀ ਦੀ ਵਿਉਂਤਬੰਦੀ ਕਰਨ ਵੇਲੇ ਸਮੇਂ ਦਾ ਬਹੁਤ ਘੱਟ ਧਿਆਨ ਰੱਖਿਆ ਜਾਂਦਾ ਹੈ। ਯੂਨੀਵਰਸਿਟੀਆਂ ਤੇ ਵੱਡੇ ਸਾਹਿਤਕ ਅਦਾਰਿਆਂ ਵਲੋਂ ਕਰਵਾਈਆਂ ਜਾਣ ਵਾਲੀਆਂ ਗੋਸ਼ਟੀਆਂ ਤੇ ਵਿਸ਼ਵ ਕਾਨਫਰੰਸਾਂ ਸਮੇਂ ਆਪਣੇ ਚਹੇਤਿਆਂ ਨੂੰ ਵਿੱਤੀ ਲਾਭ ਦੇਣ ਲਈ ਕਿਸੇ ਢਾਈ ਘੰਟੇ ਦੇ ਸੈਸ਼ਨ ਵਿਚ ਦਸ ਦਸ ਪਰਚੇ ਰੱਖ ਲਏ ਜਾਂਦੇ ਹਨ ਤੇ ਇਨ੍ਹਾਂ ਢਾਈ ਘੰਟਿਆਂ ਵਿਚੋਂ ਵਧੇਰੇ ਸਮਾਂ ਪ੍ਰਧਾਨਗੀ ਭਾਸ਼ਣ, ਸਨਮਾਨ ਤੇ ਹੋਰ ਸਟੇਜੀ ਰਸਮਾਂ ਦੇ ਲੇਖੇ ਲੱਗ ਜਾਂਦਾ ਹੈ। ਅਜਿਹੀ ਕਾਨਫਰੰਸ ਸਮੇਂ ਬਹੁਤ ਮਿਹਨਤ ਨਾਲ ਪਰਚਾ ਤਿਆਰ ਕਰਕੇ ਲਿਆਉਣ ਵਾਲੇ ਵਿਦਵਾਨ ਨੂੰ ਵੀ ਬੋਲਣ ਲਈ ਮਸਾਂ ਸੱਤ-ਅੱਠ ਮਿੰਟ ਹੀ ਮਿਲਦੇ ਹਨ। ਕਈ ਵਾਰ ਪਹਿਲਾ ਜਾਂ ਦੂਜਾ ਖੋਜ ਪੱਤਰ ਪੇਸ਼ ਕਰਨ ਵਾਲੇ ਵਿਦਵਾਨ ਦਿਤੇ ਸਮੇਂ ਤੋਂ ਕੁਝ ਵਧ ਸਮਾਂ ਲੈ ਜਾਂਦੇ ਹਨ ਤਾਂ ਸਟੇਜ ਨੂੰ ਹੋਰ ਸਾਰੇ ਪਰਚਾਕਾਰਾਂ ਦੇ ਸਿਰ 'ਤੇ ਹੀ ਖੜ੍ਹਣਾ ਪੈਂਦਾ ਹੈ। ਬੇਚਾਰਾ ਪਰਚਾਕਾਰ ਹੋਰ ਵੀ ਉਲਝ ਜਾਂਦਾ ਹੈ ਕਿ ਉਹ ਕਈ ਦਿਨਾਂ ਦੀ ਮਿਹਨਤ ਨਾਲ ਲਿਖੇ ਪਰਚੇ ਵਿਚੋਂ ਕੀ ਬੋਲੇ ਤੇ ਕੀ ਛੱਡੇ। ਅਜਿਹੀਆਂ ਗੋਸ਼ਟੀਆਂ ਤੇ ਵਿਸ਼ਵ ਕਾਨਫਰੰਸਾਂ ਵਿਚ ਜਦੋਂ ਖੋਜੀ ਪਰਚਾਕਾਰ ਨੂੰ ਹੀ ਬੋਲਣ ਦਾ ਸਮਾਂ ਹੀ ਨਹੀਂ ਮਿਲਦਾ ਤਾਂ ਇਸ ਦੇ ਬਹਿਸ ਹੋਣ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ। ਇਸ ਤਰ੍ਹਾਂ ਵੱਡੇ ਅਦਾਰਿਆਂ ਵਲੋਂ ਕਰਵਾਈਆਂ ਜਾਣ ਵਾਲੀਆਂ ਗੋਸ਼ਟੀਆਂ ਤੇ ਕਾਨਫਰੰਸਾਂ ਉਸਾਰੂ ਤੇ ਸੰਵਾਦਕ ਗੋਸ਼ਟੀ ਨੂੰ ਜਨਮ ਦੇਣ ਦੀ ਬਜਾਇ ਸੰਵਾਦ ਦੇ ਨਾਂ 'ਤੇ ਨਿਰੀ ਰਸਮ ਹੀ ਬਣ ਕੇ ਰਹਿ ਜਾਂਦੀਆਂ ਹਨ। ਕਿੰਨਾ ਚੰਗਾ ਹੋਵੇ ਕਿ ਇਕ ਦਿਨ ਦੇ ਸਮਾਗਮ ਵਿਚ ਵੀਹ ਵੀਹ ਪਰਚੇ ਪੜ੍ਹਾ ਕੇ ਰਾਂਦ ਕੱਟਣ ਦੀ ਬਜਾਇ ਕੇਵਲ ਦੋ ਹੀ ਪਰਚੇ ਪੜ੍ਹਾਏ ਜਾਣ ਤੇ ਇਨ੍ਹਾਂ 'ਤੇ ਨਿੱਠ ਕੇ ਚਰਚਾ ਕੀਤੀ ਜਾਵੇ।

ਹੋਰ ਸਾਹਿਤਕ ਗੋਸ਼ਟੀਆਂ ਸਮੇਂ ਵੀ ਬੁਲਾਰਿਆਂ ਨੂੰ ਬੋਲਣ ਦਾ ਸਮਾਂ ਦੇਣ ਸਮੇਂ ਸਮੇਂ ਦੀ ਗਲਤ ਵਿਉਂਤਬੰਦੀ ਸਮਾਗਮ ਦੇ ਆਯੋਜਕਾਂ ਦੀ ਸਾਰੀ ਕੀਤੀ ਕਤਰੀ ਨੂੰ ਖੂਹ ਵਿਚ ਪਾ ਦਿੰਦੀ ਹੈ। ਸਮੇਂ ਦੀ ਗਲਤ ਵਿਉਂਤਬੰਦੀ ਕਾਰਨ ਬੋਲਣ ਵਾਲੇ ਬੁਲਾਰਿਆਂ ਨੂੰ ਵਾਰ-ਵਾਰ ਘੱਟ ਸਮਾਂ ਲੈਣ ਸਬੰਧੀ ਚਿੱਟ ਭੇਜਣੀ ਪੈਂਦੀ ਹੈ ਤੇ ਕਈ ਵਾਰ ਉਹ ਅਜਿਹਾ ਕੀਤੇ ਜਾਣ ਨੂੰ ਆਪਣੀ ਹੇਠੀ ਵੀ ਸਮਝ ਲੈਂਦੇ ਹਨ। ਸਹੀ ਵਿਉਂਤਬੰਦੀ ਤਾਂ ਇਹ ਹੈ ਕਿ ਹਰ ਬੁਲਾਰੇ ਲਈ ਬੋਲਣ ਦਾ ਸਮਾਂ ਨਿਸ਼ਚਿਤ ਕਰ ਦਿਤਾ ਜਾਵੇ। ਵੱਡੇ ਵਿਦਵਾਨਾਂ ਤੇ ਲੇਖਕਾਂ ਨੂੰ ਚਾਹੇ ਸਮਾਂ ਵੰਡ ਸਮੇਂ ਵਧ ਸਮਾਂ ਦੇ ਦਿਤਾ ਜਾਵੇ ਪਰ ਵੱਡੇ ਤੋਂ ਵੱਡੇ ਲੇਖਕ ਨੂੰ ਵੀ ਜਿੰਨਾ ਚਿਰ ਮਰਜ਼ੀ ਬੋਲਦੇ ਰਹਿਣ ਦੀ ਛੋਟ ਨਹੀਂ ਦਿਤੀ ਜਾਣੀ ਚਾਹੀਦੀ। ਜੇ ਬੁਲਾਰਿਆਂ ਨੂੰ ਘੱਟ ਬੋਲਣ ਲਈ ਚਿੱਟ ਭੇਜਣ ਦੀ ਨੌਬਤ ਆਉਣੀ ਹੀ ਆਉਣੀ ਹੈ ਤਾਂ ਕਿਉਂ ਨਾ ਇਹ ਕੰਮ ਪਹਿਲੇ ਹੀ ਬੁਲਾਰੇ ਤੋਂ ਸ਼ੁਰੂ ਕਰ ਦਿਤਾ ਜਾਵੇ। ਬੋਲਣ ਲਈ ਲੋੜ ਤੋਂ ਵਧ ਸਮਾਂ ਲੈਣ ਵਾਲੇ ਬੁਲਾਰੇ ਅਕਸਰ ਸਮਾਗਮ ਦੀ ਨੀਰਸਤਾ ਵਿਚ ਵੀ ਵਾਧਾ ਕਰਦੇ ਹਨ। ਅਕਸਰ ਵੇਖਣ ਵਿਚ ਆਉਂਦਾ ਹੈ ਬੁਲਾਰਿਆਂ ਦੇ ਭਾਸ਼ਣ ਲੰਮੇ ਹੋ ਜਾਣ 'ਤੇ ਸਰੋਤੇ ਤੇ ਪਾਠਕ ਬਹਾਨੇ ਨਾਲ ਬਾਹਰ ਜਾਣਾ ਸ਼ੁਰੂ ਕਰ ਦੇਂਦੇ ਹਨ।

ਸਾਹਿਤਕ ਗੋਸ਼ਟੀਆਂ ਦੀ ਵਿਉਂਤਬੰਦੀ ਨੂੰ ਤਰਤੀਬ ਦੇਣ ਲਈ ਸਭ ਤੋਂ ਵੱਡੀ ਭੂਮਿਕਾ ਸਟੇਜ ਸੈਕਟਰੀ ਦੀ ਹੁੰਦੀ ਹੈ ਪਰ ਕਈ ਵਾਰ ਉਹ ਖੁਦ ਹੀ ਇਸ ਵਿਉਂਤਬੰਦੀ ਨੂੰ ਹੋਰ ਵਿਗਾੜ ਦੇਂਦਾ ਹੈ। ਜਿੰਨਾ ਸਮਾਂ ਕੋਈ ਬੁਲਾਰਾ ਬੋਲਣ 'ਤੇ ਲਾਉਂਦਾ ਹੈ, ਉਨ੍ਹਾਂ ਸਮਾਂ ਸਟੇਜ ਸਕੱਤਰ ਉਸਦੇ ਬੋਲੇ ਦੀ ਵਿਆਖਿਆ ਕਰਨ 'ਤੇ ਲਾ ਦੇਂਦਾ ਹੈ। ਉਸ ਕੋਲ ਬੁਲਾਰਿਆਂ ਦੀ ਪੂਰੀ ਲਿਸਟ ਹੁੰਦੀ ਹੈ ਤੇ ਉਸਨੂੰ ਇਹ ਵੀ ਪਤਾ ਹੁੰਦਾ ਹੈ ਕਿ ਸਮਾਗਮ ਕਿੰਨੇ ਵਜੇ ਸਮਾਪਤ ਕਰਨਾ ਹੈ। ਜੇ ਬੁਲਾਰੇ ਘੱਟ ਹਨ ਤਾਂ ਜੀ ਸਦਕੇ ਉਹ ਵਧ ਸਮਾਂ ਲੈ ਲਵੇ ਪਰ ਜੇ ਬੁਲਾਰਿਆਂ ਦੀ ਲਿਸਟ ਲੰਮੀ ਹੈ ਤਾਂ ਉਸ ਨੂੰ ਵੀ ਸਮੇਂ ਮੁਤਾਬਿਕ ਆਪਣੇ ਵਲੋਂ ਕੀਤੀ ਜਾਣ ਵਾਲੀ ਵਿਆਖਿਆ ਦੀ ਵਿਉਂਤਬੰਦੀ ਕਰ ਲੈਣੀ ਚਾਹੀਦੀ ਹੈ। ਕਈ ਵਾਰ ਸਟੇਜ ਸਕੱਤਰ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਲਈ ਹਰ ਬੁਲਾਰੇ ਦੇ ਬੋਲਣ ਪਿੱਛੋਂ ਆਪਣੇ ਬੋਲਣ ਲਈ ਏਨੇ ਸ਼ੇਅਰ, ਵਿਦਵਾਨਾਂ ਦੇ ਕਥਨ, ਟੋਟਕੇ ਤੇ ਚੁਟਕਲੇ ਤਿਆਰ ਕਰ ਲਿਆਉਂਦਾ ਹੈ ਕਿ ਗੋਸ਼ਟੀ 'ਤੇ ਬੋਲਣ ਲਈ ਸੱਦੇ ਵਿਸ਼ੇਸ਼ ਬੁਲਾਰਿਆਂ ਨੂੰ ਵੀ ਸਮੇਂ ਦੀ ਘਾਟ ਪੈ ਜਾਂਦੀ ਹੈ। ਇਸ ਲਈ ਸਾਹਿਤਕ ਗੋਸ਼ਟੀਆਂ ਦਾ ਸਫਲ ਸਟੇਜ ਸਕੱਤਰ ਉਹੀ ਹੁੰਦਾ ਹੈ ਜੋ ਆਪਣੇ ਨਾਲੋਂ ਦੂਜੇ ਬੁਲਾਰਿਆਂ ਤੇ ਸਰੋਤਿਆਂ ਦੇ ਸਮੇਂ ਦਾ ਵਧ ਖਿਆਲ ਰੱਖੇ।

ਸਾਹਿਤਕ ਗੋਸ਼ਟੀਆਂ ਦੀ ਠੀਕ ਵਿਉਂਤਬੰਦੀ ਨਾ ਹੋਣ ਕਾਰਨ ਇਹ ਆਪਣੇ ਸਰੋਤਿਆਂ ਨੂੰ ਉਹ ਰੂਹ ਦੀ ਖੁਰਾਕ ਨਹੀਂ ਦੇ ਰਹੀਆਂ ਜਿਸ ਦੀ ਆਸ ਲੈ ਕੇ ਉਹ ਇਨ੍ਹਾਂ ਵਿਚ ਆਉਂਦੇ ਹਨ। ਚੰਗਾ ਹੋਵੇ ਕਿ ਅਸੀਂ ਸਾਹਿਤ ਸਭਾਵਾਂ ਦੀਆਂ ਅੱਜ ਤੋਂ ਚਾਰ ਦਹਾਕੇ ਪਹਿਲਾਂ ਹੁੰਦੀਆਂ ਮਾਸਿਕ ਬੈਠਕਾਂ ਵਾਲੇ ਮਾਹੌਲ ਦੀ ਪੁਨਰ ਉਸਾਰੀ ਦਾ ਯਤਨ ਕਰੀਏ। ਸਾਹਿਤ ਸਭਾਵਾਂ ਦੀਆਂ ਇਨ੍ਹਾਂ ਮਹੀਨਾਵਾਰ ਬੈਠਕਾਂ ਵਿਚ ਹਰ ਲੇਖਕ ਆਪਣੀ ਵਾਰੀ ਨਾਲ ਆਪਣੀ ਰਚਨਾ ਦਾ ਸਹਿਜ ਪਾਠ ਕਰਦਾ ਸੀ। ਬਾਕੀ ਸਾਰੇ ਲੇਖਕ, ਪਾਠਕ ਉਸ 'ਤੇ ਖੁੱਲ੍ਹ ਕੇ ਚਰਚਾ ਕਰਦੇ ਹਨ। ਹੁਣ ਗੋਸ਼ਟੀਆਂ ਦੀ ਵਿਉਂਤਬੰਦੀ ਵਿਚ ਆ ਰਹੇ ਵਿਗਾੜ ਨੂੰ ਠੀਕ ਕਰਨ ਲਈ ਵੀ ਕੁਝ ਵੱਖਰੀਆਂ ਗੋਸ਼ਟੀਆਂ ਕਰਵਾਏ ਜਾਣ ਦੀ ਲੋੜ ਮਹਿਸੂਸ ਹੋਣ ਲੱਗ ਪਈ ਹੈ।■

MAGZTER

ਬਲਵਿੰਦਰ ਬਾਲਮ
98156-25409

ਸ਼ਹੀਦੀ ਦਿਵਸ 25 ਜੂਨ 'ਤੇ ਵਿਸ਼ੇਸ਼

ਸਿੱਖ ਇਤਿਹਾਸ ਵਿਚ ਧਰੂ ਤਾਰੇ ਵਰਗੀ ਚਮਕ ਵਾਲਾ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ

ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਵਿਚ ਤੇ ਭਾਰਤੀ ਇਤਿਹਾਸ ਦੇ ਗਗਨ ਵਿਚ ਉਨ੍ਹਾਂ ਬਹਾਦਰ ਯੋਧਿਆਂ ਦੀਆਂ ਸ਼ਹੀਦੀਆਂ ਦੇ ਸਿਤਾਰਿਆਂ ਅੰਦਰ ਧਰੂ ਤਾਰੇ ਦੇ ਵਾਂਗੂ ਚਮਕਦਾ ਰਹੇਗਾ ਜੋ ਕੌਮ ਨੂੰ ਕੁਰਬਾਨੀ ਤੇ ਬਹਾਦਰੀ ਦੇ ਆਸ਼ੀਰਵਾਦ ਦੀ ਗੁੜਤੀ ਦੇ ਗਏ ਹਨ। ਸਿੱਖ ਇਤਿਹਾਸ ਦੇ ਗੁਲਸ਼ਨ ਵਿਚ ਬਾਬਾ ਬੰਦਾ ਬਹਾਦਰ ਦੀ ਕੁਰਬਾਨੀ ਤੇ ਸ਼ਹੀਦੀ ਦੀਆਂ ਜੜ੍ਹਾਂ 'ਚੋਂ ਫਿਰ ਪੁੰਗਰੇ ਖੂਬਸੂਰਤ ਸਿੱਖ ਮਰਿਆਦਾ ਦੇ ਫੁੱਲ ਆਪਣੀ ਸੁਗੰਧਿਤ ਖੁਸ਼ਬੂ ਨਾਲ ਪਰੰਪਰਾਵਾਂ ਨੂੰ ਹਮੇਸ਼ਾ ਲਈ ਰਹਿੰਦੀ ਦੁਨੀਆ ਤਕ ਕਾਇਮ ਰੱਖਣਗੇ। ਜਿਸ ਨਾਲ ਇਤਿਹਾਸ ਦੇ ਰਾਹਾਂ ਵਿਚ ਬਾਬਾ ਬੰਦਾ ਬਹਾਦਰ ਦੀ ਯਾਦ ਨਵੀਆਂ ਪੈੜਾਂ ਲਈ ਇਕ ਸੁਨੇਹਾ ਇਕ ਸੰਦੇਸ਼ ਦਿੰਦੀ ਰਹੇਗੀ।

ਬਾਬਾ ਬੰਦਾ ਸਿੰਘ ਬਹਾਦਰ ਸੱਚਾਈ ਦਾ ਤੂਫਾਨ, ਕ੍ਰਾਂਤੀਕਾਰੀ ਯੋਧਾ ਤੇ ਬੇਸਹਾਰਿਆਂ ਦੇ 'ਨੇਰਿਆਂ ਲਈ ਚਮਕਦੇ ਸੂਰਜ ਦਾ ਪ੍ਰਤੀਕ ਸੀ। ਉਹ ਜ਼ਾਲਿਮਾਂ ਦੀ ਹਿੱਕ 'ਤੇ ਲਟਕਦੀ ਤਲਵਾਰ ਸੀ। ਗਰੀਬਾਂ ਦਾ ਹਮਦਰਦ, ਪਰਬਤ ਵਰਗੀ ਤਾਕਤ ਦਾ ਸਵਾਮੀ, ਪਿਆਰ, ਦਯਾ ਤੇ ਕੋਮਲ ਹਿਰਦੇ ਦਾ ਭਗਤੀ ਪੂਰਵਕ ਰਾਹਗੀਰ, ਭਾਣਾ ਮੰਨਣ ਦੀ ਭਾਵਨਾ ਵਾਲਾ, ਸਿਰੜੀ, ਮਿਹਨਤੀ ਤੇ ਗੁਰੂ ਗੋਬਿੰਦ ਸਿੰਘ ਨੂੰ ਦਿਤੇ ਵਚਨਾਂ ਦਾ ਰਖਵਾਲਾ ਅਤੇ ਜਿਸ ਨੇ ਆਪਣੇ ਜਿਸਮ ਦਾ ਤਿਲ-ਤਿਲ ਸਿੱਖ ਕੌਮ ਦੇ ਲੇਖੇ ਲਾ ਦਿਤਾ। ਬਾਬਾ ਬੰਦਾ ਸਿੰਘ ਬਹਾਦਰ ਦੀ ਸਮੁੱਚੀ ਜੀਵਨਸ਼ੈਲੀ ਦੇ ਅਤੀਤ 'ਚੋਂ ਝਾਕ ਕੇ ਵੇਖਿਆ ਜਾਵੇ ਤਾਂ ਉਸ ਦੀ ਜੀਵਨਸ਼ੈਲੀ, ਯੋਧਾ ਸ਼ੈਲੀ ਇਤਿਹਾਸ ਵਿਚ ਦੁਰਲੱਭ ਤੇ ਵਿਸ਼ੇਸ਼ ਕਿਸਮ ਦੀ ਹੈ। ਜਿਸ ਨੇ ਕੌਮਾਂ ਲਈ ਨਵਾਂ ਇਤਿਹਾਸ ਰਚ ਕੇ ਉਨ੍ਹਾਂ ਵਿਚ ਦਲੇਰੀ, ਦਯਾ, ਈਮਾਨਦਾਰੀ, ਸੱਚਾਈ ਅਤੇ ਕੁਰਬਾਨੀ ਆਦਿ ਦੀਆਂ ਨੀਹਾਂ ਰੱਖੀਆਂ। ਜਿਸ ਨਾਲ ਭਵਿੱਖ ਦੇ ਮਹੱਲਾਂ ਨੂੰ ਮਜ਼ਬੂਤੀ ਮਿਲੀ।

ਬੰਦਾ ਸਿੰਘ ਬਹਾਦਰ ਦਾ ਜਨਮ 18 ਅਕਤੂਬਰ, 1670 ਈ: ਨੂੰ ਪੁਣਛ ਜ਼ਿਲ੍ਹੇ ਦੇ ਇਕ ਪਿੰਡ ਰਜੋਰੀ (ਜੰਮੂ) ਵਿਖੇ ਹੋਇਆ। ਉਸ ਦੇ ਪਿਤਾ ਜੀ ਦਾ ਨਾਂਅ ਰਾਮਦੇਵ ਸੀ। ਜੋ ਰਾਜਪੂਤ ਘਰਾਣੇ ਨਾਲ ਸੰਬੰਧ ਰੱਖਦੇ ਸਨ ਅਤੇ ਕਿਸਾਨ ਪਰਿਵਾਰ ਦੇ ਅਨੁਯਾਈ ਸਨ। ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਦੇ ਬਚਪਨ ਦਾ ਨਾਂਅ ਰਾਮਦਾਸ ਜਾਂ ਲਛਮਣ ਦਾਸ ਜਾਂ ਨਰਾਇਣ ਦਾਸ ਸੀ। ਉਨ੍ਹਾਂ ਦੇ ਨਾਂਅ ਬਾਰੇ ਕਈ ਮੱਤਭੇਦ ਹਨ। ਬਾਬਾ ਬੰਦਾ ਬਹਾਦਰ ਦਾ ਪਿੰਡ ਰਜੋਰੀ ਪਠਾਨਕੋਟ ਤੋਂ ਲਗਭਗ 172 ਕਿਲੋਮੀਟਰ ਅਤੇ ਜੰਮੂ ਤੋਂ 102 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਬਾਬਾ ਬੰਦਾ ਸਿੰਘ ਬਹਾਦਰ ਨੇ ਕਿਸ਼ੋਰ ਅਵਸਥਾ ਵਿਚ ਹੀ ਘੋੜਸਵਾਰੀ, ਨਿਸ਼ਾਨੇਬਾਜ਼ੀ, ਸ਼ਿਕਾਰ ਕਰਨਾ, ਤਲਵਾਰ ਚਲਾਉਣਾ,

MAGZTER

ਫੁਰਤੀਲੇ ਹੁਨਰ ਅਤੇ ਚੁਸਤੀਲੀ ਸ਼ੈਲੀ ਵਾਲੀਆਂ ਵਿਧੀਆਂ ਵਿਚ ਪਰਪੱਕਤਾ ਹਾਸਿਲ ਕਰ ਲਈ ਸੀ। ਉਨ੍ਹਾਂ ਦੇ ਜਿਸਮ ਵਿਚ ਸੰਜਮ ਤੇ ਉੱਦਮ ਦੀ ਬਿਜਲੀ ਚਮਕਦੀ ਸੀ, ਜਿਸ ਕਰਕੇ ਉਹ ਭਵਿੱਖ ਵਿਚ ਦੁਸ਼ਮਣਾਂ ਦੀ ਹਿੱਕ 'ਤੇ ਖੇਡੇ।

ਇਤਿਹਾਸ ਦੱਸਦਾ ਹੈ ਕਿ ਉਹ 15 ਸਾਲ ਦੀ ਉਮਰ ਵਿਚ ਇਕ ਬੈਰਾਗੀ ਸਾਧੂ ਜਾਨਕੀ ਪ੍ਰਸਾਦ ਦੇ ਸੰਪਰਕ ਵਿਚ ਆਏ ਤੇ ਬਾਬਾ ਬੰਦਾ ਬਹਾਦਰ ਜੀ ਨੇ ਉਨ੍ਹਾਂ ਨੂੰ ਗੁਰੂ ਧਾਰ ਲਿਆ। ਉਨ੍ਹਾਂ ਦੇ ਗੁਰੂ ਨੇ ਉਨ੍ਹਾਂ ਦਾ ਨਾਂਅ ਮਾਧੋਦਾਸ ਰੱਖ ਦਿਤਾ। ਬੈਰਾਗੀ ਮਾਧੋਦਾਸ ਨੇ ਨਾਂਦੇੜ ਦੇ ਨੇੜੇ, ਗੋਦਾਵਰੀ ਨਦੀ ਦੇ ਪਵਿੱਤਰ ਕੰਢੇ ਉਤੇ ਯੋਗ ਸਾਧਨਾ, ਇਕਾਗਰਤਾ ਲਈ ਇਕ ਸ਼ਾਂਤ ਤੇ ਅਧਿਆਤਮਕ ਸਥਾਨ ਬਣਾਇਆ। ਇਸ ਜਗ੍ਹਾ 'ਤੇ ਉਨ੍ਹਾਂ ਨੇ ਆਪਣੇ ਜਿਸਮ ਦੀਆਂ ਸਾਰੀਆਂ ਅੰਦਰੂਨੀ ਸ਼ਕਤੀਆਂ ਨੂੰ ਸੰਜਮ ਵਿਚ ਢਾਲਿਆ। ਇਕ ਜੋਗੀ ਦਾ ਰੂਪ ਲਿਆ। ਦਿਲ ਤੇ ਦਿਮਾਗ ਨੂੰ ਇਕਾਗਰਤਾ ਵਿਚ ਪਰੋ ਕੇ ਆਤਮਿਕ ਬੱਲ ਵਿਚ ਰਹਿਣਾ ਸਿਖਿਆ। ਉਸ ਸਮੇਂ ਦੇ ਵਿਗਿਆਨ ਨੂੰ ਜਾਣਿਆ, ਪਰਖਿਆ, ਖੋਜਿਆ ਤੇ ਕਈ ਗੁਣਾਂ ਨੂੰ ਹਾਸਿਲ ਕੀਤਾ।

3 ਸਤੰਬਰ, 1708 ਨੂੰ ਡੇਰੇ ਨਾਂਦੇੜ ਵਿਖੇ ਮਾਧੋਦਾਸ ਦੀ ਮੁਲਾਕਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਈ। ਗੁਰੂ ਜੀ ਮਾਧੋਦਾਸ ਦੀ ਸਰੀਰਕ ਤਾਕਤ, ਇਕਾਗਰ ਬੱਲ ਤੇ ਹੋਰ ਸ਼ਕਤੀਆਂ ਵੇਖ ਕੇ ਪ੍ਰਸੰਨ ਹੋਏ ਤੇ ਉਸ ਸਮੇਂ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਬਹਾਦਰ, ਨਿਡਰ, ਦਲੇਰ ਤੇ ਸੰਜਮੀ ਵਿਅਕਤੀ ਦੀ ਜ਼ਰੂਰਤ ਵੀ ਸੀ। ਜਿਸ ਵਿਚ ਅਗਵਾਈ ਕਰਨ ਦੇ ਵੀ ਸਾਰੇ ਗੁਣ ਹੋਣ। ਬੰਦਾ ਸਿੰਘ ਬਹਾਦਰ ਗੁਰੂ ਜੀ ਦੇ ਸੱਚੇ ਮਿੱਤਰ ਬਣ ਗਏ ਤੇ ਗੁਰੂ ਜੀ ਦੀ ਫਿਲਾਸਫੀ, ਸਿਧਾਂਤਾਂ ਨਾਲ ਸਹਿਮਤ ਹੋ ਗਏ। ਗੁਰੂ ਜੀ ਨੇ ਮਾਧੋਦਾਸ ਦਾ ਨਾਂਅ ਬੰਦਾ ਸਿੰਘ ਬਹਾਦਰ ਰੱਖ ਦਿਤਾ ਕਿਉਂਕਿ ਬਾਬਾ ਬੰਦਾ ਸਿੰਘ ਬਹਾਦਰ ਸਰਵਗੁਣ ਸੰਪੰਨ ਸੀ ਜਿਸ ਦੀ ਗੁਰੂ ਜੀ ਨੂੰ ਲੋੜ ਸੀ ਅਤੇ ਬਿਨਾਂ ਟਰੇਨਿੰਗ ਦੇ ਉਹ ਦੁਸ਼ਮਣ ਨਾਲ ਲੋਹਾ ਲੈ ਸਕਦਾ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਇਕ ਜਥੇਦਾਰ, ਇਕ ਜਰਨੈਲ ਥਾਪ ਕੇ ਪੰਜਾਬ ਵੱਲ ਤੋਰਿਆ ਸੀ। ਉਨ੍ਹਾਂ ਦੀ ਮਦਦ ਲਈ ਕੁਝ ਤੀਰ, ਹਥਿਆਰ ਤੇ ਹੋਰ ਸਮੱਗਰੀ ਚਿੰਨ੍ਹ ਆਦਿ ਵੀ ਦਿਤੇ। ਬਾਬਾ ਬੰਦਾ ਬਹਾਦਰ ਦੇ ਨਾਲ ਪੰਜ ਸਿੰਘ ਸਾਹਿਬਾਨ, ਖਾਲਸਾ ਬਾਬਾ ਵਿਨੋਦ ਸਿੰਘ, ਬਾਬਾ ਕਾਹਨ ਸਿੰਘ ਜੀ, ਬਾਬਾ ਬਾਜ ਸਿੰਘ, ਭਾਈ ਦਇਆ ਸਿੰਘ, ਭਾਈ ਰਣ ਸਿੰਘ ਵੀ ਪੰਜਾਬ ਲਈ ਰਵਾਨਾ ਹੋਏ। ਇਹ ਅਕਤੂਬਰ 1708 ਦੇ ਕਰੀਬ ਦੀ ਗੱਲ ਹੈ।

ਸ਼ਾਹੀ ਫੌਜ ਨੇ ਬਾਬਾ ਬੰਦਾ ਸਿੰਘ ਬਹਾਦਰ 'ਤੇ ਅੰਨ੍ਹਾ ਤਸ਼ੱਦਦ ਕੀਤਾ। ਉਨ੍ਹਾਂ ਦੇ ਨਾਲ ਅਨੇਕਾਂ ਹੀ ਸਿੰਘਾਂ ਨੂੰ ਕਤਲ ਕੀਤਾ ਗਿਆ। ਇਕ ਭਿਆਨਕ ਤਰ੍ਹਾਂ ਦੇ ਤਸੀਹੇ ਦਿਤੇ ਗਏ। ਬਾਬਾ ਬੰਦਾ ਸਿੰਘ ਬਹਾਦਰ ਨੂੰ ਇਕ ਵੱਡੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿਤਾ ਗਿਆ। ਇਹ ਪਿੰਜਰਾ ਹਾਥੀ ਉਤੇ ਰੱਖ ਕੇ ਜਲੂਸ ਦੀ ਸ਼ਕਲ ਵਿਚ ਲਾਹੌਰ ਲਿਜਾਇਆ ਗਿਆ।

ਦੱਸਿਆ ਜਾਂਦਾ ਹੈ ਕਿ ਦੁਸ਼ਮਣਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਧੋਖਾ ਦੇ ਕੇ ਛੁਰੇ ਨਾਲ ਜ਼ਖ਼ਮੀ ਕਰ ਦਿਤਾ ਸੀ। ਜਦੋਂ ਉਹ ਤੀਰ ਚੜ੍ਹਾਉਣ ਲੱਗੇ ਤਾਂ ਜ਼ਖ਼ਮ ਖਿਲਰ ਗਿਆ ਜਿਸ ਕਰਕੇ ਉਹ ਜੋਤੀ ਜੋਤ ਸਮਾ ਗਏ।

ਬਾਬਾ ਬੰਦਾ ਸਿੰਘ ਬਹਾਦਰ ਵਿਚ ਗੁਰੂ ਜੀ ਦੇ ਪਰਿਵਾਰ ਦੀ ਸ਼ਹੀਦੀ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਗੁੱਸਾ, ਦੁਸ਼ਮਣ ਨੂੰ ਸਬਕ ਸਿਖਾਉਣ ਲਈ ਹੁਣ ਕਾਫ਼ੀ ਸੀ। ਰੋਹ ਦੇ ਬੱਦਲ ਉਨ੍ਹਾਂ ਦੇ ਦਿਲ ਦਿਮਾਗ ਵਿਚ ਗਰਜਣ ਲੱਗੇ। ਜੋਸ਼ ਦੇ ਜਵਾਲਾਮੁਖੀ ਫੱਟਣ ਲਗੇ। ਫਿਰ ਕੀ ਸੀ ? ਬਾਬਾ ਬੰਦਾ ਸਿੰਘ ਬਹਾਦਰ ਦੁਸ਼ਮਣਾਂ ਦੇ ਆਹੂ ਲਾਉਂਦਾ ਚਲਾ ਗਿਆ। ਉਨ੍ਹਾਂ ਨਾਲ ਕਾਫ਼ੀ ਫੌਜ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਸੋਨੀਪਤ, ਕੈਥਲ, ਸਮਾਣਾ, ਘੁੜਾਮ, ਨਸਕਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ, ਸਢੌਰਾ, ਛੱਤ ਬਨੂੜ ਉਤੇ ਕਬਜ਼ਾ ਕੀਤਾ। 12 ਮਈ, 1710 ਨੂੰ ਆਹੂ ਲਾਉਣ ਵਾਲੀ ਲੜਾਈ ਵਿਚ ਸੂਬੇਦਾਰ ਵਜ਼ੀਰ ਖ਼ਾਂ ਮਾਰਿਆ ਗਿਆ। 14 ਮਈ, 1710 ਨੂੰ ਸਿੱਖ ਜੇਤੂ ਬਣਕੇ ਸਰਹਿੰਦ ਵਿਚ ਦਾਖਲ ਹੋਏ। ਬੰਦੇ ਨੇ ਸਢੌਰਾ ਤੋਂ ਨਾਹਨ ਵਿਚਕਾਰ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਜਿਸ ਦਾ ਨਾਂ ਉਨ੍ਹਾਂ ਲੋਹਗੜ੍ਹ ਰੱਖਿਆ। ਇਥੇ ਰਹਿ ਕੇ ਹੀ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕੇ ਜਾਰੀ ਕੀਤੇ। ਸਹਾਰਨਪੁਰ, ਜਲਾਲਾਬਾਦ ਤੇ ਨਨੌਤਾ ਫਤਹਿ ਕਰਨ ਤੋਂ ਬਾਅਦ ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਆਪਣੀ ਬਹਾਦਰੀ ਦੇ ਜੌਹਰ ਵਿਖਾਉਂਦੇ ਹੋਏ ਤੇ ਦੁਸ਼ਮਣਾਂ ਦੇ ਦੰਦ ਖੱਟੇ ਕਰਦੇ ਹੋਏ ਅੱਗੇ ਵਧਦੇ ਗਏ। ਹੁਣ ਸਿੱਖ ਪੰਜਾਬ ਦੇ ਮਾਲਿਕ ਅਖਵਾਉਣ ਲੱਗੇ। ਉਸ ਸਮੇਂ ਦਾ ਬਾਦਸ਼ਾਹ ਬਹਾਦਰ ਸ਼ਾਹ ਖ਼ੁਦ ਪੰਜਾਬ ਵਿਚ ਦਾਖਲ ਹੋਇਆ ਤੇ ਹਾਲਾਤਾਂ ਮੁਤਾਬਿਕ ਸਿੱਖ ਪਿੱਛੇ ਹੱਟ ਗਏ। ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੱਖ ਫਿਰ ਲੋਹਗੜ੍ਹ ਦੇ ਕਿਲ੍ਹੇ ਵਿਚ ਆ ਗਏ। ਮੁਗ਼ਲ ਸੈਨਾ ਨੇ ਇਹ ਕਿਲ੍ਹਾ ਘੇਰ ਲਿਆ। ਹਾਲਾਤਾਂ ਦਾ ਜਾਇਜ਼ਾ ਲੈਂਦੇ ਹੋਏ ਬਾਬਾ ਬੰਦਾ ਬਹਾਦਰ ਨੇ ਇਕ ਯੋਜਨਾ ਤਹਿਤ ਕਿਲ੍ਹਾ ਛੱਡ ਦਿਤਾ ਤੇ ਪਹਾੜਾਂ ਵੱਲ ਚਲੇ ਗਏ। ਇਥੇ ਉਨ੍ਹਾਂ ਨੇ ਇਕ ਇਰਖਾਲੂ ਰਾਜੇ ਭੀਮ ਚੰਦ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਚੰਬੇ ਦੇ ਰਾਜੇ ਦੀ ਪੁੱਤਰੀ ਸਾਹਿਬ ਕੌਰ ਨਾਲ ਵਿਆਹ ਕਰਵਾ ਲਿਆ। ਸਾਹਿਬ ਕੌਰ ਦੀ ਕੁੱਖ 'ਚੋਂ ਇਕ ਪੁੱਤਰ ਰਣਜੀਤ ਸਿੰਘ ਪੈਦਾ ਹੋਇਆ।

18 ਫਰਵਰੀ, 1712 ਨੂੰ ਬਾਦਸ਼ਾਹ ਬਹਾਦੁਰ ਸ਼ਾਹ ਦੀ ਮੌਤ ਹੋ ਗਈ। ਬਾਬਾ ਬੰਦਾ ਸਿੰਘ ਬਹਾਦਰ ਨੇ ਫਿਰ ਚੰਬੇ ਦੇ ਇਲਾਕੇ ਵਿਚੋਂ ਨਿਕਲ ਕੇ ਕਈ ਇਲਾਕਿਆਂ 'ਤੇ ਕਬਜ਼ਾ ਕੀਤਾ। ਇਸ ਤਰ੍ਹਾਂ ਹੀ ਉਨ੍ਹਾਂ ਨੇ ਚੰਬੇ ਦੇ ਇਲਾਕੇ 'ਚੋਂ ਨਿਕਲ ਕੇ ਮਾਰਚ 1715 ਨੂੰ ਕਲਾਨੌਰ ਤੇ ਬਟਾਲੇ 'ਤੇ ਕਬਜ਼ਾ ਕੀਤਾ। ਪਰ ਮੁਗ਼ਲ ਫੌਜ ਉਨ੍ਹਾਂ ਦੇ ਪਿੱਛੇ ਲੱਗੀ ਹੋਈ ਸੀ।

ਆਖਰ 7 ਦਸੰਬਰ, 1715 ਈ: ਨੂੰ ਮੁਗ਼ਲ ਫੌਜਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਤੇ ਸਿੱਖਾਂ ਨੂੰ ਦੁਨੀ ਚੰਦ ਦੀ ਉੱਚੀ ਵਿਸ਼ਾਲ ਹਵੇਲੀ ਵਿਚ ਗੁਰਦਾਸ ਨੰਗਲ ਵਿਖੇ ਘੇਰ ਲਿਆ, ਜਿਸ ਨੂੰ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਜਾਂ ਗੁਰਦਾਸ ਨੰਗਲ ਦਾ ਬੇਹ ਵੀ ਕਿਹਾ ਜਾਂਦਾ ਹੈ। ਇਹ ਗੜ੍ਹੀ ਗੁਰਦਾਸਪੁਰ ਤੋਂ 5 ਕਿਲੋਮੀਟਰ ਦੂਰ ਹੈ। ਸ਼ਾਹੀ ਫੌਜਾਂ ਦਾ ਸਿੱਖਾਂ ਨੇ ਡੱਟ ਕੇ ਮੁਕਾਬਲਾ ਕੀਤਾ। ਸਿੱਖਾਂ ਦਾ ਬਾਹਰ ਆਉਣਾ-ਜਾਣਾ, ਰਾਸ਼ਨ ਅਤੇ ਹਰ ਤਰ੍ਹਾਂ ਦੀ ਬਾਹਰੀ ਸਮੱਗਰੀ ਬੰਦ ਸੀ। ਆਖਰ 7 ਦਸੰਬਰ, 1715 ਨੂੰ ਸ਼ਾਹ ਫੌਜ ਨੇ ਗੁਰਦਾਸ ਨੰਗਲ ਦੀ ਗੜ੍ਹੀ 'ਤੇ ਕਬਜ਼ਾ ਕਰ ਲਿਆ।

ਇਤਿਹਾਸ ਗਵਾਹ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਾਹੀ ਫੌਜ ਕਦੇ ਵੀ ਕੈਦੀ ਨਹੀਂ ਸੀ ਬਣਾ ਸਕਦੀ ਅਤੇ ਨਾ ਹੀ ਉਸ ਨੂੰ ਜ਼ਿੰਦਾ ਫੜ ਸਕਦੀ ਸੀ। ਉਸਦੇ ਆਪਣੇ ਹੀ ਸਾਥੀ ਸ਼ਾਹੀ ਫੌਜ ਨਾਲ ਜਾ ਮਿਲੇ, ਸ਼ਾਹੀ ਫੌਜ ਨੇ ਬੰਦੇ ਦੇ ਸਾਥੀਆਂ ਨੂੰ ਅਨੇਕਾਂ ਹੀ ਲਾਲਚ ਦੇ ਕੇ ਖਰੀਦ ਲਿਆ। ਜਿਸ ਕਰਕੇ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਰੇ ਭੇਦ ਸ਼ਾਹੀ ਫੌਜ ਨੂੰ ਦੇ ਦਿਤੇ। ਜਿਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਸ਼ਾਹੀ ਫੌਜ ਦੇ ਕੈਦੀ ਬਣੇ। ਸ਼ਾਹੀ ਫੌਜ ਨੇ ਬਾਬਾ ਬੰਦਾ ਸਿੰਘ ਬਹਾਦਰ 'ਤੇ ਅੰਨ੍ਹਾ ਤਸ਼ੱਦਦ ਕੀਤਾ। ਉਨ੍ਹਾਂ ਦੇ ਨਾਲ ਅਨੇਕਾਂ ਹੀ ਸਿੱਖਾਂ ਨੂੰ ਕਤਲ ਕੀਤਾ ਗਿਆ। ਇਕ ਭਿਆਨਕ ਤਰ੍ਹਾਂ ਦੇ ਤਸੀਹੇ ਦਿਤੇ ਗਏ। ਬਾਬਾ ਬੰਦਾ ਸਿੰਘ ਬਹਾਦਰ ਨੂੰ ਇਕ ਵੱਡੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿਤਾ ਗਿਆ। ਇਹ ਪਿੰਜਰਾ ਹਾਥੀ ਉਤੇ ਰੱਖ ਕੇ ਜਲੂਸ ਦੀ ਸ਼ਕਲ ਵਿਚ ਲਾਹੌਰ ਲਿਜਾਇਆ ਗਿਆ। ਪਿੰਜਰੇ ਦੇ ਅੱਗੇ-ਅੱਗੇ ਸਿੱਖਾਂ ਦੇ ਸਿਰ ਨੇਜ਼ਿਆਂ ਉਤੇ ਟੰਗੇ ਗਏ। ਇਹ ਜਲੂਸ 27 ਫਰਵਰੀ, 1716 ਨੂੰ ਦਿੱਲੀ ਵਿਚ ਦਾਖਲ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਦੀ ਪਤਨੀ ਅਤੇ ਉਨ੍ਹਾਂ ਦੇ 4 ਸਾਲ ਦੇ ਬੱਚੇ ਅਜੈ ਸਿੰਘ 'ਤੇ ਵੀ ਤਸ਼ੱਦਦ ਕੀਤਾ ਗਿਆ। 9 ਜੂਨ, 1716 ਨੂੰ ਜਲੂਸ ਦੀ ਸ਼ਕਲ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸਦੇ 4 ਸਾਲ ਦੇ ਬੱਚੇ ਨੂੰ ਅਨੇਕਾਂ ਸਿੱਖਾਂ ਨਾਲ ਕੁਤਬ ਮਿਨਾਰ ਦੇ ਨੇੜੇ ਖੋਆਜਾ ਕੁਤਬਦੀਨ, ਬਖਤਿਆਰ ਕਾਕੀ ਦੇ ਰੌਜ਼ੇ ਪਾਸ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਪੁੱਤਰ ਅਜੈ ਸਿੰਘ ਦਾ ਦਿਲ ਕੱਢ ਕੇ ਉਨ੍ਹਾਂ ਦੇ ਮੂੰਹ ਵਿਚ ਪਾਇਆ ਗਿਆ। 9 ਜੂਨ, 1716 ਨੂੰ ਦਿੱਲੀ ਵਿਖੇ ਅਨੇਕਾਂ ਤਸ਼ਦੱਦ ਸਹਿੰਦੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਸ਼ਹੀਦ ਹੋ ਗਏ। ਉਨ੍ਹਾਂ ਨੂੰ ਮੁਸਲਮਾਨ ਬਣਨ ਦੀ ਜਾਂ ਮੌਤ ਸਵੀਕਾਰ ਕਰਨ ਲਈ ਕਿਹਾ ਗਿਆ। ਪਰ ਉਹ ਹੱਸ-ਹੱਸ ਕੇ ਆਪਣੀ ਕੌਮ ਤੋਂ ਜਾਨ ਨਿਸ਼ਾਵਰ ਕਰ ਗਏ। ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂ ਸੁਨਹਿਰੀ ਅੱਖਰਾਂ ਦੇ ਨਾਲ ਹਮੇਸ਼ਾ-ਹਮੇਸ਼ਾ ਅੰਕਿਤ ਰਹੇਗਾ।■

MAGZTER

ਘਰ ਤੋਂ ਬਾਹਰ ਕਸਰਤ ਕਰਦੇ ਸਮੇਂ ਸੋਸ਼ਲ ਡਿਸਟੈਂਸਿੰਗ ਵੀ ਜ਼ਰੂਰੀ

ਨਿਯਮਿਤ ਰੂਪ ਨਾਲ ਕਸਰਤ ਕਰਨ ਵਾਲੇ ਲੋਕਾਂ ਦੇ ਮਨ ਵਿਚ ਸੁਆਲ ਉਠਦਾ ਹੈ ਕਿ ਘਰੋਂ ਬਾਹਰ ਵਰਕਆਊਟ ਕਰਦੇ ਸਮੇਂ ਫੇਸ ਮਾਸਕ ਦਾ ਉਪਯੋਗ ਕਰਨਾ ਚਾਹੀਦਾ ਹੈ ਜਾਂ ਨਹੀਂ। ਇਸ ਸਬੰਧੀ ਮਾਹਿਰਾਂ ਦੀ ਵੱਖ-ਵੱਖ ਸਲਾਹ ਹੈ। ਪਰ ਉਹ ਇਸ ਗੱਲ ਨਾਲ ਸਹਿਮਤ ਹਨ ਕਿ ਲੋਕਾਂ ਨੂੰ ਸੋਸ਼ਲ ਡਿਸਟੈਂਸਿੰਗ ਦਾ ਧਿਆਨ ਰਖਣਾ ਚਾਹੀਦਾ ਹੈ। ਖੋਜਕਰਤਾ ਅਨੁਸਾਰ ਸਾਈਕਲਿੰਗ ਵਰਗੀਆਂ ਡੂੰਘਾ ਸਾਹ ਲੈਣ ਵਾਲੀਆਂ ਐਰੋਬਿਕ ਕਸਰਤਾਂ ਨਾਲ ਵਾਇਰਸ ਫੈਲਣ ਦੇ ਸਬੰਧ ਵਿਚ ਜ਼ਿਆਦਾ ਜਾਣਕਾਰੀ ਨਹੀਂ ਹੈ। ਆਮ ਮਾਸਕ ਜਾਂ ਉਸ ਤੋਂ ਬਿਨਾਂ ਆਊਟਡੋਰ ਕਸਰਤ ਸੁਰੱਖਿਅਤ ਲਗਦੀ ਹੈ।

ਹਾਂਗਕਾਂਗ ਯੂਨੀਵਰਸਿਟੀ ਦੇ ਛੂਤਕਾਰੀ ਬੀਮਾਰੀਆਂ ਦੇ ਪ੍ਰੋਫੈਸਰ ਬੈਂਜਾਮਿਨ ਕੋਲਿੰਗ ਦੇ ਅਨੁਸਾਰ ਭਾਰੀ ਭੀੜ ਨੂੰ ਛੱਡ ਕੇ ਬਾਹਰੀ ਇਲਾਕਿਆਂ ਵਿਚ ਕੋਵਿਡ-19 ਫੈਲਣ ਦੀ ਸੰਭਾਵਨਾ ਉਮੀਦ ਤੋਂ ਘੱਟ ਹੀ ਰਹਿੰਦੀ ਹੈ। ਉਨ੍ਹਾਂ ਅਨੁਸਾਰ ਦੌੜਨਾ ਸਿਹਤ ਦੇ ਲਈ ਚੰਗਾ ਹੈ। ਦੌੜਨ ਦੇ ਦੌਰਾਨ ਰੋਗ ਦੀ ਚਿੰਤਾ ਘੱਟ ਹੁੰਦੀ ਹੈ। ਅਮਰੀਕੀ ਬੀਮਾਰੀ ਕੰਟਰੋਲ ਸੈਂਟਰ ਦੇ ਅਨੁਸਾਰ ਘਰੋਂ ਬਾਹਰ ਜਾਣ ਵਾਲੇ ਲੋਕਾਂ ਨੂੰ ਮਾਸਕ ਪਾਉਣਾ ਚਾਹੀਦਾ ਹੈ। ਇਸ ਨਾਲ ਦੌੜਦੇ ਸਮੇਂ ਆਪਣੇ ਨਾਲ ਦੂਜੇ ਲੋਕ ਵੀ ਸੁਰੱਖਿਅਤ ਰਹਿੰਦੇ ਹਨ।

ਮੁਸ਼ਕਿਲ ਹਾਲਾਤਾਂ ਵਿਚ ਕਸਰਤ 'ਤੇ ਖੋਜ ਕਰਨ ਵਾਲੀ ਨਿਊ ਮੈਕਸਿਕੋ ਯੂਨੀਵਰਸਿਟੀ ਦੀ ਵਿਦਿਆਰਥਣ ਬ੍ਰਾਇਨੇ ਬੇਲੋਵਰੀ ਦੇ ਅਨੁਸਾਰ ਫੇਸ ਮਾਸਕ ਦੇ ਨਾਲ ਸਾਈਕਲ ਚਲਾਉਣ ਅਤੇ ਕਸਰਤ ਕਰਨ ਵਾਲੇ ਲੋਕਾਂ ਨੂੰ ਸਾਹ ਲੈਣ ਵਿਚ ਥੋੜ੍ਹੀ ਮੁਸ਼ਕਿਲ ਹੋ ਸਕਦੀ ਹੈ। ਰੈਡਬਾਊਡ ਯੂਨੀਵਰਸਿਟੀ, ਨੀਦਰਲੈਂਡ ਦੇ ਅਸਿਸਟੈਂਟ ਪ੍ਰੋਫੈਸਰ ਥਿਜਿਸ ਐਜਵੋਗੇਲਸ ਦੇ ਅਨੁਸਾਰ ਮੂੰਹ ਅਤੇ ਨੱਕ ਪੂਰੀ ਤਰ੍ਹਾਂ ਢਕਿਆ ਹੋਣ ਨਾਲ ਸਰੀਰ ਵਿਚ ਹਵਾ ਘੱਟ ਜਾਵੇਗੀ। ਥੋੜ੍ਹੀ ਮੁਸ਼ਕਿਲ ਤਾਂ ਹੋਵੇਗੀ।

ਲਾਵਲ ਯੂਨੀਵਰਸਿਟੀ, ਕਿਊਬੇਕ ਸਿਟੀ ਵਿਚ ਕਾਰਡਿਓਲੋਜੀ ਦੇ ਪ੍ਰੋਫੈਸਰ ਡਾ. ਲੁਈਸ ਬੋਲੋਟ ਦੇ ਅਨੁਸਾਰ ਮਾਸਕ ਵੀ ਜਲਦੀ ਗਿੱਲੇ ਹੋ ਜਾਣਗੇ। ਗਿੱਲੇ ਕੱਪੜੇ ਦੇ ਮਾਸਕ ਨਾਲ ਸਾਹ ਲੈਣਾ ਔਖਾ ਹੁੰਦਾ ਹੈ। ਫੇਸ ਮਾਸਕ ਦੇ ਨਾਲ ਕਸਰਤ ਕਰਦੇ ਹੋਏ ਚਿਹਰੇ ਦੇ ਆਲੇ-ਦੁਆਲੇ ਨਮੀ ਬਣੇਗੀ। ਗਰਮੀ ਮਹਿਸੂਸ ਹੋਵੇਗੀ। ਨੱਕ ਤੋਂ ਵਧ ਪਾਣੀ ਨਿਕਲੇਗਾ। ਦੌੜਦੇ ਸਮੇਂ ਮਾਸਕ ਪਾਉਣ ਦਾ ਅਨੁਭਵ ਕੁਝ ਵੱਖਰਾ ਹੀ ਹੋਵੇਗਾ। ਇਸ ਲਈ ਅਸੁਵਿਧਾ ਤੋਂ ਬਚਣ ਦੇ ਲਈ ਹੈਡਬੈਂਡ ਵਰਗਾ ਪਤਲਾ ਕੱਪੜਾ ਚਿਹਰੇ 'ਤੇ ਲਗਾ ਸਕਦੇ ਹੋ। ਵਰਕਆਊਟ ਦੇ ਸਮੇਂ ਸਰਜੀਕਲ ਮਾਸਕ ਪਾਉਣਾ ਬਹੁਤ ਹੀ ਮੁਸ਼ਕਿਲ ਹੈ। ਸਭ ਤੋਂ ਚੰਗਾ ਤਰੀਕਾ ਸੋਸ਼ਲ ਡਿਸਟੈਂਸਿੰਗ ਬਣਾਏ ਰੱਖਣਾ ਹੈ। ਘਰ ਆਉਣ 'ਤੇ ਹੱਥ ਅਤੇ ਜਿਹੋ ਜਿਹਾ ਵੀ ਮਾਸਕ ਹੋਵੇ ਉਸਨੂੰ ਕੀਟਾਣੂ ਮੁਕਤ ਕੀਤਾ ਜਾਵੇ।

ਲਾੱਕਡਾਊਨ ਦੌਰਾਨ ਹਰੀ ਕ੍ਰਾਂਤੀ...

ਲਾੱਕਡਾਊਨ ਵਿਚ ਕੇਰਲ ਦੀ ਇਕ ਪੰਚਾਇਤ ਨੇ ਨਵੀਂ ਹਰੀ ਕ੍ਰਾਂਤੀ ਖੜ੍ਹੀ ਕਰ ਦਿਤੀ ਹੈ। ਜਦੋਂ 24 ਮਾਰਚ ਨੂੰ 21 ਦਿਨ ਦੇ ਲਾੱਕਡਾਊਨ ਦਾ ਐਲਾਨ ਹੋਇਆ ਸੀ ਉਦੋਂ ਐਰਨਾਕੁਲਮ ਜ਼ਿਲ੍ਹੇ ਦੀ ਵਡਕੱਕੇਰਾ ਪੰਚਾਇਤ ਨੇ ਤੈਅ ਕੀਤਾ ਕਿ ਪਿੰਡ ਵਿਚ ਕੋਈ ਵਿਹਲਾ ਨਹੀਂ ਬੈਠੇਗਾ। ਤੈਅ ਹੋਇਆ ਕਿ ਪਿੰਡ ਦੀ ਖਾਲੀ ਪਈ ਥਾਂ, ਘਰਾਂ ਦੇ ਆਲੇ-ਦੁਆਲੇ ਅਤੇ ਛੱਤਾਂ 'ਤੇ ਸਬਜ਼ੀਆਂ ਉਗਾਵਾਂਗੇ। ਇਹ ਵੀ ਤੈਅ ਹੋਇਆ ਕਿ ਪੈਸਟੀਸਾਈਡ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਇਸ ਮੁਹਿੰਮ ਨੂੰ 'ਦਿ ਵੈਜੀਟੇਬਲ ਫਾਰਮਿੰਗ ਚੈਲੇਂਜ' ਨਾਮ ਦਿਤਾ। ਕੁਝ ਹੀ ਦਿਨਾਂ ਵਿਚ ਪੰਚਾਇਤ ਦੇ 10,312 ਪਰਿਵਾਰਾਂ ਵਿਚੋਂ 9417 ਪਰਿਵਾਰ ਇਸ ਨਾਲ ਜੁੜ ਗਏ। 70 ਦਿਨਾਂ ਦੇ ਲਾੱਕਡਾਊਨ ਵਿਚ ਇਥੋਂ ਦੇ ਲੋਕ ਸਬਜ਼ੀ ਦੇ ਮਾਮਲੇ ਵਿਚ ਆਤਮ ਨਿਰਭਰ ਬਣ ਗਏ ਹਨ। ਸਮੂਹਿਕ ਕੋਸ਼ਿਸ਼ਾਂ ਨਾਲ ਮਿਲੀ ਸਬਜ਼ੀ ਦੀ ਉਪਜ ਇੰਨੀ ਵਧ ਹੈ ਕਿ ਕੇਰਲ ਸਰਕਾਰ ਦੇ ਕਿਸਾਨ ਵਿਭਾਗ ਨੇ ਕਿਸਾਨਾਂ ਦੇ ਲਈ ਬਾਜ਼ਾਰ ਤਿਆਰ ਕਰਕੇ ਦਿਤਾ ਹੈ। ਇਥੇ ਲੋਕਾਂ ਨੇ ਪਹਿਲਾਂ ਛੋਟੇ-ਛੋਟੇ ਸਮੂਹ ਬਣਾਏ ਅਤੇ ਸਮਾਜਿਕ ਦੂਰੀ ਦਾ ਪਾਲਣ ਕਰਦੇ ਹੋਏ ਆਪਣੇ ਆਪਣੇ ਘਰਾਂ ਦੇ ਆਲੇ-ਦੁਆਲੇ ਖਾਲੀ ਥਾਵਾਂ ਨੂੰ ਸਾਫ ਕੀਤਾ। ਜੁਤਾਈ ਕਰਕੇ ਖੇਤ ਤਿਆਰ ਕੀਤੇ। ਗ੍ਰਾਮ ਪੰਚਾਇਤ ਨੇ ਵੱਖ-ਵੱਖ ਕਿਸਮ ਦੇ ਬੀਜਾਂ ਦੇ 20 ਹਜ਼ਾਰ ਪੈਕਟ ਮੁਫਤ ਵਿਚ ਦਿਤੇ। ਅੱਜ ਇਥੋਂ ਦੇ ਹਰ ਘਰ ਵਿਚ ਭਿੰਡੀ, ਬੈਂਗਣ, ਕੱਦੂ, ਕਰੇਲਾ, ਟਮਾਟਰ, ਲਾਲ ਭਾਜੀ ਅਤੇ ਘੀਏ ਦੀਆਂ ਫਸਲਾਂ ਲਹਿਰਾਂ ਰਹੀਆਂ ਹਨ। ਪੰਚਾਇਤ ਦੇ ਸਹਾਇਕ ਕਿਸਾਨ ਅਧਿਕਾਰੀ ਐਸ ਸੀਨਾ ਦੇ ਅਨੁਸਾਰ ਉਨ੍ਹਾਂ ਨੇ ਲੋਕਾਂ ਨੂੰ ਉਤਸ਼ਾਹਿਤ ਕਰਨ ਦੇ ਲਈ ਇਹ ਫਾਰਮਿੰਗ ਪ੍ਰੋਗਰਾਮ ਸ਼ੁਰੂ ਕੀਤਾ ਸੀ ਤਾਂ ਕਿ ਲੱਕਡਾਊਨ ਵਿਚ ਘਰ ਵਿਚ ਰਹਿੰਦੇ ਹੋਏ ਉਹ ਸਬਜ਼ੀਆਂ ਉਗਾਉਣ। ਇਹ ਪ੍ਰਯੋਗ ਪੂਰੀ ਤਰ੍ਹਾਂ ਸਫਲ ਹੋਇਆ। ਵਧੇਰੇ ਲੋਕ ਹੁਣ ਪਰਿਵਾਰ ਦੇ ਨਾਲ ਖੇਤੀ ਦਾ ਆਨੰਦ ਲੈ ਰਹੇ ਹਨ। ਲੋਕਾਂ ਨੂੰ ਉਤਸ਼ਾਹਿਤ ਕਰਨ ਦੇ ਲਈ ਐਵਾਰਡ ਵੀ ਦੇਣਗੇ ■

MAGZTER

ਸੁਖਪਾਲ ਸਿੰਘ ਗਿੱਲ
98781-11445

ਮਹਿੰਦੀ ਦੇ ਬੂਟੇ ਨੂੰ ਲਾ ਦੇ ਭਾਬੀਏ ਪਾਣੀ

ਮਹਿੰਦੀ ਦਾ ਨਾਂ ਸੁਣਦੇ ਪੜ੍ਹਦੇ ਹੀ ਹਾਰ ਸ਼ਿੰਗਾਰ ਅਤੇ ਰਸਮ ਰਿਵਾਜਾਂ ਦੀ ਤਰੰਗ ਜਿਹੀ ਪੈਣ ਲੱਗ ਪੈਂਦੀ ਹੈ। ਔਰਤ ਦਾ ਮਹਿੰਦੀ ਰੂਪੀ ਸ਼ਿੰਗਾਰ ਅਤੇ ਮਰਦ ਦਾ ਇਸ ਸ਼ਿੰਗਾਰ ਨੂੰ ਦੇਖ ਕੇ ਇਕ ਰੋਮਾਂਟਿਕ ਤਰੰਗ ਪੈਦਾ ਹੋਣੀ, ਇਕ ਸੁਭਾਅ ਹੀ ਹੁੰਦਾ ਹੈ। ਧੀ ਦਾ ਜੰਮਦੀ ਸਾਰ ਹਾਰ ਸ਼ਿੰਗਾਰ ਵੱਲ ਰੁਚਿਤ ਹੋਣ ਦਾ ਇਕ ਅਧਿਆਏ ਮਹਿੰਦੀ ਦਾ ਬੂਟਾ ਵੀ ਹੈ, ਜਿਸਨੂੰ ਆਮ ਤੌਰ 'ਤੇ ਖੇਤਾਂ ਘਰਾਂ ਵਿਚ ਲਾਇਆ ਜਾਂਦਾ ਸੀ। ਸੁਹਾਗਣ ਜੀਵਨ ਦਾ ਮਹਿੰਦੀ ਅਤੀਤ ਤੋਂ ਵਰਤਮਾਨ ਤਕ ਇਕ ਅੰਗ ਹੈ। ਧੀਆਂ ਘਰਾਂ ਵਿਚ ਕੂੰਡੇ ਵਿਚ ਕੁੱਟ ਕੇ ਮਹਿੰਦੀ ਦੇ ਪੱਤੇ ਹੱਥਾਂ 'ਤੇ ਲਾਉਂਦੀਆਂ ਹੋਈਆਂ ਭਵਿੱਖੀ ਸੁਹਾਗ ਦੇ ਸੁਪਨੇ ਲੈਂਦੀਆਂ ਸਨ। ਮਹਿੰਦੀ ਨੂੰ ਪੰਜਾਬੀ ਵਿਰਸੇ ਨਾਲ ਜੋੜ ਕੇ ਧੀਆਂ ਦਾ ਮੋਲ ਮਾਣ-ਮੱਤੇ ਗਾਇਕ ਕਲਾਕਾਰ ਸਿੱਧੂ ਨੇ ਇਉਂ ਕੀਤਾ ਹੈ :

"ਵੀਰ ਮੇਰਾ ਮਹਿਲਾਂ ਦਾ ਰਾਜਾ ਤੂੰ ਭਾਬੀਏ ਰਾਣੀ,
ਮਹਿੰਦੀ ਦੇ ਬੂਟੇ ਨੂੰ ਲਾ ਭਾਬੀਏ ਪਾਣੀ"

ਪੰਜਾਬ ਦੇ ਕਈ ਰੂੜ੍ਹੀਵਾਦੀ ਪਰਿਵਾਰ ਛੋਟੀ ਉਮਰੇ ਧੀਆਂ ਨੂੰ ਮਹਿੰਦੀ ਲਾਉਣ ਹੀ ਨਹੀਂ ਦਿੰਦੇ ਸਨ, ਪਰ ਹੁਣ ਫਰਕ ਹੈ। ਛੋਟੀਆਂ ਅਤੇ ਕੁੰਵਾਰੀਆਂ ਧੀਆਂ ਨੂੰ ਮਹਿੰਦੀ ਲਾਉਣ ਦੇਣ ਲਈ ਕਈ ਵਾਰ ਮਾਂ ਨੂੰ ਪਰਿਵਾਰ ਅਤੇ ਧੀਆਂ ਵਿਚਾਲੇ ਪੁੱਲ ਦਾ ਕੰਮ ਕਰਨਾ ਪੈਂਦਾ ਸੀ। ਭਾਰਤ ਵਿਚ ਮਹਿੰਦੀ ਦਾ ਆਗਾਜ਼ 12ਵੀਂ ਸਦੀ ਵਿਚ ਮੁਗਲ ਸਲਤਨਤ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਹਿੰਦੂ ਮੱਤ ਵਿਚ ਮਹਿੰਦੀ ਦੀ ਚਰਚਾ ਕਾਫੀ ਲੰਬੀ ਹੈ। ਔਰਤ ਦੇ ਸ਼ਿੰਗਾਰ ਨੂੰ ਸਸਤੇ ਤਰੀਕੇ ਨਾਲ ਵਧਾਉਂਦੀ ਮਹਿੰਦੀ ਪੰਜਾਬੀ ਸਭਿਆਚਾਰ ਨਾਲ ਅੱਜ ਵੀ ਆਪਣੀ ਸਾਂਝ ਨੂੰ ਪਕੇਰੀ ਕਰਦੀ ਹੈ।

ਪ੍ਰੇਮ, ਸਭਿਆਚਾਰਕ ਵੰਨਗੀ, ਸ਼ਿੰਗਾਰ ਅਤੇ ਰਿਵਾਜ ਦਾ ਸੁਨਹਿਰੀ ਪੰਨਾ ਛਾਪਦੀ ਮਹਿੰਦੀ ਅੱਜ ਵੀ ਪੂਰੇ ਜੋਬਨ 'ਤੇ ਹੈ। ਵਿਆਹ ਵਾਲੇ ਦਿਨਾਂ ਵਿਚ ਪਰਿਵਾਰ ਦੀਆਂ ਕੁੜੀਆਂ ਅਤੇ ਔਰਤਾਂ ਨੂੰ ਰੂੜ੍ਹੀਵਾਦੀ ਸੁਭਾਅ ਛਿੱਕੇ ਟੰਗ ਕੇ ਮਹਿੰਦੀ ਲਾਉਣ ਦੀ ਖੁੱਲ੍ਹ ਹੁੰਦੀ ਹੈ।

ਮਹਿੰਦੀ ਦੀ ਰਸਮ ਤੋਂ ਬਿਨਾਂ ਵਿਆਹ ਅਧੂਰਾ ਲੱਗਦਾ ਹੈ। ਲਾੜਾ ਆਪਣੀ ਹਥੇਲੀ ਅਤੇ ਲਾੜੀ ਆਪਣੀ ਹਥੇਲੀ 'ਤੇ ਇਕ ਦੂਜੇ ਦਾ ਨਾਮ ਮਹਿੰਦੀ ਨਾਲ ਲਿਖ ਲੈਂਦੇ ਹਨ। ਇਸ ਨਾਲ ਦੋ ਰੂਹਾਂ ਇਕ ਜਿਸਮ ਦੀ ਮਹਿਸੂਸਤਾ ਪ੍ਰਗਟ ਹੁੰਦੀ ਹੈ।

ਮਹਿੰਦੀ ਦਾ ਰੰਗ ਜਿੰਨਾ ਗੂੜ੍ਹਾ ਚੜ੍ਹਦਾ ਹੈ, ਓਨੀ ਹੀ ਨੂੰਹ ਪਤੀ ਅਤੇ ਸੱਸ ਦੀ ਪਿਆਰੀ ਬਣਦੀ ਹੈ। ਇਸ ਤਰਜ਼ 'ਤੇ ਰੰਗ ਗੂੜ੍ਹਾ ਕਰਨ ਦਾ ਮਿਲਾਵਟੀ ਢਾਂਚਾ ਵੀ ਚਲਿਆ, ਜਿਸ ਸਦਕੇ ਰਿਸ਼ਤਿਆਂ ਵਿਚ ਖਟਾਸ ਵੀ ਆਈ। ਮਹਿੰਦੀ ਇਕ ਆਯੁਰਵੈਦਿਕ ਦਵਾਈ ਵੀ ਹੈ। ਇਸ ਨੂੰ ਸਿਰ ਅਤੇ ਪੈਰਾਂ ਦੀਆਂ ਤਲੀਆਂ 'ਤੇ ਲਗਾਇਆ ਜਾਂਦਾ ਹੈ। ਮਹਿੰਦੀ ਦੇ ਨਵੇਂ ਰੂਪਾਂ ਨੇ ਦਿੱਖ ਤਾਂ ਵਧਾਈ ਹੈ, ਪਰ ਅਸਲੀ ਰੱਸ ਗਾਇਬ ਹੈ। ਮਹਿੰਦੀ ਰੰਗੀ ਪੱਗ ਮਹਿੰਦੀ ਦਾ ਸੂਟ ਮਹਿੰਦੀ ਨੂੰ ਪਹਿਰਾਵੇ ਦੀ ਦਿੱਖ ਵੀ ਦਿੰਦਾ ਹੈ।

ਪ੍ਰੇਮ, ਸਭਿਆਚਾਰਕ ਵੰਨਗੀ, ਸ਼ਿੰਗਾਰ ਅਤੇ ਰਿਵਾਜ ਦਾ ਸੁਨਹਿਰੀ ਪੰਨਾ ਛਾਪਦੀ ਮਹਿੰਦੀ ਅੱਜ ਵੀ ਪੂਰੇ ਜੋਬਨ 'ਤੇ ਹੈ। ਵਿਆਹ ਵਾਲੇ ਦਿਨਾਂ ਵਿਚ ਪਰਿਵਾਰ ਦੀਆਂ ਕੁੜੀਆਂ ਅਤੇ ਔਰਤਾਂ ਨੂੰ ਰੂੜ੍ਹੀਵਾਦੀ ਸੁਭਾਅ ਛਿੱਕੇ ਟੰਗ ਕੇ ਮਹਿੰਦੀ ਲਾਉਣ ਦੀ ਖੁੱਲ੍ਹ ਹੁੰਦੀ ਹੈ। ਵਿਆਹ ਵਾਲੀ ਧੀ ਮਹਿੰਦੀ ਨਾਲ ਸ਼ਗਨਾਂ ਦਾ ਸੁਨੇਹਾ ਇਉਂ ਦਿੰਦੀ ਹੈ :

"ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ,
ਮਹਿੰਦੀ ਬਾਗ ਵਿਚ ਰਹਿੰਦੀ,
ਘੱਟ-ਘੱਟ ਮੈਂ ਹੱਥਾਂ 'ਤੇ ਲਾਵਾਂ,
ਬੱਤੀਆਂ ਬਣ-ਬਣ ਲਹਿੰਦੀ,
ਬੋਲ ਸ਼ਗੀਕਾਂ ਦੇ ਮੈਂ ਨਾ ਬਾਬਲਾ ਸਹਿੰਦੀ"

ਜਦੋਂ ਤਕ ਮਹਿੰਦੀ ਦਾ ਰੰਗ ਕਾਇਮ ਰਹੇਗਾ ਉਦੋਂ ਤਕ ਸਭਿਆਚਾਰ ਅਤੇ ਹਾਰ ਸ਼ਿੰਗਾਰ ਦੀ ਮਹਿਕ ਨੂੰ ਰੂਪਮਾਨ ਕਰਦੀ ਹੀ ਰਹੇਗੀ। ਧੀ ਦੇ ਸਮਾਜੀਕਰਨ, ਸਭਿਆਚਾਰ ਅਤੇ ਪਰਿਵਾਰਕ ਗੁੜਤੀ ਵਿਚ ਮਹਿੰਦੀ ਇਕ ਰੀਤ ਵਜੋਂ ਰਹਿਣੀ ਚਾਹੀਦੀ ਹੈ। ਇਸ ਨਾਲ ਸਾਡੀਆਂ ਰਸਮਾਂ, ਰਿਵਾਜਾਂ ਅਤੇ ਸਭਿਆਚਾਰ ਵਿਚ ਮਿਲਾਵਟ ਹੋਣੋਂ ਰੁੱਕ ਜਾਵੇਗੀ। ਮਹਿੰਦੀ ਦੀ ਖੁਸ਼ਬੂ ਆਉਂਦੀ ਰਹੇਗੀ ■

MAGZTER

ਯੂ.ਕੇ. ਦੇ ਸ਼ਹਿਰ ਕਵੈਂਟਰੀ 'ਚ ਕਲਾਤਮਕ ਝਲਕ

ਇੰਗਲੈਂਡ ਦੇ ਸ਼ਹਿਰ ਕਵੈਂਟਰੀ ਦੀ ਸੋਵੇ ਨਦੀ 'ਚੋਂ 60 ਵਿਲੱਖਣ ਕਿਸਮ ਦੇ ਪਾਸੇ (ਕਿਊਬ) ਮਿਲੇ ਹਨ, ਜਿਨ੍ਹਾਂ 'ਤੇ ਸੰਸਕ੍ਰਿਤ 'ਚ ਹਿੰਦੂ ਮੱਤ ਦੇ ਅੱਖਰ ਉੱਕਰੇ ਹੋਏ ਹਨ। ਇਹ ਪਾਸੇ ਫਿਨਹਮ ਦੇ ਰਹਿਣ ਵਾਲੇ 38 ਸਾਲਾ ਵਿਲ ਗੀਡ ਨੂੰ ਤੇ ਉਸ ਦੇ ਦੋ ਬੇਟਿਆਂ ਨੂੰ ਲੱਭੇ ਹਨ। ਉਹ ਚੁੰਬਕ ਦੀ ਮਦਦ ਨਾਲ ਨਦੀ 'ਚੋਂ ਕੁਝ ਲੱਭਣ ਦਾ ਯਤਨ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਇਹ ਪਾਸੇ ਮਿਲੇ। ਵਿਲ ਗੀਡ ਨੂੰ ਵਿਸ਼ਵਾਸ ਹੈ ਕਿ ਇਹ ਪਾਸੇ ਹਿੰਦੂ ਮੱਤ ਦੀਆਂ ਪ੍ਰਾਰਥਨਾ ਦੀਆਂ ਰਸਮਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਦਾ ਆਕਾਰ ਬਹੁਤ ਛੋਟਾ ਹੈ ਤੇ ਪਾਸਿਆਂ 'ਤੇ ਤਸਵੀਰਾਂ ਤੇ ਸੰਸਕ੍ਰਿਤ ਵਿਚ ਕੁਝ ਅੱਖਰ ਲਿਖੇ ਹੋਏ ਹਨ।

ਕੋਰੋਨਾ 'ਚ ਮਨੋਰੰਜਨ ਨਾ ਰੋਕੋ...

NETFLIX

ਕੋਰੋਨਾ ਦੇ ਚਲਦਿਆਂ ਲਾੱਕਡਾਊਨ ਦੇ ਦੌਰਾਨ ਲੋਕ ਅਮੇਜਨ ਪ੍ਰਾਈਮ ਅਤੇ ਨੈੱਟਫਲਿਕਸ ਵਰਗੇ ਓਟੀਟੀ (ਓਵਰ ਦਿ ਟੱਪ) ਪਲੇਟਫਾਰਮਰ 'ਤੇ ਵਧ ਸਮਾਂ ਬਿਤਾ ਰਹੇ ਹਨ। ਮਾਰਕਿਟ ਇੰਟੈਲੀਜੈਂਸ ਫਰਮ ਕਾਲਾਗਾਟੋ ਨੇ ਡਿਜੀਟਲ ਪਲੇਟਫਾਰਮ 'ਤੇ ਕੋਵਿਡ-19 ਦੇ ਅਸਰ ਦੀ ਰਿਪੋਰਟ ਜਾਰੀ ਕੀਤੀ ਹੈ। ਕਾਲਾਗਾਟੋ ਦੇ ਸੀ.ਈ.ਓ. ਅਨੁਸਾਰ 5 ਫਰਵਰੀ ਤੋਂ 29 ਮਾਰਚ ਦੇ ਵਿਚ ਭਾਰਤੀ ਦਰਸ਼ਕਾਂ ਨੇ ਔਸਤਨ 80 ਮਿੰਟ ਰੋਜ਼ ਨੈੱਟਫਲਿਕਸ ਦੇਖਿਆ। ਇਸ ਦੌਰਾਨ ਉਨ੍ਹਾਂ ਨੇ 71 ਫੀਸਦੀ ਸਮਾਂ ਵਧ ਦਿਤਾ। ਇਸ ਦਾ ਮੁੱਖ ਕਾਰਣ ਲਾੱਕਡਾਊਨ ਹੈ। ਉਥੇ ਹੀ ਅਮੇਜਨ ਦੇ ਬਾਰੇ ਵਿਚ ਇਹ ਅੰਕੜਾ 47 ਫੀਸਦੀ ਹੈ। ਹਾਲਾਂਕਿ ਕਾਲਾਗਾਟੋ ਦੇ ਅਨੁਸਾਰ ਹਾੱਟਸਟਾਰ ਦੇਖਣ ਵਾਲਿਆਂ ਦੇ ਸਮੇਂ ਵਿਚ 30 ਫੀਸਦੀ ਕਮੀ ਆਈ ਹੈ। ਇਸ ਦਾ ਕਾਰਣ ਅਮੇਜਨ ਪ੍ਰਾਈਮ ਅਤੇ ਨੈੱਟਫਲਿਕਸ ਦੇ ਕੋਲ ਚੰਗਾ ਕੰਟੈਂਟ ਹੈ। ਦੂਜੇ ਪਾਸੇ ਪੂਰੀ ਦੁਨੀਆ ਦੇ ਓ.ਟੀ.ਟੀ. ਪਲੇਟਫਾਰਮ ਨੇ ਕਈ ਫਿਲਮਾਂ ਅਤੇ ਟੀਵੀ ਸ਼ੋਅ ਦੀ ਰਿਲੀਜ਼ ਮਿਤੀ ਪਹਿਲਾਂ ਜਾਰੀ ਕਰ ਦਿਤੀ ਹੈ। ਐਮ.ਐਕਸ. ਪਲੇਅਰ ਦੇ ਸੀ.ਈ.ਓ. ਅਨੁਸਾਰ ਉਹ ਪਹਿਲਾਂ ਤੋਂ ਬੜਤ ਬਣਾ ਰਹੇ ਸੀ ਪਰ ਲਾੱਕਡਾਊਨ ਨਾਲ ਡਾਊਨਲੋਡ ਵਿਚ 80 ਫੀਸਦੀ ਵਾਧਾ ਹੋਇਆ। ਆਲਟ ਬਾਲਾਜੀ ਦੀ ਸੀਨੀਅਰ ਵਾਈਸ ਪ੍ਰੇਜ਼ੀਡੈਂਟ ਅਨੁਸਾਰ ਵਿਊਅਰਸ਼ਿਪ ਦੇ ਹਿਸਾਬ ਨਾਲ ਇੰਡਸਟਰੀ ਵਿਚ 20 ਫੀਸਦੀ ਵਾਧਾ ਹੋਇਆ ਹੈ। ਇਰੋਜ ਨਾਊ ਦੇ ਸੀ.ਈ.ਓ. ਅਲੀ ਹੁਸੈਨ ਅਨੁਸਾਰ ਉਨ੍ਹਾਂ ਨੇ ਦੋ ਮਹੀਨੇ ਦਾ ਸਬਸਕ੍ਰਿਪਸ਼ਨ ਮੁਫਤ ਕੀਤਾ ਹੈ।

ਸਾਂਝੇ ਪਰਿਵਾਰ ਦੀ ਅਨੋਖੀ ਮਿਸਾਲ

ਰਾਜਸਥਾਨ ਦੇ ਨਾਗੌਰ ਜ਼ਿਲ੍ਹੇ ਦੇ ਪਾਂਚੌੜੀ ਪਿੰਡ ਦੇ ਪ੍ਰਜਾਪਤ ਪਰਿਵਾਰ ਵਿਚ 5 ਪੀੜ੍ਹੀਆਂ ਦੇ 165 ਲੋਕ ਇਕੱਠੇ ਰਹਿੰਦੇ ਹਨ। 32 ਦੋਹਤੇ-ਦੋਹਤੀਆਂ ਵੱਖ ਹਨ। ਇਸ ਪਰਿਵਾਰ ਦੇ ਮੁਖੀ ਸੁਰਜਾਰਾਮ ਦਾ ਤਿੰਨ ਸਾਲ ਪਹਿਲਾਂ 105 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਪ੍ਰਜਾਪਤ ਦੇ ਛੇ ਪੁੱਤਰ ਹਨ। ਪਰਿਵਾਰ ਵਿਚ ਮੈਂਬਰ ਵਧੇ ਤਾਂ ਖੇਤ ਵਿਚ ਹੀ ਤਿੰਨ ਹੋਰ ਮਕਾਨ ਬਣਾ ਲਏ। ਪਰਿਵਾਰ ਵਿਚ ਛੋਟਾ-ਵੱਡਾ ਹਰ ਫੈਸਲਾ ਹੁਣ ਸੁਰਜਾਰਾਮ ਦੇ ਵੱਡੇ ਪੁੱਤਰ ਦੁਰਗਾਰਾਮ ਲੈਂਦੇ ਹਨ। ਛੇ ਭਰਾਵਾਂ ਦੇ ਕੋਲ 40 ਬਿੱਘੇ ਜ਼ਮੀਨ ਹੈ। ਪਰਿਵਾਰ ਦੇ ਵਧੇਰੇ ਲੋਕ ਮਜ਼ਦੂਰੀ ਕਰਦੇ ਹਨ। ਦੂਜਿਆਂ ਦੀ ਜ਼ਮੀਨ ਵੀ ਹਿੱਸੇ 'ਤੇ ਲੈ ਕੇ ਪੇਟ ਪਾਲਦੇ ਹਨ।

ਪਰਿਵਾਰ ਦੇ ਸਾਰੇ ਮੈਂਬਰਾਂ ਨੇ ਲਾੱਕਡਾਊਨ ਵਿਚ ਤਿੰਨ ਕੁਇੰਟਲ ਸਾਂਗਰੀ ਇਕੱਠੀ ਕਰ ਲਈ। 40 ਨਵੇਂ ਮੰਜੇ ਬਣਾ ਲਏ। ਇਹੀ ਨਹੀਂ, ਬੱਕਰੀਆਂ ਤੇ ਹੋਰ ਪਸ਼ੂਆਂ ਲਈ 10 ਨਵੇਂ ਛੱਪੜ ਵੀ ਬਣਾ ਲਏ ਹਨ। ਉਥੇ ਹੀ ਖੇਤ ਵਿਚ ਬਾੜਬੰਦੀ ਕਰ ਲਈ। ਭੇਡਾਂ ਦੀ ਕੱਟੀ ਗਈ ਉੱਨ ਦੀ ਕਤਾਈ ਕੀਤੀ ਹੈ। ਔਰਤਾਂ ਨੇ ਪੂਰੇ ਸਾਲ ਦੀਆਂ ਪਾਪੜ-ਵੜੀਆਂ ਵੀ ਬਣਾ ਲਈਆਂ।

ਨਾਗੌਰ ਦੇ ਰੇਣ ਪਿੰਡ ਦਾ 54 ਮੈਂਬਰਾਂ ਵਾਲਾ ਗੋਇਲ ਪਰਿਵਾਰ ਸਾਂਝੇ ਰੂਪ ਵਿਚ ਕੋਰੋਨਾ ਸੰਕ੍ਰਮਣ ਦੀ ਲੜਾਈ ਲੜ ਰਿਹਾ ਹੈ। ਪਰਿਵਾਰ ਦੇ ਸਾਰੇ ਲੋਕ ਇਕੱਠੇ ਹੋ ਕੇ ਪਿੰਡ ਨੂੰ ਕੋਰੋਨਾ ਮੁਕਤ ਰੱਖਣ ਲਈ ਮਾਸਕ ਬਣਾਉਣ ਵਿਚ ਜੁਟੇ ਹਨ। ਇਹ ਘਰ ਵਿਚ ਮਾਸਕ ਅਤੇ ਸੈਨੇਟਾਈਜ਼ਰ ਬਣਾ ਕੇ ਪਿੰਡ ਨੂੰ ਵੰਡਦੇ ਹਨ। 6 ਭਰਾਵਾਂ ਦੇ ਇਸ ਪਰਿਵਾਰ ਦੀ ਮੁਖੀ 84 ਸਾਲ ਦੀ ਕੇਸਰ ਦੇਵੀ ਗੋਇਲ ਦੇ ਅਨੁਸਾਰ ਸਾਂਝਾ ਪਰਿਵਾਰ ਹੀ ਖੁਸ਼ੀਆਂ ਦਾ ਆਧਾਰ ਹੈ। ਉਨ੍ਹਾਂ ਦੇ 6 ਪੁੱਤਰ, 10 ਪੋਤੇ ਅਤੇ 6 ਪੜਪੋਤਿਆਂ ਦਾ ਕੁਨਬਾ ਅੱਜ ਵੀ ਇਕ ਹੀ ਛੱਤ ਦੇ ਹੇਠਾਂ ਰਹਿੰਦਾ ਹੈ। ਕੁਝ ਪੋਤੇ ਵਪਾਰ ਅਤੇ ਸਰਕਾਰੀ ਸੇਵਾ ਦੇ ਲਈ ਬਾਹਰ ਜ਼ਰੂਰ ਰਹਿ ਰਹੇ ਹਨ ਪਰ ਇਸ ਸਮੇਂ ਵੀ ਪਿੰਡ ਵਿਚ 44 ਮੈਂਬਰ ਇਕ ਹੀ ਛੱਤ ਦੇ ਹੇਠਾਂ ਰਹਿੰਦੇ ਹਨ।■

MAGZTER

ਸੁਪਨਿਆਂ ਨੂੰ ਪੂਰਾ ਕਰਨ ਦੀ ਜ਼ਿੱਦ

ਜੇਕਰ ਟੌਮ ਦੇ ਗੋਡੇ 'ਤੇ ਸੱਟ ਨਾ ਲਗਦੀ ਤਾਂ ਉਹ ਬਾਲੀਵੁੱਡ ਸਟਾਰ ਨਹੀਂ ਇਕ ਪ੍ਰੋਫੈਸ਼ਨਲ ਰੈਸਲਰ ਹੁੰਦੇ। ਇਕ ਸੱਟ ਨੇ ਉਨ੍ਹਾਂ ਦੀ ਜ਼ਿੰਦਗੀ ਬਦਲ ਦਿਤੀ। ਹੁਣ ਉਹ ਅਦਾਕਾਰੀ ਦੀ ਦੁਨੀਆ ਵਿਚ ਇਸ ਮੁਕਾਮ 'ਤੇ ਹਨ ਕਿ ਉਨ੍ਹਾਂ ਨੂੰ ਸਪੇਸ 'ਚ ਲਿਜਾ ਕੇ ਫ਼ਿਲਮ ਸ਼ੂਟ ਕਰਨ ਦੀ ਯੋਜਨਾ 'ਤੇ ਕੰਮ ਸ਼ੁਰੂ ਹੋ ਗਿਆ ਹੈ। ਟੌਮ ਬਚਪਨ ਤੋਂ ਜਲਦੀ ਪ੍ਰਭਾਵਿਤ ਹੋਣ ਵਾਲਿਆਂ ਵਿਚੋਂ ਰਹੇ ਹਨ। 14 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਤੈਅ ਕਰ ਲਿਆ ਸੀ ਕਿ ਪਾਦਰੀ ਬਣਨਾ ਹੈ। ਬਚਪਨ ਵਿਚ ਟੌਮ ਨੂੰ ਗੁਆਂਢੀਆਂ ਦੇ ਬਗੀਚੇ ਵਿਚ ਘਾਹ ਕੱਟਣ ਵਰਗੇ ਕੰਮ ਕਰਨੇ ਪਏ। 12 ਸਾਲ ਦੀ ਉਮਰ ਵਿਚ ਉਹ 15 ਸਕੂਲ ਬਦਲ ਚੁੱਕੇ ਸਨ। 7 ਸਾਲ ਦੀ ਉਮਰ ਵਿਚ ਸਾਹਮਣੇ ਆਇਆ ਡਿਸਲੈਕਸੀਆ ਉਨ੍ਹਾਂ ਦੀਆਂ ਸਮੱਸਿਆਵਾਂ ਵਧਾ ਰਿਹਾ ਸੀ। ਪੜ੍ਹਦੇ ਸਮੇਂ ਉਸ ਦਾ ਸਿਰ ਦੁਖਦਾ ਸੀ। ਪੜ੍ਹਾਈ ਤੋਂ ਉਹ ਹਾਰ ਮੰਨ ਚੁੱਕੇ ਸੀ। ਉਹ ਸਕੂਲ ਦੀ ਰੈਸਲਿੰਗ ਟੀਮ ਵਿਚ ਸੀ ਅਤੇ ਮਨ ਬਣਾ ਚੁੱਕੇ ਸੀ ਕਿ ਕਰੀਅਰ ਵੀ ਇਸੇ ਵਿਚ ਬਣਾਉਣਗੇ, ਪਰ ਗੋਡੇ 'ਤੇ ਅਜਿਹੀ ਸੱਟ ਲੱਗੀ ਕਿ ਸਭ ਛੁੱਟ ਗਿਆ। 19 ਸਾਲ ਦੀ ਉਮਰ ਵਿਚ ਉਹ ਨਿਊਯਾਰਕ ਪਹੁੰਚੇ ਅਤੇ ਕੰਮ ਲੱਭਣ ਲੱਗੇ। ਉਨ੍ਹਾਂ ਨੇ ਅਦਾਕਾਰੀ ਵਿਚ ਮੁਕਾਮ ਹਾਸਿਲ ਕਰਨ ਲਈ ਖ਼ੁਦ ਨੂੰ ਦਸ ਸਾਲ ਦਾ ਉਦੇਸ਼ ਦਿਤਾ ਸੀ। ਪਰ ਇਸ ਤੋਂ ਪਹਿਲਾਂ ਹੀ ਸਥਾਪਿਤ ਅਦਾਕਾਰ ਬਣੇ। ਹਾਈ ਸਕੂਲ ਉਨ੍ਹਾਂ ਨੇ ਛੱਡਿਆ ਹੀ ਇਸੇ ਕਰਕੇ ਸੀ ਕਿ ਐਕਟਿੰਗ ਕਰ ਸਕਣ।

1983 ਵਿਚ ਪਹਿਲੀ ਹਿੱਟ, ਟੱਪ ਗਨ ਦੇ ਲਈ ਨਿਰਮਾਤਾ ਨਾਲ ਫਾਈਟਰ ਜੈੱਟ ਵਿਚ ਉਡਾਨ ਭਰੀ

ਸ਼ੁਰੂਆਤ ਵਿਚ ਉਨ੍ਹਾਂ ਦੇ ਆੱਡੀਸ਼ਨ ਵਧੀਆ ਨਹੀਂ ਹੁੰਦੇ ਸੀ। ਉਨ੍ਹਾਂ ਨੇ ਇਨ੍ਹਾਂ 'ਤੇ ਮਿਹਨਤ ਕੀਤੀ ਅਤੇ ਚੰਗਾ ਕਰਦੇ ਗਏ। 1981 ਦੀ 'ਐਂਡਲੈਸ ਲਵ' ਵਿਚ ਉਨ੍ਹਾਂ ਨੂੰ ਛੋਟਾ ਰੋਲ ਮਿਲਿਆ ਅਤੇ ਇਸੇ ਸਾਲ 'ਟੈਪਸ' ਵਿਚ ਵੀ ਉਹ ਕੁਝ ਦੇਰ ਪਰਦੇ 'ਤੇ ਦਿਖੇ। 1983 ਵਿਚ ਉਨ੍ਹਾਂ ਨੂੰ 'ਰਿਸਕ ਬਿਜ਼ਨਸ' ਮਿਲੀ। ਇਸ ਨੂੰ ਪਾਉਣ ਵਿਚ ਟੌਮ ਹੈਂਕਸ ਵਰਗੇ ਕੁਝ ਵੱਡੇ ਕਲਾਕਾਰ ਲੱਗੇ ਸਨ। ਇਹ ਟੌਮ ਦੇ ਕਰੀਅਰ ਦੀ ਪਹਿਲੀ ਹਿੱਟ ਸੀ। 'ਰਿਸਕੀ ਬਿਜ਼ਨਸ' ਪਹਿਲੀ ਸਫ਼ਲਤਾ ਜ਼ਰੂਰ ਸੀ ਪਰ ਉਨ੍ਹਾਂ ਨੂੰ ਸਟਾਰ ਦਾ ਦਰਜਾ ਮਿਲਣਾ ਬਾਕੀ ਸੀ। ਅਗਲੀਆਂ ਦੋਹਾਂ ਫ਼ਿਲਮਾਂ ਫਲੱਪ ਰਹੀਆਂ। ਫਿਰ 'ਟੱਪ ਗਨ' ਦੀ ਆੱਫਰ ਆਈ। ਫ਼ਿਲਮ ਦੇ ਲਈ ਪਹਿਲੀ ਪਸੰਦ ਉਹ ਹੀ ਸੀ। ਟੌਮ ਨੂੰ ਮਨਾਉਣ ਦੇ ਲਈ ਨਿਰਮਾਤਾ ਨੇ ਉਨ੍ਹਾਂ ਨਾਲ ਨੇਵੀ ਫਾਈਟਰ ਜੈੱਟ 'ਤੇ ਇਕ ਰਾਈਡ ਲੈਣ ਦੀ ਯੋਜਨਾ ਬਣਾਈ। ਟੌਮ ਨੂੰ ਇਸ ਰਾਈਡ ਵਿਚ ਉਲਟੀ ਵੀ ਆਈ ਪਰ ਜੋ ਰੋਮਾਂਚ ਉਨ੍ਹਾਂ ਨੂੰ ਉਸ

ਸਫਰ ਵਿਚ ਮਿਲਿਆ ਉਸਨੂੰ ਉਹ ਵਾਰ-ਵਾਰ ਅਨੁਭਵ ਕਰਨਾ ਚਾਹੁੰਦੇ ਸਨ, ਇਸ ਲਈ ਫ਼ਿਲਮ ਦੇ ਲਈ ਮੰਜ਼ੂਰੀ ਦੇ ਦਿਤੀ। ਟੌਮ ਦਾ ਫੈਸਲਾ ਰੰਗ ਲਿਆਇਆ। 'ਟੱਪ ਗਨ' ਨੂੰ ਜ਼ਬਰਦਸਤ ਸਫ਼ਲਤਾ ਮਿਲੀ। ਹੁਣ ਟੌਮ ਕਰੂਜ ਦੇ ਨਾਮ ਇਕ ਹੋਰ ਸਫ਼ਲਤਾ ਲਿਖੀ ਜਾ ਸਕਦੀ ਹੈ। ਉਹ ਅੰਤਰਰਾਸ਼ਟਰੀ ਸਪੇਸ ਸਟੇਸ਼ਨ 'ਤੇ ਆਧਾਰਿਤ ਫ਼ਿਲਮ ਬਣਾ ਸਕਦੇ ਹਨ ਜਿਸ ਦੀ ਸ਼ੂਟਿੰਗ ਸਪੇਸ ਵਿਚ ਹੋਵੇਗੀ।■

MAGZTER

ਸਪੇਸਐਕਸ ਦੀ ਇਤਿਹਾਸਕ ਉਡਾਨ

ਐਲਨ ਮਸਕ ਦੀ ਕੰਪਨੀ ਸਪੇਸਐਕਸ ਨੇ ਆਪਣੇ 'ਡਰੈਗਨ ਕੈਪਸੂਲ' ਰਾਹੀਂ ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਨਾਸਾ ਦੇ ਦੋ ਪੁਲਾੜ ਯਾਤਰੀਆਂ ਨੂੰ ਸੁਰੱਖਿਅਤ ਪਹੁੰਚਾ ਕੇ ਇਤਿਹਾਸ ਰਚ ਦਿਤਾ ਹੈ। 'ਡਰੈਗਨ ਕੈਪਸੂਲ' ਵਿਚ ਨਾਸਾ ਦੇ ਦੋ ਯਾਤਰੀ ਡਗ ਹਰਲੀ ਤੇ ਬਾਬ ਬੇਨਕੇਨ ਵੀ ਸਵਾਰ ਸਨ, ਜੋ ਲੋੜ ਪੈਣ 'ਤੇ ਇਸ ਨੂੰ ਕੰਟਰੋਲ ਕਰਦੇ ਪਰ 'ਡਰੈਗਨ' ਨੇ ਇਹ ਸਭ ਕੁਝ ਆਪ ਹੀ ਸਫਲਤਾਪੂਰਵਕ ਕੀਤਾ। ਉਕਤ ਦੋਹਾਂ ਪੁਲਾੜ ਯਾਤਰੀਆਂ ਨੂੰ ਕੈਨੇਡੀ ਪੁਲਾੜ ਸਟੇਸ਼ਨ ਤੋਂ ਐਲਨ ਮਸਕ ਦੀ ਕੰਪਨੀ ਸਪੇਸਐਕਸ ਦੇ ਫਾਲਕੋਨ-9 ਰਾਕੇਟ ਰਾਹੀਂ ਭੇਜਿਆ ਗਿਆ ਸੀ। ਅਜਿਹਾ ਪਹਿਲੀ ਵਾਰ ਹੈ ਕਿ ਕਿਸੇ ਨਿੱਜੀ ਕੰਪਨੀ ਦੇ ਰਾਕੇਟ ਤੋਂ ਪੁਲਾੜ ਲਈ ਯਾਤਰੀ ਭੇਜੇ ਗਏ ਹੋਣ। ਇਸ 'ਡਰੈਗਨ ਕੈਪਸੂਲ' ਵਿਚ 7 ਯਾਤਰੀਆਂ ਦੇ ਬੈਠਣ ਦੀ ਜਗ੍ਹਾ ਹੈ ਪਰ ਇਸ ਵਾਰ ਕੇਵਲ ਦੋ ਯਾਤਰੀਆਂ ਨੂੰ ਲੈ ਕੇ ਰਾਕੇਟ ਰਵਾਨਾ ਹੋਇਆ ਸੀ। ਦੋਹਾਂ ਪੁਲਾੜ ਯਾਤਰੀਆਂ ਦੇ ਪੁਲਾੜ ਸੂਟ ਵੀ ਟੇਸਲਾ ਦੇ ਚੇਅਰਮੈਨ ਐਲਨ ਮਸਕ ਨੇ ਖ਼ੁਦ ਡਿਜ਼ਾਇਨ ਕੀਤਾ ਹੈ। ਜ਼ਿਕਰਯੋਗ ਹੈ ਕਿ ਮਸਕ ਦਾ ਇਸ ਸਮੇਂ ਪੂਰਾ ਧਿਆਨ ਰੋਡਸਟਰ ਨਾਂਅ ਦੀ 'ਫਲਾਇੰਗ ਕਾਰ' ਬਣਾਉਣ 'ਤੇ ਕੇਂਦਰਿਤ ਹੈ। ਪਹਿਲਾਂ ਇਸ ਕਾਰ ਨੂੰ 2020 ਦੇ ਅੰਤ 'ਚ ਜਾਰੀ ਕੀਤਾ ਜਾਣਾ ਸੀ ਪਰ ਹੁਣ ਇਸ ਪ੍ਰੋਜੈਕਟ ਨੂੰ ਪੂਰਾ ਹੋਣ 'ਚ 2022 ਤਕ ਦਾ ਸਮਾਂ ਲੱਗੇਗਾ।

ਮਰੀਜ਼ਾਂ ਲਈ ਸਕਾਰਾਤਮਕ ਟੱਾਨਿਕ

ਸ਼੍ਰੀ ਗੰਗਾਨਗਰ ਦੀ ਸਿੰਧੀ ਕਾਲੋਨੀ ਨਿਵਾਸੀ 11 ਸਾਲ ਦੀ ਬੇਟੀ ਜੇਨਿਸ਼ਾ ਸਾਰਸਵਤ ਨੇ ਲਾੱਕਡਾਊਨ ਦੇ ਦੌਰਾਨ ਕੁਝ ਅਜਿਹੀਆਂ ਕਹਾਣੀਆਂ, ਕਿੱਸੇ ਅਤੇ ਗਿਆਨ ਵਧਾਉਣ ਵਾਲੀਆਂ ਜਾਣਕਾਰੀਆਂ ਦਾ ਦਸਤਾਵੇਜ਼ ਤਿਆਰ ਕੀਤਾ ਹੈ ਜਿਨ੍ਹਾਂ ਨੂੰ ਪੜ੍ਹ ਕੇ ਹਰ ਕੋਈ ਆਸਾਨੀ ਨਾਲ ਕੋਰੋਨਾ ਨਾਲ ਜੁੜੀਆਂ ਜਾਣਕਾਰੀਆਂ ਇਕ ਹੀ ਵਾਰ ਵਿਚ ਹਾਸਿਲ ਕਰ ਸਕਦਾ ਹੈ। ਕੁਝ 65 ਕਹਾਣੀਆਂ ਦੇ ਇਸ ਸਮੂਹ ਵਿਚ ਕੋਰੋਨਾ ਨਾਲ ਲੜ ਰਹੇ ਯੋਧਾ ਤੋਂ ਲੈ ਕੇ ਕੁਆਰਨਟਾਈਨ ਸੈਂਟਰਾਂ ਵਿਚ ਮਰੀਜ਼ਾਂ ਦੇ ਠੀਕ ਹੋਣ ਦੀਆਂ ਕਹਾਣੀਆਂ ਸ਼ਾਮਿਲ ਹਨ।

ਇਸ ਦੌਰ ਵਿਚ ਕੋਰੋਨਾ ਦੇ ਅਸਰ ਤੋਂ ਕੁਦਰਤ ਵਿਚ ਆਏ ਬਦਲਾਅ ਅਤੇ ਕੋਰੋਨਾ ਤੋਂ ਬਚਣ ਦੇ ਢੰਗਾਂ ਨੂੰ ਵੀ ਸ਼ਾਮਿਲ ਕਰਕੇ ਇਸ ਨੂੰ ਕਿਤਾਬ ਦਾ ਰੂਪ ਦਿਤਾ ਗਿਆ ਹੈ। ਖਾਸ ਗੱਲ ਇਹ ਹੈ ਕਿ ਬੱਚੀ ਨੇ ਕੋਰੋਨਾ ਨਾਲ ਜੁੜੀਆਂ ਇਹ ਕਹਾਣੀਆਂ ਅਤੇ ਜਾਣਕਾਰੀਆਂ ਅਖਬਾਰ ਦੀਆਂ ਕਾਤਰਾਂ ਨੂੰ ਇਕੱਠਾ ਕਰਕੇ ਉਥੋਂ ਲਈਆਂ ਹਨ। ਲਾੱਕਡਾਊਨ ਦੇ ਦੋ ਮਹੀਨਿਆਂ ਵਿਚ ਜਦੋਂ ਲੋਕ ਘਰਾਂ ਵਿਚ ਸੀ ਉਹੀ ਦਿਨਾਂ ਵਿਚ ਇਸ ਬੱਚੀ ਨੇ ਇਕ-ਇਕ ਕਾਤਰਾਂ ਨੂੰ ਕੱਟ ਕੇ ਇਹ ਕਿਤਾਬ ਤਿਆਰ ਕੀਤੀ। ਬੱਚੀ ਜੇਨਿਸ਼ਾ ਦੇ ਅਨੁਸਾਰ ਭਵਿੱਖ ਅਤੇ ਆਉਣ ਵਾਲੀ ਪੀੜ੍ਹੀ ਦੇ ਲਈ ਵੀ ਇਹ ਸਹਾਇਕ ਸਾਬਿਤ ਹੋ ਸਕਦਾ ਹੈ। ਜੇਕਰ ਇਹ ਕਿਤਾਬ ਕੁਆਰਨਟਾਈਨ ਸੈਂਟਰ ਵਿਚ ਮਰੀਜ਼ਾਂ ਤਕ ਪਹੁੰਚਾਈ ਜਾਵੇ ਤਾਂ ਉਹ ਕੋਰੋਨਾ ਦੇ ਚੰਗੇ-ਮਾੜੇ ਪ੍ਰਭਾਵ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ ਅਤੇ ਇਸ ਦੀ ਪੱਾਜ਼ੀਟਿਵ ਕਹਾਣੀ ਪੜ੍ਹਕੇ ਠੀਕ ਵੀ ਹੋ ਸਕਦੇ ਹਨ।

ਸਮਾਜਸ਼ਾਸਤਰੀ ਡਾਕਟਰ ਅਰਚਨਾ ਗੋਦਾਰਾ ਦੇ ਅਨੁਸਾਰ ਅੱਜ ਅਸੀਂ ਜਿਸ ਮਾਹੌਲ ਵਿਚ ਹਾਂ ਉਥੇ ਚਾਰੇ ਪਾਸੇ ਤਣਾਅ ਦਾ ਵਾਤਾਵਰਣ ਅਤੇ ਭਵਿੱਖ ਦੀ ਚਿੰਤਾ ਪਸਰੀ ਹੋਈ ਹੈ। ਜੇਕਰ ਸਾਨੂੰ ਕਿਤੋਂ ਵੀ ਕੋਈ ਸਕਾਰਾਤਮਕ ਨਤੀਜੇ ਜਾਂ ਊਰਜਾ ਦੇਖਣ ਨੂੰ ਮਿਲਦੀ ਹੈ ਤਾਂ ਸਾਨੂੰ ਇਕ ਅੰਦਰੂਨੀ ਸ਼ਕਤੀ ਪ੍ਰਾਪਤ ਹੁੰਦੀ ਹੈ ਜੋ ਸਾਨੂੰ ਜ਼ਿੰਦਗੀ ਵਿਚ ਸੰਘਰਸ਼ ਕਰਨ ਦੀ ਹਿੰਮਤ ਦਿੰਦੀ ਹੈ ਅਤੇ ਕੁਝ ਨਵਾਂ ਕਰਨ ਲਈ ਪ੍ਰੇਰਿਤ ਕਰਦੀ ਹੈ। ਇਸ ਦੇ ਨਾਲ ਹੀ ਅਜਿਹੇ ਕੰਮਾਂ ਨਾਲ ਵਾਤਾਵਰਣ ਵਿਚ ਵੀ ਹਲਕਾਪਨ ਆਉਂਦਾ ਹੈ, ਜੋ ਦੂਜਿਆਂ ਦੀ ਮਦਦ ਦੇ ਲਈ ਉਤਸ਼ਾਹਿਤ ਕਰਦਾ ਹੈ। ਜਦੋਂ ਇਕ ਛੋਟੀ ਬੱਚੀ ਇੰਨੀ ਸਕਾਰਾਤਮਕ ਸੋਚ ਰਖਦੇ ਹੋਏ ਕੁਝ ਚੰਗਾ ਦੇਖ ਰਹੀ ਹੈ ਤਾਂ ਸਾਡੀ ਅਤੇ ਸਮਾਜ ਦੀ ਜ਼ਿੰਮੇਵਾਰੀ ਤਾਂ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਸਮਾਜ ਵਿਚ ਕੁਝ ਬਿਹਤਰ ਕਰਨ ਦਾ ਇਕ ਚੰਗਾ ਯਤਨ ਇਕ ਰੋਸ਼ਨੀ ਵਾਂਗ ਹੈ।

ਰੁੱਤ ਸਾਦੇ ਵਿਆਹਾਂ ਦੀ ਆਈ

ਕੋਰੋਨਾ ਵਾਇਰਸ ਮਹਾਂਮਾਰੀ ਤੋਂ ਬਚਾਅ ਲਈ ਲਾਏ ਗਏ ਲਾੱਕਡਾਊਨ ਕਾਰਨ ਕਈ ਨੌਜਵਾਨਾਂ ਦੇ ਵਿਆਹ ਕਰਵਾਉਣ ਦੇ ਸੁਫ਼ਨੇ ਧਰੇ ਧਰਾਏ ਰਹਿ ਗਏ। ਫਿਰ ਵੀ ਕੁਝ ਨੇ ਹਿੰਮਤ ਦਿਖਾਈ ਅਤੇ ਸਾਦੇ ਵਿਆਹ ਕਰ ਕੇ ਮਿਸਾਲਾਂ ਪੇਸ਼ ਕੀਤੀਆਂ। ਪਹਿਲਾਂ ਵਿਆਹ ਦੇ ਨਾਮ 'ਤੇ ਸੈਂਕੜੇ ਮਹਿਮਾਨਾਂ ਨੂੰ ਖੁਸ਼ ਕਰਨ 'ਤੇ ਹੀ ਲੱਖਾਂ ਰੁਪਏ ਖਰਚ ਕਰ ਦਿਤੇ ਜਾਂਦੇ ਸਨ ਪਰ ਹੁਣ ਨੌਜਵਾਨ ਸਾਦੇ ਵਿਆਹਾਂ ਨੂੰ ਤਰਜੀਹ ਦੇ ਰਹੇ ਹਨ। ਬੈਂਡ, ਵਾਜੇ ਅਤੇ ਬਾਰਾਤ ਦੀ ਥਾਂ 'ਤੇ ਹੁਣ ਮਾਸਕ, ਸੈਨੇਟਾਈਜ਼ਰ ਅਤੇ ਸਮਾਜਿਕ ਦੂਰੀ ਜਿਹੇ ਨੇਮਾਂ ਦੀ ਵਰਤੋਂ ਹੁੰਦੀ ਹੈ। ਵਿਆਹ ਦੀਆਂ ਰਸਮਾਂ ਵੇਲੇ ਕੁਝ ਕੁ ਨੇੜਲੇ ਰਿਸ਼ਤੇਦਾਰ ਹੀ ਹਾਜ਼ਰ ਰਹਿੰਦੇ ਹਨ। ਉੜੀਸਾ ਦੇ ਜਗਤਸਿੰਗਪੁਰ ਜ਼ਿਲ੍ਹੇ ਦੀ ਜਯੋਤੀ ਰੰਜਨ ਸਵੈਨ ਨੇ ਕਿਹਾ ਕਿ ਲਾੱਕਡਾਊਨ ਕਾਰਨ ਉਨ੍ਹਾਂ ਵਿਆਹ ਲਈ ਬਚਾਇਆ ਗਿਆ ਪੈਸਾ ਮਹਾਂਮਾਰੀ ਦੇ ਟਾਕਰੇ ਲਈ ਦਾਨ ਕਰਨ ਦਾ ਫੈਸਲਾ ਲਿਆ।■

MAGZTER

ਕੋਰੋਨਾ ਤੇ ਦਫ਼ਤਰੀ ਕੰਮਕਾਜ

ਭਾਰਤ ਵਿਚ ਲਾੱਕਡਾਊਨ ਦਾ ਚੌਥਾ ਫੇਜ਼ ਚਲ ਰਿਹਾ ਹੈ ਇਸ ਫੇਜ਼ ਵਿਚ ਪਾਬੰਦੀਆਂ ਵਿਚ ਪਹਿਲਾਂ ਦੀ ਤੁਲਨਾ ਵਿਚ ਕਾਫੀ ਢਿੱਲ ਦਿਤੀ ਗਈ ਹੈ। ਅਜਿਹੇ ਵਿਚ ਪ੍ਰਾਈਵੇਟ ਅਤੇ ਸਰਕਾਰੀ ਕਰਮਚਾਰੀ ਕੰਮ ਦੇ ਲਈ ਦੁਬਾਰਾ ਦਫ਼ਤਰ ਆਉਣਾ ਸ਼ੁਰੂ ਕਰ ਰਹੇ ਹਨ। ਕੁਝ ਆਉਣ ਦੀ ਤਿਆਰੀ ਕਰ ਰਹੇ ਹਨ। ਅਜਿਹੇ ਵਿਚ ਡਾਕਟਰ ਕੋਰੋਨਾ ਵਾਇਰਸ ਤੋਂ ਬਚਣ ਲਈ ਕਰਮਚਾਰੀਆਂ ਨੂੰ ਸੋਸ਼ਲ ਡਿਸਟੈਂਸਿੰਗ, ਮਾਸਕ ਅਤੇ ਸੈਨੇਟਾਈਜ਼ਰ ਦੀ ਵਰਤੋਂ ਕਰਨ ਦੀ ਸਲਾਹ ਦੇ ਰਹੇ ਹਨ।

ਦਫ਼ਤਰ ਮੁੜਨ 'ਤੇ ਸ਼ੁਰੂਆਤੀ ਕੰਮ ਵਿਚ ਅਸਰ ਪੈ ਸਕਦਾ ਹੈ ਪਰ ਕਰਮਚਾਰੀ ਜ਼ਿੰਦਗੀ ਜਿਉਣ ਦੇ ਢੰਗ ਵਿਚ ਕੁਝ ਬਦਲਾਅ ਕਰਕੇ ਕੰਮ ਨੂੰ ਬਿਹਤਰ ਕਰ ਸਕਦੇ ਹਨ। ਤੁਸੀਂ ਘਰ ਤੋਂ ਨਿਕਲਣ 'ਤੇ ਦੂਜੇ ਲੋਕਾਂ ਨੂੰ ਦੇਖਕੇ ਵਧ ਪ੍ਰੇਰਿਤ ਹੋਵੋਗੇ। ਇਸ ਲਈ ਬਾਹਰ ਨਿਕਲਕੇ ਸਾਵਧਾਨੀ ਵਰਤੋਂ। ਜੇਕਰ ਤੁਸੀਂ ਘਰ ਤੋਂ ਕੰਮ ਕਰ ਰਹੇ ਹੋ ਤਾਂ ਵੀ ਆਲਸ ਨੂੰ ਨੇੜੇ ਨਾ ਆਉਣ ਦਿਉ। ਕਿਤੇ ਵੀ ਕੰਮ ਕਰਨ ਦੀ ਬਜਾਏ ਇਕ ਥਾਂ ਨਿਰਧਾਰਿਤ ਕਰੋ ਅਤੇ ਆਮ ਰੂਟੀਨ ਨੂੰ ਖਰਾਬ ਨਾ ਕਰੋ।

ਤੰਦਰੁਸਤ ਰਹਿਣ ਦੀ ਚਿੰਤਾ ਨਾਲ ਵੀ ਸਿਹਤ ਖਰਾਬ ਹੋ ਸਕਦੀ ਹੈ :

ਜੇਕਰ ਤੁਸੀਂ ਸਾਰੇ ਸਾਵਧਾਨ ਅਤੇ ਸੁਚੇਤ ਹੋ ਤਾਂ ਚਿੰਤਾ ਕਰਨ ਦੀ ਲੋੜ ਨਹੀਂ ਹੈ। ਵਧ ਚਿੰਤਾ ਕਰਨ ਨਾਲ ਵੀ ਤੁਹਾਡੀ ਸਿਹਤ 'ਤੇ ਗਲਤ ਅਸਰ ਪੈ ਸਕਦਾ ਹੈ। ਚਿੰਤਾ ਜਾਂ ਘਬਰਾਹਟ ਨਾਲ ਇਮਿਊਨਿਟੀ ਅਤੇ ਮੈਟਾਬੱਲਿਜ਼ਮ 'ਤੇ ਪ੍ਰਭਾਵ ਪੈ ਸਕਦਾ ਹੈ। ਇਸ ਲਈ ਦਫ਼ਤਰ ਵਿਚ ਕੰਮ ਕਰਦੇ ਸਮੇਂ ਖ਼ੁਦ ਨੂੰ ਸ਼ਾਂਤ ਰਖੋ।

> **"ਤੁਸੀਂ ਘਰ ਤੋਂ ਨਿਕਲਣ 'ਤੇ ਦੂਜੇ ਲੋਕਾਂ ਨੂੰ ਦੇਖਕੇ ਵਧ ਪ੍ਰੇਰਿਤ ਹੋਵੋਗੇ। ਇਸ ਲਈ ਬਾਹਰ ਨਿਕਲਕੇ ਸਾਵਧਾਨੀ ਵਰਤੋਂ। ਜੇਕਰ ਤੁਸੀਂ ਘਰ ਤੋਂ ਕੰਮ ਕਰ ਰਹੇ ਹੋ ਤਾਂ ਵੀ ਆਲਸ ਨੂੰ ਨੇੜੇ ਨਾ ਆਉਣ ਦਿਉ। ਕਿਤੇ ਵੀ ਕੰਮ ਕਰਨ ਦੀ ਬਜਾਏ ਇਕ ਥਾਂ ਨਿਰਧਾਰਿਤ ਕਰੋ ਅਤੇ ਆਮ ਰੂਟੀਨ ਨੂੰ ਖਰਾਬ ਨਾ ਕਰੋ।"**

ਸਕਾਰਾਤਮਕ ਰਹਿ ਕੇ ਹੀ ਰੂਟੀਨ ਨੂੰ ਬਿਹਤਰ ਕਰ ਸਕੋਗੇ :

ਦਫ਼ਤਰ ਵਿਚ ਵਾਪਸੀ ਕਰਨ 'ਤੇ ਤੁਸੀਂ ਕੁਝ ਪਰੇਸ਼ਾਨੀਆਂ ਦਾ ਸਾਹਮਣਾ ਕਰ ਸਕਦੇ ਹੋ। ਜਿਵੇਂ ਗੱਡੀ ਚਲਾਉਣ ਅਤੇ ਦੂਜੇ ਸਾਧਾਰਨ ਕੰਮਾਂ ਨੂੰ ਕਰਨ ਵਿਚ ਤੁਹਾਨੂੰ ਦਿੱਕਤ ਹੋ ਸਕਦੀ ਹੈ ਪਰ ਇਸ ਤੋਂ ਉਭਰਨ ਦਾ ਸਭ ਤੋਂ ਚੰਗਾ ਹੱਲ ਹੈ-ਸਕਾਰਾਤਮਕ ਰਹਿਣਾ। ਸਕਾਰਾਤਮਕ ਰਹਿ ਕੇ ਤੁਸੀਂ ਰੂਟੀਨ ਵਿਚ ਚੰਗੇ ਢੰਗ ਨਾਲ ਕੰਮ ਕਰ ਸਕੋਗੇ। ਇਸਦੇ ਕੁਝ ਹੋਰ ਤਰੀਕੇ ਇਹ ਹੋ ਸਕਦੇ ਹਨ :

ਮਾਈਲਡ ਮਿਊਜ਼ਿਕ :

ਸੰਗੀਤ ਦਿਮਾਗ ਨੂੰ ਸ਼ਾਂਤ ਕਰਨ ਵਿਚ ਮਦਦਗਾਰ ਹੋ ਸਕਦਾ ਹੈ। ਦਫ਼ਤਰ ਵਿਚ ਕੰਮ ਦੇ ਦੌਰਾਨ ਜਾਂ ਖਾਲੀ ਸਮੇਂ ਵਿਚ ਤੁਸੀਂ ਮਾਈਲਡ ਮਿਊਜ਼ਿਕ ਦਾ ਸਹਾਰਾ ਲੈ ਸਕਦੇ ਹੋ। ਇਸ ਨਾਲ ਤੁਸੀਂ ਕੰਮ ਵਿਚ ਵਧ ਚੰਗੇ ਤਰੀਕੇ ਨਾਲ ਧਿਆਨ ਦੇ ਸਕੋਗੇ।

ਗੱਲਬਾਤ ਜ਼ਰੂਰੀ :

ਡਰ ਦੇ ਕਾਰਨ ਤੁਸੀਂ ਸਹਿਕਰਮੀਆਂ ਜਾਂ ਦੂਜਿਆਂ ਦੇ ਨਾਲ ਗੱਲਬਾਤ ਕਰਨਾ ਨਾ ਛੱਡੋ। ਥੋੜ੍ਹੀ-ਥੋੜ੍ਹੀ ਦੇਰ ਬਾਅਦ ਤੁਸੀਂ ਆਪਣੇ ਸਾਥੀਆਂ ਨਾਲ ਦਫ਼ਤਰ ਵਿਚ ਗੱਲ ਕਰਦੇ ਰਹੋ ਪਰ ਇਸ ਦੌਰਾਨ ਸੋਸ਼ਲ ਡਿਸਟੈਂਸਿੰਗ ਦਾ ਧਿਆਨ ਰਖੋ, ਮਾਸਕ ਵੀ ਪਾ ਕੇ ਰਖੋ।

ਜ਼ਿਆਦਾ ਨਾ ਸੋਚੋ :

ਕਿਸੇ ਵੀ ਚੀਜ਼ ਦੇ ਬਾਰੇ ਵਿਚ ਜ਼ਿਆਦਾ ਵਿਚਾਰ ਕਰਨ ਨਾਲ ਤੁਹਾਡੀ ਪੂਰੀ ਸਿਹਤ 'ਤੇ ਅਸਰ ਪੈਂਦਾ ਹੈ। ਜ਼ਿਆਦਾ ਸੋਚ-ਵਿਚਾਰ ਨਾ ਕਰੋ ਅਤੇ ਵਧ ਤੋਂ ਵਧ ਸਕਾਰਾਤਮਕ ਚੀਜ਼ਾਂ ਦੇ ਬਾਰੇ ਵਿਚ ਸੋਚੋ। ਇਸ ਨਾਲ ਤੁਹਾਨੂੰ ਆਮ ਵਾਂਗ ਰਹਿਣ ਵਿਚ ਮਦਦ ਮਿਲੇਗੀ ■

ਕੋਰੋਨਾ ਦੀ ਜੰਗ 'ਚ ਹੀਰੋ ਰੋਬੋਟ

ਕੋਰੋਨਾ ਵਾਇਰਸ ਦਾ ਰੋਗ ਮਨੁੱਖਾਂ ਵਿਚ ਤੇਜ਼ੀ ਨਾਲ ਫੈਲਦਾ ਹੈ। ਇਕ ਰੋਗੀ ਵਿਅਕਤੀ ਸੈਂਕੜੇ ਲੋਕਾਂ ਨੂੰ ਰੋਗੀ ਬਣਾ ਸਕਦਾ ਹੈ। ਇਸ ਦੇ ਮਰੀਜ਼ਾਂ ਦਾ ਇਲਾਜ ਕਰਨ ਵਾਲੇ ਡਾਕਟਰਾਂ, ਨਰਸਾਂ ਅਤੇ ਸਿਹਤ ਕਰਮਚਾਰੀਆਂ ਨੂੰ ਵੀ ਇਹ ਰੋਗ ਹੋਣ ਦਾ ਖਤਰਾ ਹੁੰਦਾ ਹੈ। ਅਜਿਹੇ ਵਿਚ ਰੋਬੋਟ ਤੇਜ਼ੀ ਨਾਲ ਅਤੇ ਤਾਕਤ ਨਾਲ ਖਤਰਨਾਕ ਕੋਰੋਨਾ ਦੇ ਖਿਲਾਫ ਯੁੱਧ ਵਿਚ ਭੂਮਿਕਾ ਨਿਭਾ ਰਹੇ ਹਨ।

ਚੀਨ ਦੇ ਸ਼ਹਿਰ ਵੂਹਾਨ ਵਿਚ ਇਕ ਅਸਥਾਈ ਹਸਪਤਾਲ ਵਿਚ ਕੋਰੋਨਾ ਮਹਾਂਮਾਰੀ ਹਮਲਾ ਸ਼ੁਰੂ ਹੋਣ 'ਤੇ ਰੋਬੋਟ ਦੀ ਇਕ ਟੀਮ ਨੇ ਅਸਥਾਈ ਰੂਪ ਨਾਲ ਮਰੀਜ਼ਾਂ ਦੀ ਦੇਖਭਾਲ ਕੀਤੀ। ਰੋਬੋਟ ਦੇ ਰਾਹੀਂ ਮਰੀਜ਼ਾਂ ਨੂੰ ਭੋਜਨ ਪਰੋਸਿਆ ਗਿਆ, ਸਮੇਂ-ਸਮੇਂ 'ਤੇ ਉਨ੍ਹਾਂ ਦਾ ਤਾਪਮਾਨ ਲਿਆ ਗਿਆ ਅਤੇ ਮਸ਼ੀਨਾਂ ਦੁਆਰਾ ਮਰੀਜ਼ਾਂ ਨਾਲ ਗੱਲ ਕੀਤੀ ਗਈ। ਅਜਿਹਾ ਹੀ ਇਕ ਰੋਬੋਟ ਕਲਾਊਡ ਜਿੰਜਰ ਹੈ, ਇਸ ਨੂੰ ਚੀਨ ਦੀ ਕਲਾਊਡਮਾਈਂਡਸ ਨੇ ਬਣਾਇਆ ਹੈ। ਇਹ ਕੰਪਨੀ ਬੀਜਿੰਗ ਅਤੇ ਕੈਲੀਫੋਰਨੀਆ ਵਿਚ ਕੰਮ ਕਰਦੀ ਹੈ। ਕਲਾਊਡਮਾਈਂਡਸ ਦੇ ਪ੍ਰੈਜ਼ੀਡੈਂਟ ਕਾਰਲ ਝਾਓ ਨੇ ਇਨ੍ਹਾਂ ਹਿਊਮੇਨਾਈਡ ਰੋਬੋਟ ਦੇ ਬਾਰੇ ਵਿਚ ਕਿਹਾ- ਇਹ ਉਪਯੋਗੀ ਜਾਣਕਾਰੀ, ਗੱਲ ਕਰਨ ਅਤੇ ਨੱਚਣ-ਗਾਉਣ ਦੇ ਨਾਲ ਮਨੋਰੰਜਨ ਅਤੇ ਇਥੋਂ ਤਕ ਕਿ ਸਟ੍ਰੈਚਿੰਗ ਅਭਿਆਸ ਰਾਹੀਂ ਮਰੀਜ਼ਾਂ ਦੀ ਦੇਖਭਾਲ ਕਰ ਰਹੇ ਹਨ। ਸਮਾਰਟ ਫੀਲਡ ਹਸਪਤਾਲ ਪੂਰੀ ਤਰ੍ਹਾਂ ਨਾਲ ਰੋਬੋਟ ਦੀ ਮਦਦ ਨਾਲ ਚਲਾਏ ਗਏ ਸੀ। ਇਕ ਛੋਟੀ ਮੈਡੀਕਲ ਟੀਮ ਨੇ ਰਿਮੋਟ ਨਾਲ ਹਸਪਤਾਲ ਦੇ ਰੋਬੋਟ ਨੂੰ ਕੰਟਰੋਲ ਕੀਤਾ। ਮਰੀਜ਼ਾਂ ਨੂੰ ਰਿਸਟਬੈਂਡ ਪਹਿਨਾਏ ਗਏ ਜੋ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਅਤੇ ਹੋਰ ਵਾਈਟਲ ਡਾਟਾ ਜਮ੍ਹਾ ਕਰਦੇ ਸੀ।

ਇਨ੍ਹਾਂ ਰੋਬੋਟਾਂ ਨੇ ਕੁਝ ਹੀ ਦਿਨਾਂ ਲਈ ਮਰੀਜ਼ਾਂ ਨੂੰ ਸੰਭਾਲਿਆ ਪਰ ਇਸ ਤੋਂ ਭਵਿੱਖ ਦੀ ਤਸਵੀਰ ਸਪੱਸ਼ਟ ਹੋ ਗਈ ਕਿ ਰੋਬੋਟ ਛੂਤਕਾਰੀ ਰੋਗਾਂ ਦੇ ਮਰੀਜ਼ਾਂ ਦੀ ਦੇਖਭਾਲ ਕਰਨਗੇ, ਉਥੇ ਹੀ ਸਿਹਤ ਕਰਮਚਾਰੀ ਸੁਰੱਖਿਅਤ ਦੂਰੀ ਨਾਲ ਉਨ੍ਹਾਂ ਦੀ ਮਦਦ ਲੈਣਗੇ। ਥਾਈਲੈਂਡ, ਇਜ਼ਰਾਈਲ ਵਰਗੇ ਦੇਸ਼ਾਂ ਵਿਚ ਮਰੀਜ਼ ਡਾਕਟਰਾਂ ਨਾਲ ਗੱਲਬਾਤ ਲਈ ਰੋਬੋਟ ਦੇ ਨਾਲ ਮਿਲਦੇ ਹਨ। ਕੁਝ ਰੋਬੋਟ ਮਰੀਜ਼ਾਂ ਦੇ ਫੇਫੜਿਆਂ ਦਾ ਚੈਕਅੱਪ ਕਰਦੇ ਹਨ। ਇਹ ਪੂਰਾ ਕੰਮ ਵੀਡੀਓ ਕਾਂਨਫਰੇਂਸਿੰਗ ਦੇ ਰਾਹੀਂ ਹੁੰਦਾ ਹੈ।

ਕੋਰੋਨਾ ਦੌਰਾਨ ਭਵਿੱਖ ਲਈ ਬੱਚਤ

ਕੋਵਿਡ-19 ਸਾਡੀ ਸਿਹਤ ਦੇ ਨਾਲ-ਨਾਲ ਵਿੱਤੀ ਹਾਲਾਤਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਇਸ ਦੌਰ ਵਿਚ ਸਾਡੇ ਪੈਸੇ ਖਰਚ ਕਰਨ ਦਾ ਢੰਗ ਬਦਲਿਆ ਹੈ ਅਤੇ ਸਮਰੱਥਾ ਵੀ। ਆਉਣ ਵਾਲੇ ਕੱਲ 'ਤੇ ਵੀ ਇਸਦਾ ਕਿੰਨਾ ਅਸਰ ਹੋਵੇਗਾ ਅਤੇ ਕਿੰਨਾ ਨਹੀਂ, ਇਹ ਅਸੀਂ ਨਹੀਂ ਜਾਣਦੇ ਪਰ ਤਿਆਗੀ ਪਹਿਲਾਂ ਤੋਂ ਰਖਣੀ ਪਵੇਗੀ। ਬਿਹਤਰ ਕੱਲ ਦੇ ਲਈ ਅੱਜ ਤੋਂ ਹੀ ਵਿੱਤੀ ਹਾਲਤ ਸੰਭਾਲਣੀ ਪਵੇਗੀ ਤਾਂ ਕਿ ਭਵਿੱਖ ਵਿਚ ਹੋਣ ਵਾਲੇ ਨੁਕਸਾਨ ਅਤੇ ਪੈਸੇ ਦੀ ਘਾਟ ਨਾਲ ਨਿਪਟਿਆ ਜਾ ਸਕੇ। ਅਜਿਹਾ ਕਰ ਸਕਣਾ ਔਖਾ ਨਹੀਂ ਹੈ। ਇਸ ਦੇ ਲਈ ਸਮਝਦਾਰੀ ਨਾਲ ਪੈਸੇ ਦਾ ਪ੍ਰਬੰਧ, ਚੰਗੀ ਵਿੱਤੀ ਯੋਜਨਾਬੰਦੀ ਅਤੇ ਅਨੁਸ਼ਾਸਨ ਦੀ ਲੋੜ ਹੈ।

ਮੌਜੂਦਾ ਹਾਲਾਤ ਦਾ ਮੁਲਾਂਕਣ : ਭਵਿੱਖ ਦੇ ਲਈ ਵਿੱਤੀ ਯੋਜਨਾ ਬਣਾਉਣ ਤੋਂ ਪਹਿਲਾਂ ਮੌਜੂਦਾ ਹਾਲਾਤ ਦਾ ਮੁਲਾਂਕਣ ਕਰੋ। ਤੁਸੀਂ ਕਿੰਨਾ ਕਮਾਉਂਦੇ ਹੋ ਅਤੇ ਆਪਣੀ ਕਮਾਈ ਕਿਥੇ-ਕਿਥੇ ਖਰਚ ਕਰਦੇ ਹੋ ਇਸ ਦਾ ਧਿਆਨ ਰੱਖੋ। ਕਰਜ਼ੇ ਦਾ ਭੁਗਤਾਨ ਕਰਨ ਵਿਚ ਕੋਈ ਮੁਸ਼ਕਿਲ ਤਾਂ ਨਹੀਂ ਹੈ। ਇਸ ਤੋਂ ਬਾਅਦ ਮੁਸ਼ਕਿਲ ਸਮੇਂ ਦੇ ਲਈ ਲੁੜੀਂਦੀ ਰਾਸ਼ੀ ਹੈ ਜਾਂ ਨਹੀਂ ਇਹ ਪੱਕਾ ਕਰੋ। ਮੌਜੂਦਾ ਬੀਮਾ ਯੋਜਨਾਵਾਂ ਦਾ ਵਿਸ਼ਲੇਸ਼ਣ ਕਰੋ ਅਤੇ ਦੇਖੋ ਕਿ ਕਿਸੇ ਅਣਚਾਹੀ ਸਥਿਤੀ ਦੇ ਲਈ ਤੁਹਾਡੇ ਕੋਲ ਰਕਮ ਹੈ ਜਾਂ ਨਹੀਂ। ਇਹ ਸਭ ਕਰਨ ਨਾਲ ਤੁਹਾਨੂੰ ਆਪਣੀ ਵਿੱਤੀ ਸਥਿਤੀ ਦਾ ਪਤਾ ਚਲੇਗਾ। ਜੇਕਰ ਕੋਈ ਵਿੱਤੀ ਸਮੱਸਿਆ ਹੈ ਤਾਂ ਕਿਹੜੇ ਖੇਤਰਾਂ ਵਿਚ ਧਿਆਨ ਦੇਣ ਦੀ ਲੋੜ ਹੈ ਇਹ ਇਸ ਵਿਸ਼ਲੇਸ਼ਣ ਤੋਂ ਪਤਾ ਚਲੇਗਾ।

ਭਵਿੱਖ ਲਈ ਨਿਵੇਸ਼ : ਭਵਿੱਖ ਵਿਚ ਵਧੇਰੇ ਵਿੱਤੀ ਪਰੇਸ਼ਾਨੀ ਅਤੇ ਚਿੰਤਾ ਨਾ ਵਧੇ ਇਸ ਦੇ ਲਈ ਨਿਵੇਸ਼ ਦੇ ਸਹੀ ਵਿਕਲਪ ਚੁਣੋ। ਮਿਊਚਲ ਫੰਡ ਵਿਚ ਐੱਸ.ਆਈ.ਪੀ. ਦੇ ਰਾਹੀਂ ਨਿਵੇਸ਼ ਕਰ ਸਕਦੇ ਹੋ। ਛੋਟੀਆਂ ਬੱਚਤ ਯੋਜਨਾਵਾਂ ਜਿਵੇਂ ਪੀ.ਪੀ.ਐੱਫ., ਪੋਸਟ ਆੱਫਿਸ ਬੱਚਤ ਯੋਜਨਾ ਆਦਿ ਵਿਚ ਵਿੱਤੀ ਲੋੜਾਂ ਦੇ ਹਿਸਾਬ ਨਾਲ ਨਿਵੇਸ਼ ਕਰ ਸਕਦੇ ਹੋ। ਇਹ ਯੋਜਨਾਵਾਂ ਵਿਆਹ, ਸਿੱਖਿਆ, ਸਿਹਤ ਦੇਖਭਾਲ ਆਦਿ ਦੇ ਲਈ ਪੈਸਿਆਂ ਦੀ ਲੋੜ ਨੂੰ ਪੂਰਾ ਕਰਦੀਆਂ ਹਨ। ਨਾਲ ਹੀ ਟੈਕਸ ਦੀ ਬੱਚਤ ਵੀ ਹੁੰਦੀ ਹੈ। ਤੁਸੀਂ ਭਵਿੱਖ ਵਿਚ ਇਨ੍ਹਾਂ ਨਿਵੇਸ਼ਾਂ ਦਾ ਲਾਭ ਉਠਾ ਸਕਦੇ ਹੋ।

ਆਪਣੇ ਖਰਚਿਆਂ ਨੂੰ ਘਟਾਉ : ਜੇ ਪਿਛਲੇ ਪੰਜਾਹ ਦਿਨਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਤੁਹਾਡੇ ਖਰਚੇ ਖੁਦ ਘੱਟ ਹੋ ਗਏ ਹਨ। ਤੁਸੀਂ ਆਰਾਮ ਨਾਲ ਆਪਣੀ ਜ਼ਿੰਦਗੀ ਗੁਜ਼ਾਰ ਰਹੇ ਹੋ। ਨਾ ਕਿਤੇ ਆਉਣ-ਜਾਣ 'ਤੇ ਖਰਚ ਹੋਇਆ ਅਤੇ ਨਾ ਬਾਹਰ ਖਾਣ 'ਤੇ। ਇਸ ਤੋਂ ਇਲਾਵਾ ਫਜ਼ੂਲ ਦੀ ਖਰੀਦਦਾਰੀ ਅਤੇ ਖਰਚ ਵੀ ਬੰਦ ਹਨ। ਇਸ ਨੂੰ ਇਸੇ ਤਰ੍ਹਾਂ ਅੱਗੇ ਵੀ ਕੰਟਰੋਲ ਵਿਚ ਰੱਖਣਾ ਹੈ। ਇਕ-ਦੋ ਸਾਲ ਤਕ ਯਾਤਰਾ ਨਾ ਕਰਨ ਅਤੇ ਜੇ ਹੋ ਸਕੇ ਤਾਂ ਬਾਹਰ ਭੋਜਨ ਨਾ ਕਰਨ ਦੀ ਹਦਾਇਤ ਦਿਤੀ ਗਈ ਹੈ। ਇਸ ਦੇ ਨਾਲ-ਨਾਲ ਕੱਪੜਿਆਂ, ਸਜਾਵਟੀ ਵਸਤਾਂ, ਨਵੇਂ ਉਪਕਰਣਾਂ ਨੂੰ ਅਜ਼ਮਾਉਣ ਦੀ ਇੱਛਾ ਪੂਰੀ ਕਰਨ ਲਈ ਵੀ ਸੋਚ ਸਮਝ ਕੇ ਚਲਣਾ ਪਵੇਗਾ। ਇਸ ਨੂੰ ਜ਼ਿੰਦਗੀ ਦਾ ਨਿਯਮ ਬਣਾਉ ਅਤੇ ਇਨ੍ਹਾਂ ਤੋਂ ਬਚਣ ਵਾਲੇ ਪੈਸਿਆਂ ਨੂੰ ਸਹੀ ਥਾਂ 'ਤੇ ਨਿਵੇਸ਼ ਕਰੋ ਤਾਂ ਕਿ ਭਵਿੱਖ ਵਿਚ ਇਨ੍ਹਾਂ ਦਾ ਸਹੀ ਉਪਯੋਗ ਕੀਤਾ ਜਾ ਸਕੇ।

ਨਵੇਂ ਕਰਜ਼ ਲੈਣ ਤੋਂ ਬਚੋ : ਇਸ ਸਮੇਂ ਜਿੰਨਾ ਕਰਜ਼ਾ ਲਉਗੇ, ਭਵਿੱਖ ਵਿਚ ਉਨੀਆਂ ਹੀ ਕਿਸ਼ਤਾਂ ਚੁਕਾਉਣੀਆਂ ਪੈਣਗੀਆਂ। ਅਜਿਹੇ ਵਿਚ ਭਵਿੱਖ ਵਿਚ ਬੱਚਤ ਦੀ ਥਾਂ ਖਰਚੇ ਵਧਣਗੇ। ਇਸ ਤੋਂ ਇਲਾਵਾ ਛੋਟੀਆਂ-ਛੋਟੀਆਂ ਜ਼ਰੂਰਤਾਂ ਜਿਵੇਂ ਮੋਬਾਇਲ ਫੋਨ, ਕੈਮਰਾ, ਲੈਪਟੱਪ, ਔਨਲਾਈਨ ਸ਼ਾਂਪਿੰਗ ਦੇ ਲਈ ਈ.ਐੱਮ.ਆਈ. ਰਾਹੀਂ ਭੁਗਤਾਨ ਕਰਨ ਤੋਂ ਬਚੋ। ਜੇਕਰ ਤੁਸੀਂ ਈ.ਐੱਮ.ਆਈ. 'ਤੇ ਸਮਾਨ ਖਰੀਦਦੇ ਹੋ ਤਾਂ ਉਸ ਸਾਮਾਨ ਦੀ ਐੱਮ.ਆਰ.ਪੀ. ਤੋਂ ਵਧ ਕੀਮਤ ਚੁਕਾ ਰਹੇ ਹੋ। ਭਾਵੇਂ ਸਾਧਾਰਨ ਈ.ਐੱਮ.ਆਈ. 'ਤੇ ਸਾਮਾਨ ਖਰੀਦੋ ਭਾਵੇਂ ਨੋ ਕੌਸਟ ਈ.ਐੱਮ.ਆਈ. 'ਤੇ, ਪਰ ਹਰ ਸਥਿਤੀ ਵਿਚ ਐੱਮ.ਆਰ.ਪੀ. ਤੋਂ ਵਧ ਕੀਮਤ ਦੇਣੀ ਪੈਂਦੀ ਹੈ। ਖਰੀਦਦਾਰੀ ਦੌਰਾਨ ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਸਮਝਦਾਰੀਆਂ ਲਾਭ ਦੇਣਗੀਆਂ।■

MAGZTER

ਘਰ ਬੈਠੇ ਕਮਾਉ ਦੌਲਤ ਤੇ ਸ਼ੋਹਰਤ

ਪਿਛਲੇ ਕੁਝ ਸਾਲਾਂ ਵਿਚ ਤਕਨੀਕ ਨੇ ਸਾਡੇ ਲਈ ਅਣਗਿਣਤ ਨਵੇਂ ਰਸਤੇ ਖੋਲ੍ਹ ਦਿਤੇ ਹਨ। ਇਕੱਲੇ ਇਕ ਸਮਾਰਟਫੋਨ ਅਤੇ ਥੋੜ੍ਹੀ ਜਿਹੀ ਮਿਹਨਤ ਨਾਲ ਤੁਸੀਂ ਸੋਸ਼ਲ ਮੀਡੀਆ ਇਨਫਲੂਐਂਸਰ ਬਣ ਸਕਦੇ ਹੋ। ਇਸ ਨਾਲ ਨਾਮ ਤਾਂ ਹੋਵੇਗਾ ਹੀ ਨਾਲ ਹੀ ਤੁਸੀਂ ਚੰਗੀ ਕਮਾਈ ਵੀ ਕਰ ਸਕਦੇ ਹੋ।

ਇਨਫਲੂਐਂਸਰ ਬਣਨ ਦੇ ਲਈ ਪਹਿਲਾ ਕਦਮ ਇਹ ਪਛਾਨਣਾ ਹੈ ਕਿ ਤੁਸੀਂ ਕਿਸ ਘਰੇਲੂ ਕੰਮ ਵਿਚ ਸਭ ਤੋਂ ਚੰਗੇ ਹੋ। ਇਹ ਖਾਣਾ ਪਕਾਉਣਾ, ਸਿਲਾਈ, ਸੁੰਦਰਤਾ ਮਾਹਿਰ ਜਿਵੇਂ ਮੇਕਅੱਪ ਜਾਂ ਤ੍ਰਚਾ ਲਈ ਘਰੇਲੂ ਨੁਸਖ਼ੇ, ਬਾਗਬਾਨੀ, ਸਫਾਈ ਜਾਂ ਬੱਚੇ ਦੀ ਦੇਖਭਾਲ ਹੋ ਸਕਦਾ ਹੈ। ਆਪਣੀ ਖਾਸੀਅਤ ਨੂੰ ਪਛਾਨਣ ਤੋਂ ਬਾਅਦ ਤੁਸੀਂ ਆਪਣੇ ਸਮਾਰਟਫੋਨ ਨਾਲ ਆਪਣੀਆਂ ਰੋਜ਼ਾਨਾ ਗਤੀਵਿਧੀਆਂ ਰਿਕਾਰਡ ਕਰਨਾ ਸ਼ੁਰੂ ਕਰ ਦਿਉ, ਇਸ ਨੂੰ ਹੀ ਐਡਿਟ ਕਰਕੇ ਤੁਸੀਂ ਸੋਸ਼ਲ ਮੀਡੀਆ 'ਤੇ ਪੋਸਟ ਕਰੋ।

ਭੋਜਨ ਬਣਾਉਣ ਦਾ ਹੀ ਉਦਾਹਰਣ ਲੈਂਦੇ ਹਾਂ। ਜੇਕਰ ਤੁਸੀਂ ਇਕ ਵੀਡੀਓ ਵਿਚ ਕਿਸੇ ਪਕਵਾਨ ਨੂੰ ਬਣਾਉਣ ਦੀ ਕਦਮ ਦਰ ਕਦਮ ਪ੍ਰਕਿਰਿਆ ਰਿਕਾਰਡ ਕਰੋ। ਇਸ ਵੀਡੀਓ ਨੂੰ ਕਿਸੇ ਐਡੀਟਿੰਗ ਐਪ ਦੇ ਰਾਹੀਂ ਬਿਹਤਰ ਬਣਾਇਆ ਜਾ ਸਕਦਾ ਹੈ। ਕਈ ਐਡੀਟਿੰਗ ਐਪ ਤੁਹਾਡੇ ਫੋਨ ਦੇ ਐਪ ਸਟੋਰ 'ਤੇ ਮੁਫਤ ਵਿਚ ਉਪਲੱਬਧ ਹਨ। ਇਕ ਆਮ ਸਮਾਰਟਫੋਨ ਵੀਡੀਓ ਰਿਕਾਰਡ ਕਰਨ, ਉਸਨੂੰ ਐਡਿਟ ਕਰਨ ਅਤੇ ਕਿਸੇ ਸੋਸ਼ਲ ਮੀਡੀਆ ਸਾਈਟ 'ਤੇ ਅਪਲੋਡ ਕਰਨ ਦੇ ਲਈ ਲੋੜੀਂਦਾ ਹੈ।

ਯੂ-ਟਿਊਬ, ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ ਅਪਲੋਡ ਕੀਤੇ ਗਏ ਕਿਸੇ ਵੀ ਸਰਵਜਨਕ ਵੀਡੀਓ ਨੂੰ ਵਿਸ਼ਵ ਪੱਧਰ 'ਤੇ ਦੇਖਿਆ ਅਤੇ ਸਾਂਝਾ ਕੀਤਾ ਜਾ ਸਕਦਾ ਹੈ। ਅਜਿਹੇ ਲੋਕ ਜਿਨ੍ਹਾਂ ਦੇ ਵੀਡੀਓ ਨੂੰ ਬਹੁਤ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਇਨਫਲੂਐਂਸਰ ਕਿਹਾ ਜਾਂਦਾ ਹੈ। ਇਨਫਲੂਐਂਸਰ ਬਣਨ ਦੇ ਲਈ ਤੁਹਾਨੂੰ ਮਾਹਿਰ ਹੋਣ ਦੀ ਲੋੜ ਨਹੀਂ ਹੁੰਦੀ। ਤੁਹਾਨੂੰ ਸਿਰਫ਼ ਆਪਣੀ ਖਾਸੀਅਤ ਨੂੰ ਜਾਣਨ ਦੀ ਲੋੜ ਹੁੰਦੀ ਹੈ।

ਇਨ੍ਹਾਂ ਵੀਡੀਓ ਤੋਂ ਪੈਸਾ ਕਮਾਉਣ ਦੇ ਲਈ ਥੋੜ੍ਹੀ ਜਿਹੀ ਕੋਸ਼ਿਸ਼ ਹੋਰ ਕਰਨੀ ਪਵੇਗੀ। ਯੂ-ਟਿਊਬ ਤੋਂ ਪੈਸਾ ਕਮਾਉਣ ਦੇ ਲਈ ਤੁਹਾਨੂੰ ਗੂਗਲ 'ਤੇ ਜਾ ਕੇ ਐਡਸੈਂਸ ਖਾਤਾ ਖੋਲ੍ਹਣਾ ਪਵੇਗਾ ਅਤੇ ਉਸਨੂੰ ਯੂ-ਟਿਊਬ ਨਾਲ ਜੋੜਨਾ ਪਵੇਗਾ। ਇਹ ਸਾਰੀ ਪ੍ਰਕਿਰਿਆ ਤੁਸੀਂ ਖ਼ੁਦ ਯੂ-ਟਿਊਬ ਦੇਖ ਕੇ ਆਸਾਨੀ ਨਾਲ ਕਰ ਸਕਦੇ ਹੋ।

ਹਰ 1000 ਵਿਊ ਦੇ ਲਈ ਗੂਗਲ ਅਤੇ ਯੂ-ਟਿਊਬ ਵਰਗੀਆਂ ਵਿਗਿਆਪਨ ਕੰਪਨੀਆਂ 300 ਰੁਪਏ ਤਕ ਦਾ ਭੁਗਤਾਨ ਕਰਦੀਆਂ ਹਨ। ਇਨਫਲੂਐਂਸਰ ਬਣ ਜਾਣ ਤੋਂ ਬਾਅਦ ਤੁਸੀਂ ਆਸਾਨੀ ਨਾਲ ਸਪਾਂਨਸਰਸ਼ਿਪ ਵੀ ਹਾਸਿਲ ਕਰ ਸਕਦੀ ਹੋ। ਦੇਸ਼ ਦੇ ਕਈ ਬ੍ਰਾਂਡ ਫੇਸਬੁੱਕ ਅਤੇ ਇੰਸਟਾਗ੍ਰਾਮ ਦੇ ਇਨਫਲੂਐਂਸਰ ਨਾਲ ਖ਼ੁਦ ਸੰਪਰਕ ਕਰਦੇ ਹਨ। ਇਸਦੇ ਲਈ ਚੰਗੀ ਰਕਮ ਵੀ ਦਿੰਦੇ ਹਨ।

ਇਕ ਗ੍ਰਹਿਣੀ ਦੇ ਲਈ ਇਨਫਲੂਐਂਸਰ ਬਣਨ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਉਸਨੂੰ ਇਸਦੇ ਲਈ ਅਲੱਗ ਤੋਂ ਬਹੁਤ ਜ਼ਿਆਦਾ ਸਮਾਂ ਨਹੀਂ ਦੇਣਾ ਹੈ। ਜਿਵੇਂ-ਜਿਵੇਂ ਤੁਸੀਂ ਵੀਡੀਓ ਬਣਾਉਂਦੇ ਜਾਓਗੇ, ਤੁਹਾਡੀ ਵੀਡੀਓ ਦੀ ਕੁਆਲਿਟੀ ਵਿਚ ਵੀ ਸੁਧਾਰ ਹੋਵੇਗਾ ਅਤੇ ਤੁਹਾਡੇ ਫੋਲੋਅਰਸ ਦੀ ਗਿਣਤੀ ਵੀ ਹੌਲੀ-ਹੌਲੀ ਵਧਣ ਲਗੇਗੀ। ਇਸ ਲਈ ਆਪਣਾ ਫੋਨ ਚੁੱਕੋ, ਇਕ ਵੀਡੀਓ ਬਣਾਉ, ਉਸਨੂੰ ਆੱਨਲਾਈਨ ਪੋਸਟ ਕਰੋ ਅਤੇ ਨਾਮ ਦੇ ਨਾਲ ਘਰ ਬੈਠੇ ਪੈਸੇ ਵੀ ਕਮਾਉ ■

> “ਹਰ 1000 ਵਿਊ ਦੇ ਲਈ ਗੂਗਲ ਅਤੇ ਯੂ-ਟਿਊਬ ਵਰਗੀਆਂ ਵਿਗਿਆਪਨ ਕੰਪਨੀਆਂ 300 ਰੁਪਏ ਤਕ ਦਾ ਭੁਗਤਾਨ ਕਰਦੀਆਂ ਹਨ। ਇਨਫਲੂਐਂਸਰ ਬਣ ਜਾਣ ਤੋਂ ਬਾਅਦ ਤੁਸੀਂ ਆਸਾਨੀ ਨਾਲ ਸਪਾੱਨਸਰਸ਼ਿਪ ਵੀ ਹਾਸਿਲ ਕਰ ਸਕਦੀ ਹੋ। ਦੇਸ਼ ਦੇ ਕਈ ਬ੍ਰਾਂਡ ਫੇਸਬੁੱਕ ਅਤੇ ਇੰਸਟਾਗ੍ਰਾਮ ਦੇ ਇਨਫਲੂਐਂਸਰ ਨਾਲ ਖ਼ੁਦ ਸੰਪਰਕ ਕਰਦੇ ਹਨ।”

MAGZTER

ਪ੍ਰੋ. ਨਵਸੰਗੀਤ ਸਿੰਘ
94176-92015



ਗਲਪਕਾਰ, ਪੱਤਰਕਾਰ ਤੇ ਫ਼ਿਲਮਸਾਜ਼ : ਖ਼ਵਾਜਾ ਅਹਿਮਦ ਅੱਬਾਸ

ਖ਼ਵਾਜਾ ਅਹਿਮਦ ਅੱਬਾਸ (7 ਜੂਨ 1914-1 ਜੂਨ 1987) ਨੂੰ ਆਮ ਲੋਕਾਂ ਵਿਚ ਕੇ.ਏ. ਅੱਬਾਸ ਵਜੋਂ ਜਾਣਿਆ ਜਾਂਦਾ ਹੈ। ਉਹ ਇਕ ਪ੍ਰਸਿੱਧ ਫ਼ਿਲਮ-ਨਿਰਦੇਸ਼ਕ, ਗਲਪਕਾਰ ਅਤੇ ਪਟਕਥਾ ਲੇਖਕ ਦੇ ਨਾਲ-ਨਾਲ ਉਰਦੂ, ਹਿੰਦੀ ਤੇ ਅੰਗਰੇਜ਼ੀ ਦਾ ਵਧੀਆ ਪੱਤਰਕਾਰ ਵੀ ਸੀ। ਉਹਨੇ ਕਈ ਮਹੱਤਵਪੂਰਨ ਤੇ ਚਰਚਿਤ ਹਿੰਦੀ ਫ਼ਿਲਮਾਂ ਵੀ ਬਣਾਈਆਂ, ਜਿਨ੍ਹਾਂ ਵਿਚ 'ਪਰਦੇਸੀ' (1957), 'ਸ਼ਹਿਰ ਔਰ ਸਪਨਾ' (1963), 'ਸਾਤ ਹਿੰਦੁਸਤਾਨੀ' (1969) ਅਤੇ 'ਦੋ ਬੂੰਦ ਪਾਨੀ' (1972) ਜ਼ਿਕਰਯੋਗ ਹਨ। ਇਨ੍ਹਾਂ ਫ਼ਿਲਮਾਂ ਨੂੰ 'ਨੈਸ਼ਨਲ ਫ਼ਿਲਮ ਪੁਰਸਕਾਰ' ਪ੍ਰਦਾਨ ਕੀਤੇ ਗਏ।

ਪਟਕਥਾ ਲੇਖਕ ਵਜੋਂ ਅੱਬਾਸ ਨੂੰ ਨਵ-ਯਥਾਰਥਕ ਸਿਨੇਮਾ ਦੇ ਮੋਢੀਆਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਜਿਸਨੇ 'ਨੀਚਾ ਨਗਰ', 'ਜਾਗਤੇ ਰਹੋ', 'ਧਰਤੀ ਕੇ ਲਾਲ', 'ਆਵਾਰਾ', 'ਨਯਾ ਸੰਸਾਰ' ਜਿਹੀਆਂ ਫ਼ਿਲਮਾਂ ਬਣਾਈਆਂ। ਇਸ ਤੋਂ ਬਿਨਾਂ ਉਸ ਨੇ ਰਾਜ ਕਪੂਰ ਦੀਆਂ 'ਸ੍ਰੀ 420', 'ਮੇਰਾ ਨਾਮ ਜੋਕਰ', 'ਬਾਬੀ' ਅਤੇ 'ਹਿਨਾ' ਵੀ ਲਿਖੀਆਂ।

ਉਸ ਦਾ ਪ੍ਰਸਿੱਧ ਕਾਲਮ 'ਦਿ ਲਾਸਟ ਪੇਜ' ਭਾਰਤੀ ਪੱਤਰਕਾਰੀ ਵਿਚ ਸਭ ਤੋਂ ਲੰਮਾ ਕਾਲਮ ਮੰਨਿਆ ਜਾਂਦਾ ਹੈ। ਇਹ ਕਾਲਮ 1935 ਵਿਚ 'ਬਾਂਬੇ ਕ੍ਰਾਨੀਕਲ' ਤੋਂ ਛਪਣਾ ਸ਼ੁਰੂ ਹੋਇਆ ਸੀ ਅਤੇ ਇਹਦੇ ਬੰਦ ਹੋਣ 'ਤੇ ਉਹਦੇ ਜੀਵਨ ਦੇ ਅੰਤ (1987) ਤਕ 'ਬਲਿਟਿਜ਼' ਵਿਚ ਲਗਾਤਾਰ ਛਪਦਾ ਰਿਹਾ। ਇਸ ਕਾਲਮ ਨੂੰ ਪਿੱਛੋਂ ਦੋ ਕਿਤਾਬਾਂ ਵਿਚ ਸੰਪਾਦਿਤ ਕੀਤਾ ਗਿਆ।

ਅੱਬਾਸ ਦਾ ਜਨਮ ਹਰਿਆਣਾ ਦੇ ਪ੍ਰਸਿੱਧ ਸ਼ਹਿਰ ਪਾਣੀਪਤ ਵਿਚ ਹੋਇਆ। ਉਰਦੂ ਦੇ ਚਰਚਿਤ ਕਵੀ ਖ਼ਵਾਜਾ ਅਲਤਾਫ਼ ਹੁਸੈਨ ਹਾਲੀ, ਜੋ ਮਿਰਜ਼ਾ ਗਾਲਿਬ ਦੇ ਵਿਦਿਆਰਥੀ ਰਹੇ, ਉਸ ਦੇ ਪਿਤਾ ਸਨ। ਉਸ ਦੇ ਦਾਦਾ

MAGZTER

ਖਵਾਜਾ ਗ਼ੁਲਾਮ ਅੱਬਾਸ 1857 ਦੇ ਗ਼ਦਰ ਦੇ ਮੋਢੀ ਕ੍ਰਾਂਤੀਕਾਰੀਆਂ ਵਿਚੋਂ ਇਕ ਸਨ। ਉਸ ਦੀ ਮਾਂ ਮਸਰੂਰ ਖ਼ਾਤੂਨ ਪ੍ਰਸਿੱਧ ਸਿੱਖਿਆ ਸ਼ਾਸਤਰੀ ਸੱਜਾਦ ਹੁਸੈਨ ਦੀ ਬੇਟੀ ਸੀ। ਉਸ ਨੇ ਮੁੱਢਲੀ ਪੜ੍ਹਾਈ ਹਾਲੀ ਮੁਸਲਿਮ ਹਾਈ ਸਕੂਲ ਤੋਂ ਪ੍ਰਾਪਤ ਕੀਤੀ, ਜੋ ਉਸਦੇ ਪੜਦਾਦਾ ਹਾਲੀ ਨੇ ਸਥਾਪਿਤ ਕੀਤਾ ਸੀ। ਸੱਤਵੀਂ ਤਕ ਉਹ ਪਾਣੀਪਤ ਵਿਖੇ ਹੀ ਪੜ੍ਹਿਆ। ਉਹਨੇ ਪਵਿੱਤਰ ਕੁਰਾਨ ਨੂੰ ਅਰਬੀ ਭਾਸ਼ਾ ਵਿਚ ਪੜ੍ਹਿਆ। ਪੰਦਰਾਂ ਸਾਲ ਦੀ ਉਮਰ ਵਿਚ ਉਹਨੇ ਦਸਵੀਂ ਪਾਸ ਕੀਤੀ। 1933 ਵਿਚ ਅੰਗਰੇਜ਼ੀ ਸਾਹਿਤ ਨਾਲ ਬੀ.ਏ. ਪਾਸ ਕਰਨ ਪਿੱਛੋਂ ਉਹਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਵਕਾਲਤ ਦੀ ਡਿਗਰੀ ਹਾਸਿਲ ਕਰ ਲਈ।

ਅੱਬਾਸ ਨੇ ਬੀ.ਏ. ਕਰਨ ਪਿੱਛੋਂ ਆਪਣੇ ਕਰੀਅਰ ਦੀ ਸ਼ੁਰੂਆਤ ਨਵੀਂ ਦਿੱਲੀ ਦੇ 'ਨੈਸ਼ਨਲ ਕਾਲ' ਰਾਹੀਂ ਬਤੌਰ ਪੱਤਰਕਾਰ ਸ਼ੁਰੂ ਕੀਤੀ। ਪਿੱਛੋਂ ਵਕਾਲਤ ਕਰਦਿਆਂ 1934 ਵਿਚ 'ਅਲੀਗੜ੍ਹ ਓਪੀਨੀਅਨ' ਸ਼ੁਰੂ ਕੀਤਾ, ਜੋ ਪੂਰਵ ਸੁਤੰਤਰਤਾ ਕਾਲ ਦਾ ਸਭ ਤੋਂ ਪਹਿਲਾ ਯੂਨੀਵਰਸਿਟੀ ਵਿਦਿਆਰਥੀ ਸਪਤਾਹਿਕ ਪੱਤਰ ਸੀ। ਏ.ਐੱਮ.ਯੂ. ਤੋਂ ਪੜ੍ਹਾਈ ਪੂਰੀ ਕਰਨ ਪਿੱਛੋਂ ਅੱਬਾਸ ਨੇ 1935 ਵਿਚ 'ਬਾਂਬੇ ਕ੍ਰਾਨੀਕਲ' ਜੁਆਇਨ ਕਰ ਲਿਆ। 1936 ਵਿਚ ਉਹਨੇ ਬਾਂਬੇ ਟਾਕੀਜ਼ ਰਾਹੀਂ ਫ਼ਿਲਮਾਂ ਵਿਚ ਪਾਰਟ-ਟਾਈਮ ਵਿਗਿਆਪਨ ਵਜੋਂ ਪ੍ਰਵੇਸ਼ ਕੀਤਾ। ਬਾਂਬੇ ਟਾਕੀਜ਼ ਹਿਮਾਂਸ਼ੂ ਰਾਏ ਅਤੇ ਦੇਵਿਕਾ ਰਾਣੀ ਦਾ ਪ੍ਰੋਡਕਸ਼ਨ ਹਾਊਸ ਸੀ, ਜਿਨ੍ਹਾਂ ਨੂੰ ਉਹਨੇ ਆਪਣੀ ਪਹਿਲੀ ਪਟਕਥਾ 'ਨਯਾ ਸੰਸਾਰ' (1941) ਵੇਚੀ ਸੀ।

ਹੌਲੀ-ਹੌਲੀ ਉਸ ਨੇ ਵੱਡੇ ਨਿਰਦੇਸ਼ਕਾਂ ਲਈ ਪਟਕਥਾਵਾਂ ਲਿਖਣੀਆਂ ਸ਼ੁਰੂ ਕਰ ਦਿਤੀਆਂ, ਜਿਨ੍ਹਾਂ ਵਿਚ ਚੇਤਨ ਆਨੰਦ ਦੀ 'ਨੀਚਾ ਨਗਰ' ਅਤੇ ਵੀ.ਸ਼ਾਂਤਾਰਾਮ ਦੀ 'ਡਾ. ਕੁਟਨਿਸ ਕੀ ਅਮਰ ਕਹਾਨੀ' ਸ਼ਾਮਿਲ ਹਨ। 1945 ਵਿਚ ਅੱਬਾਸ ਨੇ ਡਾਇਰੈਕਟਰ ਵਜੋਂ ਇਪਟਾ ਲਈ 'ਧਰਤੀ ਕੇ ਲਾਲ' ਦਾ ਨਿਰਦੇਸ਼ਨ ਦਿਤਾ। 1951 ਵਿਚ ਉਸ ਨੇ ਆਪਣੀ ਪ੍ਰੋਡਕਸ਼ਨ ਕੰਪਨੀ 'ਨਯਾ ਸੰਸਾਰ' ਦੇ ਨਾਂ ਹੇਠ ਸ਼ੁਰੂ ਕੀਤੀ, ਜਿਸ ਨੇ ਸਮਾਜਿਕ ਮੁੱਦਿਆਂ ਨਾਲ ਸਬੰਧਿਤ 'ਅਨਹੋਨੀ', 'ਮੁੰਨਾ', 'ਰਾਹੀ' ਆਦਿ ਫ਼ਿਲਮਾਂ ਪ੍ਰਦਰਸ਼ਿਤ ਕੀਤੀਆਂ। 1970 ਵਿਚ ਪ੍ਰਦਰਸ਼ਿਤ ਫ਼ਿਲਮ 'ਸਾਤ ਹਿੰਦੁਸਤਾਨੀ' ਬਾਲੀਵੁੱਡ ਆਈਕਨ ਅਮਿਤਾਭ ਬੱਚਨ ਦੀ ਪਹਿਲੀ ਫ਼ਿਲਮ ਹੈ।

ਪੰਜ ਦਹਾਕਿਆਂ ਦੇ ਆਪਣੇ ਲੇਖਨ ਅਤੇ ਗਲਪ ਕਰੀਅਰ ਦੌਰਾਨ ਅੱਬਾਸ ਨੇ ਕਰੀਬ ਛੇ ਦਰਜਨ ਕਿਤਾਬਾਂ (ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ) ਲਿਖੀਆਂ। ਉਰਦੂ ਨਿੱਕੀ ਕਹਾਣੀ ਵਿਚ ਉਹਨੂੰ ਜ਼ਿਕਰਯੋਗ ਥਾਂ ਪ੍ਰਾਪਤ ਹੈ। ਉਹਨੂੰ ਆਪਣੇ ਨਾਵਲ 'ਇਨਕਲਾਬ' ਲਈ ਵੀ ਜਾਣਿਆ ਜਾਂਦਾ ਹੈ, ਜੋ ਕਿ ਸੰਪਰਦਾਇਕ ਹਿੰਸਾ 'ਤੇ ਆਧਾਰਿਤ ਹੈ। 'ਇਨਕਲਾਬ' ਵਾਂਗ ਉਸ ਦੀਆਂ ਹੋਰ ਵੀ ਕਈ ਰਚਨਾਵਾਂ ਭਾਰਤੀ ਤੇ ਵਿਦੇਸ਼ੀ ਭਾਸ਼ਾਵਾਂ (ਰੂਸੀ, ਜਰਮਨ, ਇਤਾਲਵੀ, ਫਰਾਂਸੀਸੀ, ਅਰਬੀ ਆਦਿ) ਵਿਚ ਅਨੁਵਾਦ ਹੋ ਚੁੱਕੀਆਂ ਹਨ।

ਅੱਬਾਸ ਨੇ ਸੰਸਾਰ ਦੀਆਂ ਕਈ ਮਹੱਤਵਪੂਰਨ ਸ਼ਖ਼ਸੀਅਤਾਂ ਨਾਲ ਮੁਲਾਕਾਤਾਂ ਕੀਤੀਆਂ, ਜਿਨ੍ਹਾਂ ਵਿਚ ਸਾਹਿਤਕ ਤੇ ਗੈਰ-ਸਾਹਿਤਕ ਖੇਤਰ ਦੇ ਲੋਕ ਸ਼ਾਮਿਲ ਹਨ। ਇਨ੍ਹਾਂ ਵਿਚ ਰੂਸੀ ਸਟੇਟਸ ਮੈਨ ਖਰੁਸ਼ਚੇਵ, ਅਮਰੀਕੀ ਰਾਸ਼ਟਰਪਤੀ ਰੂਜ਼ਵੈਲਟ, ਪ੍ਰਸਿੱਧ ਹਾਸ-ਅਭਿਨੇਤਾ ਚਾਰਲੀ ਚੈਪਲਿਨ, ਮਾਓ ਜ਼ੇ ਤੁੰਗ ਅਤੇ ਯੂਰੀ ਗਾਗਰੀਨ ਦੇ ਨਾਂ ਸ਼ਾਮਿਲ ਹਨ।

ਉਸ ਦੀ ਸਵੈ ਜੀਵਨੀ 'ਆਈ ਐਮ ਨਾਟ ਆਈਲੈਂਡ : ਐਨ ਐਕਸਪੈਰੀਮੈਂਟ ਇਨ ਆਟੋਬਾਇਓਗ੍ਰਾਫੀ' ਪਹਿਲੀ ਵਾਰ 1977 ਵਿਚ ਪ੍ਰਕਾਸ਼ਿਤ ਹੋਈ ਅਤੇ 2010 ਵਿਚ ਰਿਲੀਜ਼ ਹੋਈ।

ਪੰਜ ਦਹਾਕਿਆਂ ਦੇ ਆਪਣੇ ਲੇਖਨ ਅਤੇ ਗਲਪ ਕਰੀਅਰ ਦੌਰਾਨ ਅੱਬਾਸ ਨੇ ਕਰੀਬ ਛੇ ਦਰਜਨ ਕਿਤਾਬਾਂ (ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ) ਲਿਖੀਆਂ। ਉਰਦੂ ਨਿੱਕੀ ਕਹਾਣੀ ਵਿਚ ਉਹਨੂੰ ਜ਼ਿਕਰਯੋਗ ਥਾਂ ਪ੍ਰਾਪਤ ਹੈ। ਉਹਨੂੰ ਆਪਣੇ ਨਾਵਲ 'ਇਨਕਲਾਬ' ਲਈ ਵੀ ਜਾਣਿਆ ਜਾਂਦਾ ਹੈ, ਜੋ ਕਿ ਸੰਪਰਦਾਇਕ ਹਿੰਸਾ 'ਤੇ ਆਧਾਰਿਤ ਹੈ। 'ਇਨਕਲਾਬ' ਵਾਂਗ ਉਸ ਦੀਆਂ ਹੋਰ ਵੀ ਕਈ ਰਚਨਾਵਾਂ ਭਾਰਤੀ ਤੇ ਵਿਦੇਸ਼ੀ ਭਾਸ਼ਾਵਾਂ (ਰੂਸੀ, ਜਰਮਨ, ਇਤਾਲਵੀ, ਫਰਾਂਸੀਸੀ, ਅਰਬੀ ਆਦਿ) ਵਿਚ ਅਨੁਵਾਦ ਹੋ ਚੁੱਕੀਆਂ ਹਨ।

ਵਿਭਿੰਨ ਖੇਤਰਾਂ ਲਈ ਉਹਨੂੰ ਬਹੁਤ ਸਾਰੇ ਇਨਾਮ/ਸਨਮਾਨ ਪ੍ਰਾਪਤ ਹੋਏ। ਫ਼ਿਲਮਾਂ ਦੇ ਖੇਤਰ ਵਿਚ ਮਿਲੇ ਪੁਰਸਕਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ : 'ਨਯਾ ਸੰਸਾਰ' ਨੂੰ ਉੱਤਮ ਸਕਰੀਨ-ਪਲੇਅ ਲਈ ਬੀ.ਐੱਫ.ਜੇ.ਏ. ਐਵਾਰਡ (1942), 'ਨੀਚਾ ਨਗਰ' ਨੂੰ ਕਾਨਜ਼ ਫ਼ਿਲਮ ਫੈਸਟੀਵਲ ਤੇ 'ਗੋਲਡਨ ਪਾਮ ਪੁਰਸਕਾਰ' (1946), 'ਪਰਦੇਸੀ' ਕਾਨਜ਼ ਫ਼ਿਲਮ ਫੈਸਟੀਵਲ ਵਿਚ ਗੋਲਡਨ ਪਾਮ ਲਈ ਨਾਮਜ਼ਦ (1957), ਬੱਚਿਆਂ ਦੀ ਦੂਜੀ ਬਿਹਤਰੀਨ ਫ਼ਿਲਮ 'ਈਦ ਮੁਬਾਰਕ' ਨੂੰ ਆਲ ਇੰਡੀਆ ਸਰਟੀਫਿਕੇਟ ਆੱਫ ਮੈਰਿਟ (1960), 'ਸ਼ਹਿਰ ਔਰ ਸਪਨਾ' ਨੂੰ ਸਰਵੋਤਮ ਫੀਚਰ ਫ਼ਿਲਮ ਲਈ ਨੈਸ਼ਨਲ ਫ਼ਿਲਮ ਐਵਾਰਡ (1964), 'ਫਕੀਰਾ' ਨੂੰ ਮਹਾਰਾਸ਼ਟਰ ਸਟੇਟ ਪੁਰਸਕਾਰ (1964), 'ਹਮਾਰਾ ਘਰ' ਨੂੰ ਸਾਂਤਾ ਬਾਰਬਰਾ ਯੂ.ਐੱਸ.ਏ. ਵਿਚ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ ਐਵਾਰਡ (1965), 'ਸੋਲਵੇਂ ਬਰਲਿਨ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਵਿਚ ਜੂਰੀ ਮੈਂਬਰ' (1966), 'ਸਾਤ ਹਿੰਦੁਸਤਾਨੀ' ਨੂੰ ਕੌਮੀ ਸਦਭਾਵਨਾ ਲਈ ਉੱਤਮ ਫੀਚਰ ਫ਼ਿਲਮ ਦਾ 'ਨਰਗਿਸ ਦੱਤ ਐਵਾਰਡ' (1970), 'ਦਿ ਨੈਕਸਲਾਈਟਸ' ਨੂੰ ਨਿਰਦੇਸ਼ਨ ਲਈ ਸੋਨ ਤਗਮਾ (1980)। ਸਾਹਿਤਕ ਪ੍ਰਾਪਤੀਆਂ ਲਈ ਮਿਲੇ ਕੁਝ ਚੋਣਵੇਂ ਇਨਾਮ ਇਹ ਹਨ : ਸੋਵੀਅਤ ਯੂਨੀਅਨ ਵਲੋਂ ਸਾਹਿਤਕ ਪੁਰਸਕਾਰ (1964), ਉਰਦੂ ਅਕਾਦਮੀ ਦਿੱਲੀ ਵਲੋਂ ਵਿਸ਼ੇਸ਼ ਪੁਰਸਕਾਰ (1964), ਮਹਾਰਾਸ਼ਟਰ ਸਰਕਾਰ ਵਲੋਂ ਉਰਦੂ ਅਕਾਦਮੀ ਐਵਾਰਡ (1965), ਸਾਹਿਤਕ ਪ੍ਰਾਪਤੀਆਂ ਲਈ ਹਰਿਆਣਾ ਸਰਕਾਰ ਵਲੋਂ 'ਰੋਲ ਆੱਫ ਆਨਰ' (1969), ਉਰਦੂ ਗੱਦ ਲੇਖਨ ਵਿਚ ਯੋਗਦਾਨ ਲਈ 'ਗਾਲਿਬ ਪੁਰਸਕਾਰ' (1983), ਇੰਡੋ ਸੋਵੀਅਤ ਫਰੈਂਡਸ਼ਿਪ ਲਈ 'ਸੋਵੀਅਤ ਲੈਂਡ ਪੁਰਸਕਾਰ' (1985)। ਭਾਰਤ ਸਰਕਾਰ ਵਲੋਂ 1969 ਵਿਚ ਉਸ ਨੂੰ 'ਪਦਮਸ਼੍ਰੀ' ਦੀ ਉਪਾਧੀ ਪ੍ਰਦਾਨ ਕੀਤੀ ਗਈ।

ਅੱਬਾਸ ਨੇ ਕਰੀਬ 45 ਫ਼ਿਲਮਾਂ ਲਈ ਨਿਰਦੇਸ਼ਕ, ਸੰਵਾਦ-ਲੇਖਕ, ਸਕਰੀਨ ਪਲੇਅ ਵਜੋਂ ਕਾਰਜ ਕੀਤਾ। ਉਸ ਬਾਰੇ ਵੱਖ-ਵੱਖ ਲੇਖਕਾਂ ਨੇ ਚਾਰ ਕਿਤਾਬਾਂ ਅਤੇ ਇਕ ਦਰਜਨ ਆਰਟੀਕਲ ਲਿਖੇ ਹਨ। ਅੱਜ ਉਸਦੀ ਬਰਸੀ 'ਤੇ ਫ਼ਿਲਮਾਂ ਅਤੇ ਸਾਹਿਤ ਨਾਲ ਜੁੜੇ ਉਸ ਦੇ ਪ੍ਰਸੰਸਕ ਉਸ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰ ਰਹੇ ਹਨ। ਇਹ ਵੀ ਇਕ ਵਿਲੱਖਣ ਸੁਮੇਲ ਹੈ ਕਿ ਫ਼ਿਲਮ ਅਤੇ ਸਾਹਿਤ ਦਾ ਅਨੂਠਾ ਸੁਮੇਲ ਅੱਬਾਸ ਤੋਂ ਬਿਨਾਂ ਘੱਟ ਹੀ ਵੇਖਣ ਨੂੰ ਮਿਲਦਾ ਹੈ ■

MAGZTER

ਹਾਕੀ ਦਾ ਧਰੂ ਤਾਰਾ ਅਸਤ ਹੋ ਗਿਆ

ਯੁਗ ਪੁਰਸ਼ ਓਲੰਪੀਅਨ ਬਲਬੀਰ ਸਿੰਘ ਸੀਨੀਅਰ

ਹਾਕੀ ਦਾ ਧਰੂ ਤਾਰਾ ਯੁਗ ਪੁਰਸ਼ ਬਲਬੀਰ ਸਿੰਘ ਸੀਨੀਅਰ ਇਸ ਫਾਨੀ ਸੰਸਾਰ ਨੂੰ 95 ਸਾਲ ਦੀ ਉਮਰ ਵਿਚ ਮੋਹਾਲੀ ਵਿਖੇ ਇਕ ਪ੍ਰਾਈਵੇਟ ਹਸਪਤਾਲ ਵਿਚ ਅਲਵਿਦਾ ਕਹਿ ਗਿਆ। ਉਹ ਲਗਭਗ ਇਕ ਮਹੀਨੇ ਤੋਂ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ। ਬਲਬੀਰ ਸਿੰਘ ਦੇ ਜਾਣ ਨਾਲ ਸੰਸਾਰ ਵਿਚ ਭਾਰਤ ਦਾ ਵੱਕਾਰ ਵਧਾਉਣ ਵਾਲਾ ਧਰੂ ਤਾਰਾ ਅਸਤ ਹੋ ਗਿਆ ਹੈ। ਪੰਜਾਬ ਨੂੰ ਇਸ ਗੱਲ ਦਾ ਮਾਣ ਜਾਂਦਾ ਹੈ ਕਿ ਪੰਜਾਬ ਹਰ ਖੇਤਰ ਵਿਚ ਦੇਸ਼ ਦੀ ਖੜਗਭੁਜਾ ਰਿਹਾ ਹੈ। ਆਜ਼ਾਦੀ ਦੀ ਲੜਾਈ ਤੋਂ ਲੈ ਕੇ ਅੱਜ ਤਕ ਪੰਜਾਬ ਨੇ ਮੋਹਰੀ ਦੀ ਭੂਮਿਕਾ ਨਿਭਾਈ ਹੈ। ਖੇਡਾਂ ਖਾਸ ਤੌਰ 'ਤੇ ਹਾਕੀ ਦੇ ਖੇਤਰ ਵਿਚ ਪੰਜਾਬ ਨੇ ਅਨੇਕਾਂ ਅਜਿਹੇ ਖਿਡਾਰੀ ਪੈਦਾ ਕੀਤੇ ਹਨ, ਜਿਨ੍ਹਾਂ ਕਰਕੇ ਦੇਸ਼ ਦਾ ਮਾਣ ਵਧਿਆ ਹੈ। ਇਨ੍ਹਾਂ ਖਿਡਾਰੀਆਂ ਵਿਚੋਂ ਬਲਬੀਰ ਸਿੰਘ ਸੀਨੀਅਰ ਦਾ ਨਾਮ ਹਾਕੀ ਦੀ ਖੇਡ ਵਿਚ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਹੈ। ਸੰਸਾਰ ਦੇ ਹਾਕੀ ਦੇ ਇਤਿਹਾਸ ਵਿਚ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਅਤੇ ਧਿਆਨਚੰਦ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ ਕਿਉਂਕਿ ਦੋਹਾਂ ਦੀ ਖੇਡ ਦੀ ਧਾਂਕ ਸੰਸਾਰ ਵਿਚ ਪਈ ਹੋਈ ਹੈ। ਭਾਰਤ ਨੂੰ ਸੋਨ ਤਮਗੇ ਦਿਵਾਉਣ ਅਤੇ ਭਾਰਤੀ ਝੰਡਾ ਸੰਸਾਰ ਦੀਆਂ ਖੇਡਾਂ ਵਿਚ ਲਹਿਰਾਉਣ ਦਾ ਮਾਣ ਦੋਹਾਂ ਖਿਡਾਰੀਆਂ ਨੇ ਬਖਸ਼ਿਆ ਹੈ। ਬਲਬੀਰ ਸਿੰਘ ਨੇ ਓਲੰਪਿਕ ਖੇਡਾਂ ਦੇ ਫਾਈਨਲ ਮੈਚਾਂ ਵਿਚ ਸਭ ਤੋਂ ਵਧ ਗੋਲ ਕਰਕੇ ਨਵੇਂ ਰਿਕਾਰਡ ਸਥਾਪਿਤ ਕੀਤੇ ਸਨ, ਜਿਹੜੇ ਅਜੇ ਤਕ ਵੀ ਬਰਕਰਾਰ ਹਨ। ਇਸ ਕਰਕੇ ਹੀ ਉਸ ਨੂੰ ਗੋਲ ਕਿੰਗ ਅਤੇ ਹਾਕੀ ਦਾ ਯੁਗ ਪੁਰਸ਼ ਕਿਹਾ ਜਾਂਦਾ ਹੈ। ਉਸ ਨੂੰ ਓਲੰਪਿਕ ਰਤਨ ਵੀ ਕਿਹਾ ਜਾਂਦਾ ਹੈ। ਲੰਡਨ ਵਿਚ 2012 ਵਿਚ ਜਿਹੜੀਆਂ ਓਲੰਪਿਕ ਖੇਡਾਂ ਹੋਈਆਂ ਸਨ, ਉਦੋਂ ਓਲੰਪਿਕ ਖੇਡਾਂ ਦੇ ਸਫਰ ਵਿਚੋਂ ਜਿਹੜੇ '16 ਆਈਕੌਨਿਕ ਓਲੰਪੀਅਨ' ਚੁਣੇ ਗਏ ਸਨ, ਉਨ੍ਹਾਂ ਵਿਚ ਹਿੰਦ ਮਹਾਂਦੀਪ ਵਿਚੋਂ ਇਕੱਲਾ ਬਲਬੀਰ ਸਿੰਘ ਹੀ ਚੁਣਿਆ ਗਿਆ ਸੀ। ਓਲੰਪਿਕ ਖੇਡਾਂ ਵਿਚ 3 ਗੋਲਡ ਮੈਡਲ, ਏਸ਼ੀਆਈ ਖੇਡਾਂ ਵਿਚੋਂ ਇਕ ਗੋਲਡ ਮੈਡਲ ਅਤੇ ਭਾਰਤੀ ਹਾਕੀ ਦੀਆਂ ਟੀਮਾਂ ਦਾ ਕੋਚ ਮੈਨੇਜਰ ਬਣਕੇ ਭਾਰਤ ਨੂੰ 7 ਤਮਗੇ ਜਿਤਾਉਣ ਦਾ ਮਾਣ ਬਲਬੀਰ ਸਿੰਘ ਨੂੰ ਹੀ ਜਾਂਦਾ ਹੈ। ਉਹ ਨਮਰਤਾ ਅਤੇ ਸਾਦਗੀ ਦਾ ਪ੍ਰਤੀਕ ਸੀ, ਜਿਸਨੇ ਕਦੀ ਵੀ ਆਪਣੀ ਕਾਬਲੀਅਤ ਦਾ ਘਮੰਡ ਨਹੀਂ ਕੀਤਾ ਸਗੋਂ ਜ਼ਮੀਨ ਨਾਲ ਜੁੜਿਆ ਰਿਹਾ ਹੈ। ਆਮ ਤੌਰ 'ਤੇ ਹਰ ਖਿਡਾਰੀ ਇਨ੍ਹਾਂ ਮਿਲੇ ਮਾਨ ਸਨਮਾਨਾਂ ਨੂੰ ਆਪਣੇ ਘਰਾਂ ਵਿਚ ਸਜਾਕੇ ਰੱਖਦਾ ਹੈ ਅਤੇ ਮੈਡਲ ਸ਼ੁਭ ਅਵਸਰਾਂ 'ਤੇ ਗਲਾਂ ਵਿਚ ਪਾ ਕੇ ਰੱਖਦੇ ਹਨ। ਬਲਬੀਰ ਸਿੰਘ ਨੂੰ ਜਿੰਨੇ ਮੈਡਲ ਅਤੇ ਮਾਣ ਸਨਮਾਨ ਮਿਲੇ ਸਨ, ਉਹ ਸਾਰੇ ਹੀ ਸਪੋਰਟਸ ਅਥਾਰਟੀ ਆੱਫ ਇੰਡੀਆ ਨੂੰ ਦੇ ਦਿਤੇ ਸਨ ਤਾਂ ਜੋ ਉਭਰਦੇ ਖਿਡਾਰੀ ਉਨ੍ਹਾਂ ਤੋਂ ਪ੍ਰੇਰਨਾ ਲੈਂਦੇ ਰਹਿਣ। ਹੈਰਾਨੀ ਅਤੇ ਪ੍ਰੇਸ਼ਾਨੀ ਦੀ ਗੱਲ ਹੈ ਕਿ ਸਪੋਰਟਸ ਅਥਾਰਟੀ ਨੇ ਉਹ ਅਨਮੋਲ ਨਿਸ਼ਾਨੀਆਂ ਗੁਆ ਹੀ ਦਿਤੀਆਂ। ਇਹ ਜੇਤੂ ਨਿਸ਼ਾਨੀਆਂ ਨੇ ਖੇਡ ਅਜਾਇਬ ਘਰ ਦੀ ਸ਼ਾਨ ਵਧਾਉਂਦਿਆਂ ਉਭਰਦੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨਾ ਸੀ। ਬਲਬੀਰ ਸਿੰਘ ਦੀ ਸਾਦਗੀ ਵੇਖਣ ਵਾਲੀ ਸੀ ਕਿ ਉਨ੍ਹਾਂ ਸਪੋਰਟਸ ਅਥਾਰਟੀ ਨਾਲ ਬਹੁਤਾ ਗਿਲਾ ਵੀ ਨਹੀਂ ਕੀਤਾ। ਉਹ ਆਪਣੀਆਂ ਪ੍ਰਾਪਤੀਆਂ ਨੂੰ ਭਾਰਤ ਦੀਆਂ ਪ੍ਰਾਪਤੀਆਂ ਸਮਝਦਾ ਸੀ ਕਿਉਂਕਿ ਉਹ ਇਕ ਸੱਚਾ ਸੁੱਚਾ ਦੇਸ਼ ਭਗਤ ਸੀ। ਇਸੇ ਤਰ੍ਹਾਂ 1962 ਦੀ ਭਾਰਤ ਚੀਨ ਲੜਾਈ ਸਮੇਂ 3 ਓਲੰਪਿਕ ਸੋਨੇ ਦੇ ਤਮਗੇ ਪ੍ਰਧਾਨ ਮੰਤਰੀ ਰੀਲੀਫ ਫੰਡ ਲਈ ਦੇ ਦਿਤੇ ਸਨ। 1952 ਵਿਚ ਹੈਲਸਿੰਕੀ ਵਿਖੇ ਹੋਈਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਹਾਲੈਂਡ ਵਿਰੁੱਧ ਬਲਬੀਰ ਸਿੰਘ ਨੇ 5 ਗੋਲ ਕੀਤੇ ਅਤੇ ਭਾਰਤ ਨੇ 6-1 ਨਾਲ ਮੈਚ ਜਿੱਤ ਕੇ ਸੋਨੇ ਦਾ ਤਮਗਾ ਪ੍ਰਾਪਤ ਕੀਤਾ। ਉਨ੍ਹਾਂ ਵਲੋਂ ਸਥਾਪਿਤ ਕੀਤਾ ਗਿਆ ਰਿਕਾਰਡ ਅਜੇ ਤਕ ਬਰਕਰਾਰ ਹੈ। ਇਸੇ ਤਰ੍ਹਾਂ

MAGZTER

1948 ਵਿਚ ਹੋਈਆਂ ਓਲੰਪਿਕਸ ਵਿਚ ਅਰਜਨਟੀਨਾ ਵਿਰੁੱਧ ਭਾਰਤ ਨੇ 9 ਗੋਲ ਕੀਤੇ ਇਨ੍ਹਾਂ ਵਿਚੋਂ 6 ਅਤੇ ਇੰਗਲੈਂਡ ਵਿਰੁੱਧ 4 ਵਿਚੋਂ 2 ਗੋਲ ਬਲਬੀਰ ਸਿੰਘ ਨੇ ਕੀਤੇ। ਹੈਲਸਿੰਕੀ ਵਿਚ ਭਾਰਤ ਨੇ ਸਾਰੇ ਮੈਚਾਂ ਵਿਚ 13 ਗੋਲ ਕੀਤੇ, ਇਨ੍ਹਾਂ ਵਿਚੋਂ 9 ਗੋਲ ਇਕੱਲੇ ਬਲਬੀਰ ਸਿੰਘ ਨੇ ਕੀਤੇ। ਆਪ ਹਮੇਸ਼ਾ ਸੈਂਟਰ ਫਾਰਵਰਡ ਦੇ ਤੌਰ 'ਤੇ ਖੇਡਦੇ ਸਨ। ਇਕ ਵਾਰ ਗੇਂਦ ਜਦੋਂ ਆਪ ਦੇ ਕੋਲ ਆ ਜਾਂਦੀ ਸੀ ਤਾਂ ਇਹ ਸਮਝਿਆ ਜਾਂਦਾ ਸੀ ਕਿ ਉਹ ਹਰ ਹਾਲਤ ਵਿਚ ਗੋਲ ਕਰਕੇ ਹੀ ਗੇਂਦ ਨੂੰ ਛੱਡੇਗਾ। ਭੰਬੀਰੀ ਦੀ ਤਰ੍ਹਾਂ ਗੇਂਦ ਨੂੰ ਲੈ ਕੇ ਗੋਲ ਵਿਚ ਪਹੁੰਚ ਜਾਂਦਾ ਸੀ। ਉਨ੍ਹਾਂ 1956 ਵਿਚ ਮੈਲਬੋਰਨ ਵਿਚ ਹੋਈਆਂ ਓਲੰਪਿਕਸ ਖੇਡਾਂ ਵਿਚ ਅਫਗਾਨਿਸਤਾਨ ਵਿਰੁੱਧ 5 ਗੋਲ ਕੀਤੇ। ਬਲਬੀਰ ਸਿੰਘ ਪੰਜਾਬ ਸਰਕਾਰ ਦੇ ਸਪੋਰਟਸ ਵਿਭਾਗ ਦਾ ਡਾਇਰੈਕਟਰ ਵੀ ਰਿਹਾ। ਉਸਨੇ 2 ਪੁਸਤਕਾਂ ਗੋਲਡਨ ਹੈਟ ਟ੍ਰਿਕ ਅਤੇ ਗੋਲਡਨ ਯਾਰਡ ਸਟਿਕ ਵੀ ਲਿਖੀਆਂ। 2006 ਵਿਚ ਆਪ ਨੂੰ ਬੈਸਟ ਸਿੱਖ ਪਲੇਅਰ ਲਈ ਚੁਣਿਆ ਗਿਆ। ਇਸੇ ਤਰ੍ਹਾਂ 2015 ਵਿਚ ਆਪ ਨੂੰ ਮੇਜਰ ਧਿਆਨ ਚੰਦ ਲਾਈਫ ਟਾਈਮ ਅਚੀਵਮੈਂਟ ਐਵਾਰਡ ਦਿਤਾ ਗਿਆ। ਆਪ 1952 ਵਿਚ ਹੈਲਸਿੰਕੀ ਓਲੰਪਿਕਸ ਵਿਚ ਭਾਰਤੀ ਟੀਮ ਦੇ ਉਪ ਕਪਤਾਨ ਵਜੋਂ ਸ਼ਾਮਿਲ ਹੋਏ ਸਨ। 1956 ਦੀਆਂ ਮੈਲਬੋਰਨ ਵਿਖੇ ਹੋਈਆਂ ਓਲੰਪਿਕਸ ਵਿਚ ਭਾਰਤੀ ਟੀਮ ਦੇ ਕੈਪਟਨ ਸਨ। ਆਪ 1971 ਵਿਚ ਭਾਰਤੀ ਟੀਮ ਦੇ ਮੈਨੇਜਰ ਅਤੇ 1975 ਵਿਚ ਮੁੱਖ ਕੋਚ ਸਨ।

ਹੈਲਸਿੰਕੀ ਵਿਚ ਭਾਰਤ ਨੇ ਸਾਰੇ ਮੈਚਾਂ ਵਿਚ 13 ਗੋਲ ਕੀਤੇ, ਇਨ੍ਹਾਂ ਵਿਚੋਂ 9 ਗੋਲ ਇਕੱਲੇ ਬਲਬੀਰ ਸਿੰਘ ਨੇ ਕੀਤੇ। ਆਪ ਹਮੇਸ਼ਾ ਸੈਂਟਰ ਫਾਰਵਰਡ ਦੇ ਤੌਰ 'ਤੇ ਖੇਡਦੇ ਸਨ। ਇਕ ਵਾਰ ਗੇਂਦ ਜਦੋਂ ਆਪ ਦੇ ਕੋਲ ਆ ਜਾਂਦੀ ਸੀ ਤਾਂ ਇਹ ਸਮਝਿਆ ਜਾਂਦਾ ਸੀ ਕਿ ਉਹ ਹਰ ਹਾਲਤ ਵਿਚ ਗੋਲ ਕਰਕੇ ਹੀ ਗੇਂਦ ਨੂੰ ਛੱਡੇਗਾ। ਭੰਬੀਰੀ ਦੀ ਤਰ੍ਹਾਂ ਗੇਂਦ ਨੂੰ ਲੈ ਕੇ ਗੋਲ ਵਿਚ ਪਹੁੰਚ ਜਾਂਦਾ ਸੀ।

ਸਰਕਾਰੀ ਰਿਕਾਰਡ ਅਨੁਸਾਰ ਬਲਬੀਰ ਸਿੰਘ ਦਾ ਜਨਮ 10 ਅਕਤੂਬਰ, 1924 ਨੂੰ ਉਸਦੇ ਨਾਨਕੇ ਪਿੰਡ ਹਰੀਪੁਰ ਖਾਲਸਾ ਵਿਚ ਪਿਤਾ ਦਲੀਪ ਸਿੰਘ ਅਤੇ ਮਾਤਾ ਕਰਮ ਕੌਰ ਦੀ ਕੁੱਖੋਂ ਹੋਇਆ। ਖੇਡਾਂ ਦੇ ਖੇਤਰ ਦੇ ਮਾਹਿਰ ਲਿਖਾਰੀ ਪ੍ਰਿੰਸੀਪਲ ਸਰਵਣ ਸਿੰਘ ਵਲੋਂ ਬਲਬੀਰ ਸਿੰਘ ਦੀ ਲਿਖੀ ਜੀਵਨੀ 'ਗੋਲਡਨ ਗੋਲ' ਵਿਚ ਜਨਮ ਤਾਰੀਖ 31 ਦਸੰਬਰ, 1923 ਲਿਖੀ ਗਈ ਹੈ। ਉਸ ਦਾ ਜੱਦੀ ਪਿੰਡ ਜਲੰਧਰ ਜ਼ਿਲ੍ਹੇ ਵਿਚ ਪੁਆਦੜਾ ਹੈ। ਉਸਦੇ ਨਾਨਕੇ ਅਤੇ ਦਾਦਕੇ ਦੋਵੇਂ ਪਿੰਡ ਫਿਲੌਰ ਤਹਿਸੀਲ ਜ਼ਿਲ੍ਹਾ ਜਲੰਧਰ ਵਿਚ ਪੈਂਦੇ ਹਨ। ਉਸਦਾ ਪਿਤਾ ਦਲੀਪ ਸਿੰਘ ਸੁਤੰਤਰਤਾ ਸੰਗਰਾਮੀਆਂ ਸੀ ਅਤੇ ਦੁਸਾਂਝ ਗੋਤ ਦਾ ਸੀ ਪ੍ਰੰਤੂ ਬਲਬੀਰ ਸਿੰਘ ਨੇ ਆਪਣੇ ਨਾਮ ਨਾਲ ਦੁਸਾਂਝ ਕਦੀ ਵੀ ਨਹੀਂ ਲਿਖਿਆ। ਉਸਦੇ ਨਾਨਕੇ ਧਨੋਆ ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਸਨ। ਉਨ੍ਹਾਂ ਦੀ ਸ਼ਾਦੀ ਸ੍ਰੀਮਤੀ ਸੁਸ਼ੀਲ ਕੌਰ ਨਾਲ 1946 ਵਿਚ ਹੋਈ ਸੀ, ਜਿਸਦੀ ਕੁੱਖੋਂ 3 ਸਪੁੱਤਰ ਕੰਵਲਬੀਰ ਸਿੰਘ, ਕਰਨਬੀਰ ਸਿੰਘ, ਗੁਰਬੀਰ ਸਿੰਘ ਅਤੇ ਇਕ ਧੀ ਸੁਸ਼ਬੀਰ ਕੌਰ ਨੇ ਜਨਮ ਲਿਆ। ਆਪ ਦੀਆਂ ਤਿੰਨੋਂ ਨੂੰਹਾਂ ਕ੍ਰਮਵਾਰ ਚੀਨ, ਸਿੰਘਾਪੁਰ ਅਤੇ ਯੂਕਰੇਨ ਤੋਂ ਹਨ। ਬਲਬੀਰ ਸਿੰਘ ਦੀ ਪਤਨੀ ਸੁਸ਼ੀਲ ਕੌਰ ਦਾ ਪਰਿਵਾਰ ਲਾਹੌਰ ਦੇ ਮਾਡਲ ਟਾਊਨ ਇਲਾਕੇ ਦਾ ਰਹਿਣ ਵਾਲਾ ਸੀ। ਬਲਬੀਰ ਸਿੰਘ ਦੀ ਪਤਨੀ 1983 ਵਿਚ ਸਵਰਗ ਸਿਧਾਰ ਗਏ ਸਨ। ਸਕੂਲ ਵਿਚ ਪੜ੍ਹਦਿਆਂ ਹੀ ਬਲਬੀਰ ਸਿੰਘ ਨੂੰ ਹਾਕੀ ਖੇਡਣ ਦਾ ਸ਼ੌਕ ਪੈਦਾ ਹੋ ਗਿਆ ਸੀ। ਆਪ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਪੜ੍ਹਦੇ ਸਨ ਤਾਂ ਹਾਕੀ ਦੇ ਕੋਚ ਹਰਬੇਲ ਸਿੰਘ ਨੇ ਆਪ ਨੂੰ ਹਾਕੀ ਖੇਡਦਿਆਂ ਵੇਖਿਆ ਤਾਂ ਉਨ੍ਹਾਂ ਨੂੰ ਬਲਬੀਰ ਸਿੰਘ ਵਿਚਲੀ ਪ੍ਰਤਿਭਾ ਨੇ ਕਾਇਲ ਕਰ ਦਿਤਾ। ਉਹ ਅੰਮ੍ਰਿਤਸਰ ਵਿਖੇ ਹਾਕੀ ਕੋਚ ਸਨ। ਹਰਬੇਲ ਸਿੰਘ ਨੇ ਬਲਬੀਰ ਸਿੰਘ ਨੂੰ 1942 ਵਿਚ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਤਬਦੀਲ ਕਰਵਾ ਲਿਆ ਅਤੇ ਆਪ ਕੋਚਿੰਗ ਦੇ ਕੇ ਤਿਆਰ ਕੀਤਾ। ਬਲਬੀਰ ਸਿੰਘ ਨੂੰ ਪੰਜਾਬ ਯੂਨੀਵਰਸਿਟੀ ਦੀ ਟੀਮ ਦਾ ਕੈਪਟਨ ਬਣਾਇਆ ਗਿਆ ਅਤੇ ਆਪਦੀ ਟੀਮ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਹਾਕੀ ਮੈਚ ਲਗਾਤਾਰ 1943, 44 ਅਤੇ 45 ਜਿੱਤਿਆ। ਫਿਰ ਆਪ ਲੁਧਿਆਣਾ ਆ ਕੇ ਵਸ ਗਏ। ਆਪਨੇ ਪੰਜਾਬ ਪੁਲਿਸ ਵਿਚ ਨੌਕਰੀ ਕਰ ਲਈ ਅਤੇ 1941 ਤੋਂ 1961 ਤਕ ਪੰਜਾਬ ਪੁਲਿਸ ਦੀ ਹਾਕੀ ਟੀਮ ਦੇ ਕੈਪਟਨ ਰਹੇ। ਆਪ ਨੂੰ ਸਪੋਰਟਸ ਦੇ ਕੋਟੇ ਵਿਚੋਂ 1957 ਵਿਚ ਪਦਮਸ਼੍ਰੀ ਦਾ ਖਿਤਾਬ ਦਿਤਾ ਗਿਆ। ਬਲਬੀਰ ਸਿੰਘ ਨੂੰ ਭਾਰਤ ਰਤਨ ਦਾ ਖਿਤਾਬ ਦੇਣਾ ਚਾਹੀਦਾ ਸੀ ਪ੍ਰੰਤੂ ਭਾਰਤ ਸਰਕਾਰ ਨੇ ਉਸ ਦੀਆਂ ਪ੍ਰਾਪਤੀਆਂ ਨੂੰ ਅਣਡਿਠ ਕੀਤਾ ਹੈ ਕਿਉਂਕਿ ਕੁਝ ਹੋਰ ਅਜਿਹੇ ਖਿਡਾਰੀਆਂ ਨੂੰ ਭਾਰਤ ਰਤਨ ਦਿਤਾ ਗਿਆ ਹੈ, ਜਿਨ੍ਹਾਂ ਦੀ ਯੋਗਤਾ ਅਤੇ ਕਾਰਗੁਜ਼ਾਰੀ ਬਲਬੀਰ ਸਿੰਘ ਤੋਂ ਬਹੁਤ ਘੱਟ ਸੀ। ਪੰਜਾਬ ਸਰਕਾਰ ਨੇ 2014 ਵਿਚ ਬਲਬੀਰ ਸਿੰਘ ਨੂੰ ਭਾਰਤ ਰਤਨ ਦੇਣ ਦੀ ਸਿਫਾਰਿਸ਼ ਕੀਤੀ ਸੀ ਪ੍ਰੰਤੂ ਕੇਂਦਰ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ। ਬਲਬੀਰ ਸਿੰਘ ਉਭਰਦੇ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਰਹੇਗਾ।■

ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
94178-13072

MAGZTER

ਕੋਰੋਨਾ ਪਰੂਫ ਤਕਨਾਲੋਜੀ

ਪੂਰੀ ਦੁਨੀਆ ਦੀਆਂ ਟੈਕ ਕੰਪਨੀਆਂ ਅਤੇ ਸਟਾਰਟਅੱਪ ਕੋਰੋਨਾ ਦੇ ਖਿਲਾਫ ਜੰਗ ਵਿਚ ਆਪਣੇ ਵਲੋਂ ਯੋਗਦਾਨ ਦੇਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸ ਬਿਮਾਰੀ ਤੋਂ ਬਚਾਉਣ, ਇਸ ਨੂੰ ਫੈਲਣ ਤੋਂ ਰੋਕਣ ਅਤੇ ਮਰੀਜ਼ਾਂ, ਡਾਕਟਰਾਂ ਦੀਆਂ ਸਹੂਲਤਾਂ ਵਧਾਉਣ ਦੇ ਲਈ ਇਹ ਸੈਂਕੜੇ ਗੈਜੇਟ ਬਣਾ ਰਹੀਆਂ ਹਨ। ਇਸ ਦੇ ਲਈ ਥ੍ਰੀਡੀ ਪ੍ਰਿੰਟਿੰਗ ਅਤੇ ਏ.ਆਈ. ਵਰਗੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚ ਕੁਝ ਅਜਿਹੇ ਗੈਜੇਟ ਵੀ ਹਨ ਜੋ ਭਵਿੱਖ ਵਿਚ ਵੀ ਬੀਮਾਰੀਆਂ ਅਤੇ ਮਹਾਂਮਾਰੀਆਂ ਤੋਂ ਬਚਣ ਵਿਚ ਸਾਡੀ ਮਦਦ ਕਰਨਗੇ।

ਕੋਰੋਨਾਓਵਨ :

ਬੈਂਗਲੂਰੂ ਦੇ ਲੱਗ 9 ਮਟੇਰਿਅਲਸ ਨੇ ਕੋਰੋਨਾਓਵਨ ਨਾਮ ਦਾ ਉਤਪਾਦ ਬਣਾਇਆ ਹੈ। ਜੋ ਵੱਖ-ਵੱਖ ਥਾਵਾਂ 'ਤੇ ਮੌਜੂਦ ਬੈਕਟੀਰੀਆ ਅਤੇ ਵਾਇਰਸ ਮਾਰ ਸਕਦਾ ਹੈ। ਇਸ ਦੇ ਲਈ ਇਹ ਅਲਟ੍ਰਾਵਾਇਲੇਟ ਸੀ-ਲਾਈਟ ਇਸਤੇਮਾਲ ਕਰਦਾ ਹੈ। ਇਸ ਦਾ ਡਿਜ਼ਾਈਨ ਇਕ ਚੈਂਬਰ ਵਾਂਗ ਹੈ, ਜਿਸ ਵਿਚ ਸਾਮਾਨ ਰਖ ਕੇ ਉਨ੍ਹਾਂ ਨੂੰ ਸੈਨੇਟਾਈਜ਼ ਕਰ ਸਕਦੇ ਹਨ। ਕੰਪਨੀ ਦਾ ਦਾਅਵਾ ਹੈ ਕਿ ਇਸ ਵਿਚ ਵਾਇਰਸ 10 ਮਿੰਟ ਵਿਚ ਖਤਮ ਹੋ ਸਕਦੇ ਹਨ। ਚੈਂਬਰ ਵੱਖ-ਵੱਖ ਆਕਾਰ ਵਿਚ ਉਪਲੱਬਧ ਹੋਣਗੇ।

ਦਰਵਾਜ਼ਿਆਂ ਲਈ ਹਾਈਜੀਨ ਹੁੱਕ :

ਲੰਡਨ ਦੀ ਡੀ.ਡੀ.ਬੀ. ਕੰਪਨੀ ਨੇ ਬਿਨਾਂ ਹੱਥ ਲਗਾਏ ਦਰਵਾਜ਼ਾ ਖੋਲ੍ਹਣ ਦੇ ਲਈ ਹਾਈਜੀਨ ਹੁੱਕ ਬਣਾਇਆ ਹੈ, ਜੋ ਇੰਨਾ ਛੋਟਾ ਹੈ ਕਿ ਆਸਾਨੀ ਨਾਲ ਜੇਬ ਵਿਚ ਫਿਟ ਹੋ ਜਾਂਦਾ ਹੈ। ਅਜਿਹਾ ਹੀ ਇਕ ਹੁੱਕ ਸਟੈਨਫੋਰਡ ਯੂਨੀਵਰਸਿਟੀ ਦੇ ਮਾਹਿਰਾਂ ਨੇ ਵੀ ਬਣਾਇਆ ਹੈ। ਇਹ ਸਾਰੇ ਅਜਿਹੇ ਮੈਟੀਰੀਅਲ ਨਾਲ ਬਣਾਏ ਜਾ ਰਹੇ ਹਨ ਜਿਨ੍ਹਾਂ ਨੂੰ ਸਾਫ ਕਰਨਾ ਆਸਾਨ ਹੈ ਅਤੇ ਜਿਨ੍ਹਾਂ 'ਤੇ ਵਾਇਰਸ ਜ਼ਿਆਦਾ ਦੇਰ ਤਕ ਨਾ ਟਿਕੇ।

ਐਂਟੀ-ਬੈਕਟੀਰੀਅਲ ਫੈਬਰਿਕ :

ਇਜ਼ਰਾਇਲ ਦੇ ਸਟਾਰਟਅੱਪ ਸੋਨੋਵਿਆ ਨੇ ਅਜਿਹਾ ਕੱਪੜਾ ਬਣਾਇਆ ਹੈ, ਜੋ ਰੋਗਾਣੂਆਂ, ਬੈਕਟੀਰੀਆ ਅਤੇ ਵਾਇਰਸ ਤੋਂ ਬਚਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਕੋਰੋਨਾ ਵਾਇਰਸ ਤੋਂ ਬਚਾਉਣ ਵਿਚ ਵੀ ਕਾਰਗਰ ਹੈ, ਇਸ ਲਈ ਕੰਪਨੀ ਇਜ਼ਰਾਈਲ ਵਿਚ ਇਸ ਫੈਬਰਿਕ ਨਾਲ ਬਣੇ 1.2 ਲੱਖ ਮਾਸਕ ਵੰਡ ਰਹੀ ਹੈ। ਇਸ ਫੈਬਰਿਕ ਨਾਲ ਡਾਕਟਰਾਂ ਅਤੇ ਸਿਹਤ ਕਰਮਚਾਰੀਆਂ ਦੇ ਕੱਪੜੇ ਵੀ ਬਣਾਏ ਜਾ ਸਕਦੇ ਹਨ। ਫੈਬਰਿਕ ਬਣਾਉਣ ਵਿਚ ਜ਼ਿੰਕ ਆੱਕਸਾਈਡ ਵਰਗੇ ਮੈਟਲ ਆੱਕਸਾਈਡ ਨੈਨੋਪਾਰਟਿਕਲਸ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਕੰਪਨੀ ਦਾ ਦਾਅਵਾ ਹੈ ਕਿ ਫੈਬਰਿਕ ਦੀ ਖੂਬੀ ਲੰਮੇ ਸਮੇਂ ਤਕ ਬਣੀ ਰਹੇਗੀ ਅਤੇ ਇਸ ਨੂੰ ਸੌ ਵਾਰ ਤਕ ਧੋ ਸਕਦੇ ਹੋ।

ਵਾਇਰਸ ਮਾਰਨ ਵਾਲਾ ਮਾਸਕ :

ਆਮ ਤੌਰ 'ਤੇ ਮਾਸਕ ਵਾਇਰਸ ਨੂੰ ਮੂੰਹ ਅਤੇ ਨੱਕ ਦੇ ਅੰਦਰ ਜਾਣ ਤੋਂ ਰੋਕਦੇ ਹਨ ਪਰ ਮਾਸਕ ਦੇ ਬਾਹਰੀ ਹਿੱਸੇ 'ਤੇ ਵਾਇਰਸ ਬਣਿਆ ਰਹਿ ਸਕਦਾ ਹੈ। ਇਸ ਦੇ ਹੱਲ ਲਈ ਲੰਡਨ ਦੀ ਕੰਪਨੀ ਵਾਇਰਸਟੈਟਿਕ ਨੇ ਅਜਿਹਾ ਮਾਸਕ ਬਣਾਇਆ ਹੈ ਜੋ ਵਾਇਰਸ ਨੂੰ ਅੰਦਰ ਜਾਣ ਤੋਂ ਰੋਕਣ ਤੋਂ ਇਲਾਵਾ ਉਸ ਨੂੰ ਮਾਰਦਾ ਵੀ ਹੈ। ਇਸ 'ਤੇ ਕੀਤੀ ਗਈ ਐਂਟੀਵਾਇਰਲ ਕੋਟਿੰਗ 96 ਪ੍ਰਤੀਸ਼ਤ ਵਾਇਰਸ ਤਕ ਮਾਰ ਸਕਦੀ ਹੈ।

MAGZTER

ਡਰੂਮ ਕੋਰੋਨਾ ਸ਼ੀਲਡ :

ਭਾਰਤੀ ਸਟਾਰਟਅੱਪ ਡਰੂਮ ਨੇ ਗੱਡੀਆਂ ਦੇ ਲਈ ਕੋਰੋਨਾ ਸ਼ੀਲਡ ਨਾਮ ਦੀ ਸਰਵਿਸ ਲਾਂਚ ਕੀਤੀ ਹੈ। ਇਸਦੇ ਅਧੀਨ ਅਜਿਹੀ ਐਂਟੀ-ਮਾਈਕ੍ਰੋਬਿਅਲ ਕੋਟਿੰਗ ਕੀਤੀ ਜਾਂਦੀ ਹੈ, ਜਿਸ ਵਿਚ ਗੱਡੀ ਦੀ ਸਤਹਿ 'ਤੇ ਬੈਕਟੀਰੀਆ, ਐਲਰਜੀ ਆਦਿ ਟਿਕ ਨਹੀਂ ਸਕਦੇ। ਇਸ ਵਿਚ ਮਾਈਕ੍ਰੋਬ ਸ਼ੀਲਡ ਟੈਕਨਾਲੋਜੀ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਕਾਰ ਨੂੰ ਸੈਨੇਟਾਈਜ਼ ਕਰਦੀ ਹੈ ਅਤੇ ਮਾਈਕ੍ਰੋਆੱਰਗਨਿਜ਼ਮ ਨੂੰ ਫੈਲਣ ਤੋਂ ਰੋਕਦੀ ਹੈ। ਕੰਪਨੀ ਦਾ ਦਾਅਵਾ ਹੈ ਕਿ ਇਕ ਵਾਰ ਇਹ ਟ੍ਰੀਟਮੇਂਟ ਕਰਵਾਉਣ 'ਤੇ ਇਸ ਦਾ ਅਸਰ 4 ਮਹੀਨੇ ਤਕ ਰਹਿ ਸਕਦਾ ਹੈ। ਕੰਪਨੀ ਅਜੇ ਗੁਰੂਗ੍ਰਾਮ ਵਿਚ ਪੁਲਿਸ ਦੀਆਂ ਗੱਡੀਆਂ 'ਤੇ ਇਸ ਦਾ ਇਸਤੇਮਾਲ ਕਰ ਰਹੀ ਹੈ।

ਫਿਟਜ ਪ੍ਰੋਟੈਕਟ ਕਸਟਮ ਗਲਾੱਸਿਜ :

ਅਮਰੀਕਾ ਦੀ ਕੰਪਨੀ ਫਿਟਜ ਫ੍ਰੇਮਸ ਥ੍ਰੀਡੀ ਪ੍ਰਿੰਟਿੰਗ ਨਾਲ ਬੱਚਿਆਂ ਦੇ ਚਸ਼ਮੇ ਬਣਾਉਂਦੀ ਹੈ। ਹੁਣ ਇਹ ਅਜਿਹੇ ਸੁਰੱਖਿਅਤ ਚਸ਼ਮੇ ਬਣਾ ਰਹੀ ਹੈ ਜੋ ਵਾਇਰਸ ਡ੍ਰਾੱਪਲੈਟਸ ਤੋਂ ਅੱਖਾਂ ਨੂੰ ਸੁਰੱਖਿਅਤ ਰਖਦੇ ਹਨ। ਇਨ੍ਹਾਂ ਨੂੰ ਬਣਾਉਣ ਦੇ ਲਈ ਪਹਿਲਾਂ ਐਪ ਦੀ ਮਦਦ ਨਾਲ ਯੂਜ਼ਰ ਦੇ ਚਿਹਰੇ ਦਾ ਨਾਪ ਲੈਂਦੇ ਹਨ ਅਤੇ ਅਜਿਹੇ ਚਸ਼ਮੇ ਬਣਾਏ ਜਾਂਦੇ ਹਨ, ਜੋ ਚਿਹਰੇ ਨਾਲ ਚਿਪਕੇ ਰਹਿੰਦੇ ਹਨ। ਇਹ ਖਾਸ ਤੌਰ 'ਤੇ ਡਾਕਟਰਾਂ ਦੇ ਲਈ ਬਹੁਤ ਉਪਯੋਗੀ ਹਨ।

ਸਮਾਰਟ ਥਰਮਲ ਇਮੇਜਿੰਗ ਗਾੱਗਲਸ :

ਚੀਨ ਦੇ ਸਟਾਰਟਅੱਪ ਨੇ ਰੋਕਿਡ ਨੇ ਅਜਿਹੇ ਸ਼ੀਸ਼ੇ ਬਣਾਏ ਹਨ, ਜੋ ਦੋ ਮਿੰਟ ਵਿਚ ਸੈਂਕੜੇ ਲੋਕਾਂ ਦਾ ਤਾਪਮਾਨ ਜਾਂਚ ਸਕਦੇ ਹਨ। ਇਨ੍ਹਾਂ ਚਸ਼ਮਿਆਂ ਵਿਚ ਥਰਮਲ ਇਮੇਜਿੰਗ ਕੈਮਰਾ ਲੱਗੇ ਹਨ। ਜਦੋਂ ਇਸ ਡਿਵਾਈਸ ਨੂੰ ਵਧੇ ਹੋਏ ਤਾਪਮਾਨ ਦੀ ਜਾਣਕਾਰੀ ਮਿਲਦੀ ਹੈ ਤਾਂ ਇਹ ਆਪਣੇ ਆਪ ਸੁਚੇਤ ਕਰ ਦਿੰਦਾ ਹੈ। ਚੀਨ ਵਿਚ ਕਈ ਸ਼ਹਿਰਾਂ ਵਿਚ ਸਕਿਓਰਿਟੀ ਗਾਰਡ ਇਨ੍ਹਾਂ ਚਸ਼ਮਿਆਂ ਦੀ ਵਰਤੋਂ ਕਰ ਰਹੇ ਹਨ। ਇਹ ਕਾਫੀ ਹੱਦ ਤਕ ਥਰਮਲ ਕੈਮਰੇ ਵਾਂਗ ਹਨ ਪਰ ਇਨ੍ਹਾਂ ਨੂੰ ਕੋਈ ਵਿਅਕਤੀ ਚਸ਼ਮੇ ਵਾਂਗ ਪਾ ਸਕਦਾ ਹੈ। ਇਸ ਨਾਲ ਵਿਅਕਤੀਗਤ ਰੂਪ ਨਾਲ ਨਿਗਰਾਨੀ ਕਰਨਾ ਆਸਾਨ ਹੋ ਜਾਂਦਾ ਹੈ।

ਇਮਿਊਟੱਚ ਰਿਸਟਬੈਂਡ/ਬ੍ਰੈਂਸਲੇਟ :

ਕਈ ਲੋਕਾਂ ਨੂੰ ਚਿਹਰੇ 'ਤੇ ਵਾਰ-ਵਾਰ ਹੱਥ ਲਗਾਉਣ, ਨਹੁੰ ਚਬਾਉਣ ਅਤੇ ਵਾਲਾਂ ਨੂੰ ਹੱਥ ਲਗਾਉਣ ਦੀ ਆਦਤ ਹੁੰਦੀ ਹੈ। ਕੋਰੋਨਾ ਦੇ ਇਸ ਦੌਰ ਵਿਚ ਇਹ ਆਦਤਾਂ ਖਤਰਨਾਕ ਹਨ। ਇਨ੍ਹਾਂ ਤੋਂ ਬਚਣ ਲਈ ਅਮਰੀਕਾ ਦੇ ਸਟਾਰਟਅੱਪ ਸਲਾਇਟਲੀ ਰੋਬੋਟ ਨੇ ਇਮਿਊਟੱਚ ਨਾਂ ਦਾ ਰਿਸਟਬੈਂਡ ਬਣਾਇਆ ਹੈ। ਜਦੋਂ ਵੀ ਇਸ ਬੈਂਡ ਦਾ ਉਪਭੋਗਤਾ ਹੱਥ ਚਿਹਰੇ ਦੇ ਕੋਲ ਲੈ ਜਾਂਦਾ ਹੈ, ਇਹ ਬੈਂਡ ਵਾਈਬ੍ਰੇਟ ਹੁੰਦਾ ਹੈ ਅਤੇ ਉਪਭੋਗਤਾ ਨੂੰ ਸੁਚੇਤ ਕਰਦਾ ਹੈ ਕਿ ਉਹ ਚਿਹਰੇ 'ਤੇ ਹੱਥ ਲਗਾਉਣ ਤੋਂ ਬਚੇ ■

MAGZTER

ਰਮੇਸ਼ ਬੱਗਾ ਚੋਹਲਾ
94631-32719

(24 ਜੂਨ ਜਨਮ ਦਿਨ 'ਤੇ ਵਿਸ਼ੇਸ਼)

ਪੰਥ ਦਾ ਕੀਮਤੀ ਰਤਨ ਮਾ. ਤਾਰਾ ਸਿੰਘ ਜੀ

ਦੁਨੀਆ ਵਿਚ ਬਹੁਤ ਸਾਰੇ ਅਜਿਹੇ ਲੋਕ ਜਨਮ ਲੈਂਦੇ ਰਹਿੰਦੇ ਹਨ ਜਿਨ੍ਹਾਂ ਦਾ ਜੀਵਨ ਉਨ੍ਹਾਂ ਦੇ ਆਪਣੇ ਆਪ ਤਕ ਜਾਂ ਉਨ੍ਹਾਂ ਦੇ ਪਰਿਵਾਰ ਤਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ ਭਾਵ ਉਹ ਜੋ ਕੁਝ ਵੀ ਕਰਦੇ ਹਨ ਉਸ ਦਾ ਸੁਖਦਾਈ ਜਾਂ ਦੁੱਖਦਾਈ ਪ੍ਰਭਾਵ ਉਨ੍ਹਾਂ ਦੇ ਅਤਿ ਨੇੜਲੇ ਘੇਰੇ ਵਿਚ ਹੀ ਸਿਮਟ ਕੇ ਰਹਿ ਜਾਂਦਾ ਹੈ। ਦੂਸਰੇ ਪਾਸੇ ਸੰਸਾਰ ਵਿਚ ਕੁਝ ਅਜਿਹੇ ਲੋਕਾਂ ਦੀ ਆਮਦ ਵੀ ਸਮੇਂ-ਸਮੇਂ ਹੁੰਦੀ ਰਹਿੰਦੀ ਹੈ ਜੋ ਨਾ ਸਿਰਫ ਆਪਣੇ ਆਪ ਲਈ ਹੀ ਜਿਉਂਦੇ ਹਨ ਸਗੋਂ ਆਪਣੇ ਦੇਸ਼ ਅਤੇ ਸਮਾਜ ਦੇ ਪ੍ਰਤੀ ਵੀ ਕੁਰਬਾਨੀ ਦਾ ਜਜ਼ਬਾ ਰੱਖਦੇ ਹਨ। ਇਸ ਜਜ਼ਬੇ ਕਾਰਨ ਉਹ ਲੋਕਾਈ ਦੇ ਸਦੀਵੀ ਸਤਿਕਾਰ ਦੇ ਪਾਤਰ ਬਣ ਜਾਂਦੇ ਹਨ ਜੋ ਯੁੱਗਾਂ-ਯੁਗਾਂਤਰਾਂ ਤਕ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ ਹੈ।

ਸਰਬਾਂਗੀ ਵਿਅਕਤੀਤਵ ਦੇ ਮਾਲਕ ਮਾਸਟਰ ਤਾਰਾ ਸਿੰਘ ਦਾ ਜਨਮ 24 ਜੂਨ, 1885 ਈਸਵੀ ਨੂੰ ਅਣਵੰਡੇ ਪੰਜਾਬ ਦੇ ਜ਼ਿਲ੍ਹਾ ਰਾਵਲਪਿੰਡੀ ਵਿਚ ਸਥਿਤ ਪਿੰਡ ਹਰਿਆਲ ਦੇ ਇਕ ਵਸਨੀਕ ਸ੍ਰੀ ਗੋਪੀ ਚੰਦ ਮਲਹੋਤਰਾ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦਾ ਮੁੱਢਲਾ ਨਾਮ ਨਾਨਕ ਚੰਦ ਸੀ ਪਰ ਸਿੱਖ ਧਰਮ ਵਿਚ ਅਥਾਹ ਸ਼ਰਧਾ ਅਤੇ ਵਿਸ਼ਵਾਸ ਹੋਣ ਕਾਰਨ ਉਨ੍ਹਾਂ ਨੇ ਸੰਤ ਅਤਰ ਸਿੰਘ ਜੀ ਕੋਲੋਂ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰ ਲਿਆ ਜਿਸ ਕਰਕੇ ਉਨ੍ਹਾਂ ਦਾ ਨਾਮਕਰਣ ਤਾਰਾ ਸਿੰਘ ਹੋ ਗਿਆ।

ਮਾਸਟਰ ਤਾਰਾ ਸਿੰਘ ਨੇ 1907 ਈ. ਵਿਚ ਬੀ.ਏ. ਪਾਸ ਕਰ ਲਈ ਅਤੇ ਉਚੇਰੀ ਪੜ੍ਹਾਈ (ਐੱਮ.ਏ.) ਕਰਨ ਲਈ ਸੈਂਟਰਲ ਟਰੇਨਿੰਗ ਕਾਲਜ ਲਾਹੌਰ ਵਿਚ ਦਾਖਲ ਹੋ ਗਏ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਲਾਇਲਪੁਰ ਜ਼ਿਲ੍ਹੇ ਦੇ ਇਕ ਖਾਲਸਾ ਹਾਈ ਸਕੂਲ ਵਿਖੇ ਮੁੱਖ ਅਧਿਆਪਕ ਨਿਯੁਕਤ ਹੋ ਗਏ। ਸੇਵਾ ਅਤੇ ਪਰਉਪਕਾਰ ਦੀ ਭਾਵਨਾ ਹੋਣ ਕਰਕੇ ਉਹ ਕੇਵਲ ਪੰਦਰਾਂ ਰੁਪਏ ਮਹੀਨਾ ਵੇਤਨ 'ਤੇ ਹੀ ਕੰਮ ਕਰਦੇ ਰਹੇ। ਘੱਟ ਵੇਤਨ ਲੈਣ ਦੇ ਬਾਵਜੂਦ ਵੀ ਉਹ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਦੇ ਸਨ। ਉਨ੍ਹਾਂ ਦੀ ਇਸ ਵਿਸ਼ੇਸ਼ ਲਗਨ ਅਤੇ ਮਿਹਨਤ ਸਦਕਾ ਖਾਲਸਾ ਹਾਈ ਸਕੂਲ ਬੇਹਤਰੀਨ ਸਕੂਲਾਂ ਦੀ ਕਤਾਰ ਵਿਚ ਸ਼ਾਮਿਲ ਹੋ ਗਿਆ। ਸਕੂਲ ਦੀ ਪ੍ਰਸਿੱਧੀ ਦੇ ਨਾਲ-ਨਾਲ ਮਾਸਟਰ ਤਾਰਾ ਸਿੰਘ ਜੀ ਵੀ ਹਰਮਨ ਪਿਆਰੇ (ਵਿਸ਼ੇਸ਼ ਕਰਕੇ ਲਾਇਲਪੁਰ ਦੇ ਇਲਾਕੇ ਵਿਚ) ਹੋਣ ਲੱਗ ਪਏ। ਕੁਝ ਕਾਰਨਾਂ ਕਰਕੇ ਮਾਸਟਰ ਜੀ ਨੂੰ ਇਸ ਸਕੂਲ ਦੀ ਮੁੱਖ-ਅਧਿਆਪਕੀ ਤੋਂ ਤਿਆਗ-ਪੱਤਰ ਦੇਣਾ ਪੈ ਗਿਆ। ਇਸ ਤੋਂ ਬਾਅਦ ਉਹ ਆਪਣੇ ਘਰੇਲੂ ਜ਼ਿਲ੍ਹੇ ਰਾਵਲਪਿੰਡੀ ਦੇ ਕੱਲਰ ਖਾਲਸਾ ਹਾਈ ਸਕੂਲ ਦੇ ਮੁੱਖ ਅਧਿਆਪਕ ਬਣ ਗਏ। ਮਾਸਟਰ ਤਾਰਾ ਸਿੰਘ ਜੀ ਦੀ ਯੋਗ ਅਗਵਾਈ ਹੇਠ ਕੱਲਰ ਸਕੂਲ ਨੇ ਪੰਥ ਨੂੰ ਅਜਿਹੇ ਹੀਰੇ (ਨੇਤਾ) ਦਿਤੇ ਜਿਨ੍ਹਾਂ ਨੇ ਦੇਸ਼/ਪੰਥ ਦੀ ਖਾਤਿਰ ਸੇਵਾ ਦੇ ਨਾਲ-ਨਾਲ ਜੀਵਨ ਵੀ ਲੇਖੇ ਲਾ ਦਿਤਾ। ਉਸ ਵਕਤ ਮਾਸਟਰ ਜੀ ਦੇ ਨਾਲ ਲਾਲ ਸਿੰਘ ਕਮਲਾ ਅਕਾਲੀ, ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ, ਗਿਆਨੀ ਹੀਰਾ ਸਿੰਘ ਦਰਦ ਅਤੇ ਮਾਸਟਰ ਸੁਜਾਨ ਸਿੰਘ ਜੀ ਸਰਹਾਲੀ ਵੀ ਕੰਮ ਕਰਦੇ ਸਨ।

ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਹੋ ਜਾਣ ਕਰਕੇ ਮਾਸਟਰ ਤਾਰਾ ਸਿੰਘ ਜੀ ਅੰਮ੍ਰਿਤਸਰ ਆ ਗਏ ਅਤੇ ਉਸ ਵਕਤ ਦੀ ਚਰਚਿਤ ਅਖ਼ਬਾਰ 'ਅਕਾਲੀ' ਦੇ ਸੰਪਾਦਕ ਬਣ ਗਏ। ਇਸ ਖ਼ੂਨੀ ਸਾਕੇ ਕਾਰਨ ਸਿੱਖ ਭਾਈਚਾਰੇ ਵਿਚ ਰੁੱਸੇ ਦੀ ਅੱਗ ਭੜਕ ਪਈ ਅਤੇ ਸਿੱਖ ਆਗੂਆਂ ਨੇ ਨਿਰਣਾ ਲਿਆ ਕਿ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣਾ ਚਾਹੀਦਾ ਹੈ।

ਜਦੋਂ ਬਾਬਾ ਖੜਕ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਮਾਸਟਰ ਤਾਰਾ ਸਿੰਘ ਜੀ ਨੂੰ ਇਸ ਕਮੇਟੀ ਦਾ ਸਕੱਤਰ ਬਣਾਇਆ ਗਿਆ। ਇਸ ਕਮੇਟੀ ਵਿਚ ਅੰਗਰੇਜ਼ ਸਰਕਾਰ ਦੇ ਨਾਲ ਨਾ ਮਿਲਵਰਤਣ ਦਾ ਮਤਾ ਪਾਸ ਕੀਤਾ ਗਿਆ ਜਿਸ ਦੇ ਪਾਸ ਹੋਣ ਨਾਲ ਅਕਾਲੀਆਂ ਅਤੇ ਅੰਗਰੇਜ਼ਾਂ ਦਾ ਸਿੱਧਾ ਮੁਕਾਬਲਾ ਹੋ ਗਿਆ। ਮਾਸਟਰ ਜੀ ਨੇ ਅੰਮ੍ਰਿਤਸਰ ਦਫ਼ਤਰ ਵਿਚ ਰਹਿ ਕੇ ਪੰਥ ਦੀ ਚੜ੍ਹਦੀਕਲਾ ਲਈ ਦਿਨ-ਰਾਤ ਇਕ ਕਰਕੇ ਕੰਮ ਕਰਨਾ ਆਰੰਭ ਕਰ ਦਿਤਾ। ਪ੍ਰੋ. ਨਿਰੰਜਨ ਸਿੰਘ ਦੇ ਸਹਿਯੋਗ ਸਦਕਾ ਉਨ੍ਹਾਂ ਨੇ ਬਹੁਤ ਸਾਰੇ ਇਸ਼ਤਿਹਾਰ, ਪੈਂਫਲਟ ਤੇ ਟਰੈਕਟ ਲਿਖ ਕੇ ਦੂਰ-ਦੁਰਾਡੇ ਤਕ ਭੇਜੇ ਜਿਸ ਨਾਲ ਕੌਮ ਵਿਚ ਇਕ ਜਾਗ੍ਰਤੀ ਪੈਦਾ ਹੋ ਗਈ।

ਪੰਥ ਵਿਚ ਆਈ ਜਾਗ੍ਰਤੀ ਕਾਰਨ ਸਭ ਤੋਂ ਪਹਿਲਾਂ ਚਾਬੀਆਂ ਦਾ ਮੋਰਚਾ ਲਗਾਇਆ ਗਿਆ। ਇਸ ਮੋਰਚੇ ਵਿਚ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਜੀ ਨੇ ਅੱਗੇ ਵਧ ਕੇ ਗ੍ਰਿਫ਼ਤਾਰੀ ਦਿਤੀ। ਇਸ ਮੋਰਚੇ ਦੀ ਜਿੱਤ ਤੋਂ ਬਾਅਦ 'ਗੁਰੂ ਕੇ ਬਾਗ' ਅਤੇ 'ਜੈਤੋ' ਦਾ ਮੋਰਚਾ ਲੱਗ ਗਿਆ। ਇਨ੍ਹਾਂ ਮੋਰਚਿਆਂ ਵਿਚ ਸ਼ਾਮਿਲ ਜਥਿਆਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ ਅਤੇ ਸ਼੍ਰੋਮਣੀ ਕਮੇਟੀ ਨੂੰ ਕਾਨੂੰਨ ਵਿਰੋਧੀ ਕਰਾਰ ਦਿਤਾ ਗਿਆ। ਕਮੇਟੀ ਦੇ ਅੰਤ੍ਰਿਗ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਉਪਰ ਮੁਕੱਦਮਾ ਚਲਾਇਆ ਗਿਆ। ਇਨ੍ਹਾਂ ਗ੍ਰਿਫ਼ਤਾਰ ਮੈਂਬਰਾਂ ਵਿਚ ਮਾਸਟਰ ਤਾਰਾ ਸਿੰਘ ਵੀ ਸ਼ਾਮਿਲ ਸਨ। ਦੇਸ਼ ਭਗਤੀ ਦੀ ਭਾਵਨਾ ਪ੍ਰਬਲ ਹੋਣ ਕਰਕੇ ਮਾਸਟਰ ਤਾਰਾ ਸਿੰਘ ਵਿਦੇਸ਼ੀ ਰਾਜ ਤੋਂ ਮੁਕਤੀ ਤਾਂ ਚਾਹੁੰਦੇ ਸਨ ਪਰ ਉਹ ਸਿੱਖ ਹਿੱਤਾਂ ਨੂੰ ਕੁਰਬਾਨ ਨਹੀਂ ਸੀ ਹੋਣ ਦੇਣਾ ਚਾਹੁੰਦੇ। ਉਹ ਅਕਸਰ ਕਿਹਾ ਕਰਦੇ ਸਨ ਕਿ 'ਮੈਂ ਮਰਾਂ, ਪੰਥ ਜੀਵੇ' ਅਤੇ 'ਸਿੱਖੋ ਜੇ ਮੈਂ ਮਾੜਾ ਹਾਂ ਤਾਂ ਮੈਨੂੰ ਮਾਰ ਦਿਉ, ਪੰਥ ਨੂੰ ਨਾ ਮਾਰੋ'। ਆਪਣੇ ਇਨ੍ਹਾਂ ਬੋਲਾਂ ਨੂੰ ਜੀਵਤ ਰੱਖਣ ਲਈ ਉਹ ਹਮੇਸ਼ਾ ਹੀ ਸਿੱਖ ਹਿੱਤਾਂ ਲਈ ਲੜਦੇ ਰਹੇ।

ਮਾਸਟਰ ਤਾਰਾ ਸਿੰਘ ਦਾ ਜੀਵਨ ਇਕ ਧ੍ਰੂ ਤਾਰੇ ਵਰਗਾ ਰਿਹਾ ਹੈ। ਉਨ੍ਹਾਂ ਦਾ ਸ਼ੁਮਾਰ ਕੌਮ ਦੇ ਚੋਣਵੇਂ ਰਾਹ ਦਸੇਰਿਆਂ ਵਿਚ ਕੀਤਾ ਜਾਂਦਾ ਹੈ। ਨਿਧੜਕ ਹੋਣ ਦੇ ਨਾਲ-ਨਾਲ ਉਹ ਨਿਡਰ ਵੀ ਸਨ। ਔਖਿਆਲਿਆਂ ਵਕਤਾਂ ਵਿਚ ਉਹ ਕਦੇ ਡੋਲਦੇ ਨਹੀਂ ਸਨ ਅਤੇ ਤਤਕਾਲ ਨਿਰਣਾ ਲੈ ਲਿਆ ਕਰਦੇ ਸਨ। ਕੋਈ ਵੀ ਪੰਥਕ ਪ੍ਰੋਗਰਾਮ ਅਜਿਹਾ ਨਹੀਂ ਕਿਹਾ ਜਾ ਸਕਦਾ ਜਿਸ ਵਿਚ ਮਾਸਟਰ ਤਾਰਾ ਸਿੰਘ ਦੀ ਅਹਿਮ ਭੂਮਿਕਾ ਨਾ ਰਹੀ ਹੋਵੇ। ਪੰਥ ਲਈ ਮਰ-ਮਿਟਣ ਦੀ ਭਾਵਨਾ ਰੱਖਣ ਵਾਲਾ ਇਹ ਅਨਮੋਲ ਰਤਨ ਆਪਣਾ ਜੀਵਨ ਸਫ਼ਰ ਸਮਾਪਤ ਕਰਕੇ 22 ਨਵੰਬਰ, 1967 ਨੂੰ ਕੌਮ ਨੂੰ ਆਪਣੀ ਆਖਰੀ ਫ਼ਤਿਹ ਬੁਲਾ ਗਿਆ।■

MAGZTER